@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 14 March 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 14 ਮਾਰਚ 2026, 29 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 128, qpatrika@gmail.com ਫੋਨ : 9971359517 www.qaumipatrika.org

# ਵਿਰੋਧੀ ਧਿਰ ਨੇ ਬਿਰਲਾ ਨੂੰ ਅੱਠ ਸੰਸਦ ਮੈਂਬਰਾਂ ਦੀ ਮੁਅੱਤਲੀ ਰੱਦ ਕਰਨ ਦੀ ਕੀਤੀ ਅਪੀਲ

ਕੌਮੀ ਪਤ੍ਰਿਕਾ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 13 ਮਾਰਚ। ਵਿਰੋਧੀ ਪਾਰਟੀਆਂ ਨੇ ਸਰਕਾਰ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅੱਠ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਰੱਦ ਕਰਨ ਦੀ ਅਪੀਲ ਕੀਤੀ ਹੈ। ਕਾਂਗਰਸ ਸੂਤਰਾਂ ਨੇ ਦੱਸਿਆ ਕਿ ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ, ਸਮਾਜਵਾਦੀ ਪਾਰਟੀ ਦੇ ਧਰਮਿੰਦਰ ਯਾਦਵ, ਰਾਸ਼ਟਰਵਾਦੀ ਕਾਂਗਰਸ ਪਾਰਟੀ ਦੀ ਸੁਪ੍ਰੀਆ ਸੁਲੇ, ਡੀ.ਐਮ.ਕੇ. ਸੰਸਦ ਮੈਂਬਰ ਕਨੀਮੋਝੀ ਅਤੇ ਤ੍ਰਿਣਮੂਲ ਕਾਂਗਰਸ ਦੀ ਸ਼ਤਾਬਦੀ ਰਾਏ ਨੇ ਵੀਰਵਾਰ ਨੂੰ ਸੰਸਦੀ ਮਾਮਲਿਆਂ ਦੇ ਮੰਤਰੀ ਕਿਰੇਨ ਰਿਜਿਜੂ ਨਾਲ ਮੁਲਾਕਾਤ ਕੀਤੀ ਅਤੇ ਅੱਠ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਨੂੰ ਰੱਦ ਕਰਨ ਦੀ ਮੰਗ ਕੀਤੀ। ਸੂਤਰਾਂ ਅਨੁਸਾਰ ਰਿਜਿਜੂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਲੋਕ ਸਭਾ ਸਪੀਕਰ ਕੋਲ ਉਠਾਉਣਗੇ। ਸੂਤਰਾਂ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਵਪਾਰ ਸਲਾਹਕਾਰ ਕਮੇਟੀ (ਬੀਏਸੀ) ਦੀ ਮੀਟਿੰਗ ਦੌਰਾਨ ਕਾਂਗਰਸ ਦੇ ਮੁੱਖ ਵ?ਹਿਪ ਕੋਡਿਕੁਨਿਲ ਸੁਰੇਸ਼ ਨੇ ਬਿਰਲਾ ਅਤੇ ਰਿਜਿਜੂ ਨਾਲ ਦੁਬਾਰਾ ਇਹ ਮੁੱਦਾ ਉਠਾਇਆ। ਸੂਤਰਾਂ ਨੇ ਇਹ ਵੀ ਕਿਹਾ, ਰਿਜਿਜੂ ਨੇ ਵਿਰੋਧੀ ਧਿਰ ਨੂੰ ਕਿਹਾ ਹੈ ਕਿ ਉਹ ਇਸ ਮੁੱਦੇ 'ਤੇ ਸਲਾਹ-ਮਸ਼ਵਰੇ ਤੋਂ ਬਾਅਦ ਉਨ੍ਹਾਂ ਨਾਲ ਸੰਪਰਕ ਕਰਨਗੇ। ਸੂਤਰਾਂ



ਨੇ ਦੱਸਿਆ ਕਿ ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਦਾ ਮੁੱਦਾ ਵਿਰੋਧੀ ਧਿਰ ਅਤੇ ਸਰਕਾਰ ਵਿਚਕਾਰ ਟਕਰਾਅ ਦਾ ਮੁੱਦਾ ਹੈ। ਵਿਰੋਧੀ ਧਿਰ ਪੱਛਮੀ ਏਸ਼ੀਆ ਟਕਰਾਅ ਅਤੇ ਭਾਰਤ ਦੀ ਊਰਜਾ ਸੁਰੱਖਿਆ 'ਤੇ ਵੀ ਚਰਚਾ ਦੀ ਮੰਗ ਕਰ ਰਹੀ ਹੈ। 3 ਫਰਵਰੀ ਨੂੰ ਬਜਟ ਸੈਸ਼ਨ ਦੇ ਪਹਿਲੇ ਪੜਾਅ ਦੌਰਾਨ ਸਦਨ ਦੇ ਵੈੱਲ ਵੱਲ ਕਾਗਜ਼ ਸੁੱਟਣ ਦੇ ਦੋਸ਼ ਹੇਠ ਅੱਠ ਵਿਰੋਧੀ ਸੰਸਦ ਮੈਂਬਰਾਂ ਨੂੰ ਬਜਟ ਸੈਸ਼ਨ ਦੇ ਬਾਕੀ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ ਸੀ। ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਵਿੱਚ ਮਨਿਕਮ ਟੈਗੋਰ, ਅਮਰਿੰਦਰ ਸਿੰਘ ਰਾਜਾ ਵਾਰਿੰਗ, ਗੁਰਜੀਤ ਸਿੰਘ ਔਜਲਾ, ਹਿਬੀ ਈਡਨ, ਡੀਨ ਕੁਰੀਆਕੋਸ, ਪ੍ਰਸ਼ਾਂਤ ਪਡੋਲੇ, ਕਾਂਗਰਸ ਪਾਰਟੀ ਦੇ ਕਿਰਨ ਕੁਮਾਰ ਰੈਡੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਐਸ. ਵੈਂਕਟੇਸਨ ਸ਼ਾਮਲ ਹਨ। ਮੁਅੱਤਲੀ ਤੋਂ ਬਾਅਦ ਇਹ ਸੰਸਦ ਮੈਂਬਰ ਸੰਸਦ ਦੀ ਕਾਰਵਾਈ ਵਾਲੇ ਦਿਨ ਮਕਰ ਦੁਆਰ 'ਤੇ ਧਰਨਾ ਦਿੰਦੇ ਆ ਰਹੇ ਹਨ।

## 32 ਸਾਲਾ ਨੌਜਵਾਨ ਨੂੰ ਮਿਲੀ 'ਮਰਨ' ਦੀ ਇਜਾਜ਼ਤ ! ਸੁਪਰੀਮ ਕੋਰਟ ਨੇ ਸੁਣਾਇਆ ਫ਼ੈਸਲਾ

ਨਵੀਂ ਦਿੱਲੀ 13 ਮਾਰਚ। ਸੁਪਰੀਮ ਕੋਰਟ ਨੇ ਇਕ ਅਜਿਹਾ ਫੈਸਲਾ ਸੁਣਾਇਆ ਹੈ ਜੋ ਕਾਨੂੰਨੀ ਪੱਖ ਤੋਂ ਜਿੰਨਾ ਅਹਿਮ ਹੈ, ਮਨੁੱਖੀ ਪੱਖ ਤੋਂ ਓਨਾ ਹੀ ਦਰਦਨਾਕ। ਅਦਾਲਤ ਨੇ ਪਿਛਲੇ 12 ਸਾਲਾਂ ਤੋਂ ਕੋਮਾ 'ਚ ਪਏ ਗਾਜ਼ੀਆਬਾਦ ਦੇ 32 ਸਾਲਾ ਹਰੀਸ਼ ਰਾਣਾ ਨੂੰ 'ਪੈਸਿਵ ਯੂਥਨੇਸ਼ੀਆ' (ਨਿਸ਼ਕਿਰਿਆ ਇੱਛਾ ਮੌਤ) ਦੇਣ ਦੀ ਮਨਜ਼ੂਰੀ ਦੇ ਦਿੱਤੀ ਹੈ। ਹਰੀਸ਼ 2013 'ਚ ਇਕ ਇਮਾਰਤ ਦੀ ਚੌਥੀ ਮੰਜ਼ਿਲ ਤੋਂ ਡਿੱਗ ਗਿਆ ਸੀ, ਜਿਸ ਕਾਰਨ ਉਸ ਦੇ ਸਿਰ 'ਤੇ ਗੰਭੀਰ ਸੱਟ ਲੱਗੀ ਸੀ ਅਤੇ ਉਦੋਂ ਤੋਂ ਉਹ ਮਸ਼ੀਨਾਂ ਦੇ ਸਹਾਰੇ ਜਿਉਂਦਾ ਸੀ। ਉਹ ਪੰਜਾਬ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ



ਦੀ ਬੈਂਚ ਨੇ ਏਮਜ਼ ਨੂੰ ਨਿਰਦੇਸ਼ ਦਿੱਤੇ ਹਨ ਕਿ ਹਰੀਸ਼ ਨੂੰ 'ਪੈਲੀਏਟਿਵ ਕੇਅਰ' (ਉਪਸ਼ਾਮਕ ਦੇਖਭਾਲ) 'ਚ ਦਾਖਲ ਕੀਤਾ ਜਾਵੇ। ਅਦਾਲਤ ਨੇ ਸਾਫ਼ ਕਿਹਾ ਕਿ ਹਰੀਸ਼ ਦਾ ਇਲਾਜ ਇਕ ਸੁਚੱਜੇ ਅਤੇ ਯੋਜਨਾਬੱਧ ਤਰੀਕੇ ਨਾਲ ਬੰਦ ਕੀਤਾ ਜਾਵੇ ਤਾਂ ਜੋ ਉਸ ਦੀ ਮੌਤ 'ਗਰਿਮਾ' ਨਾਲ ਹੋ ਸਕੇ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਹਰੀਸ਼ ਦੇ ਮਾਤਾ-ਪਿਤਾ ਨਾਲ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਸੀ। ਏਮਜ਼ ਦੇ ਮੈਡੀਕਲ ਬੋਰਡ ਨੇ ਅਦਾਲਤ ਨੂੰ ਦੱਸਿਆ ਕਿ ਹਰੀਸ਼ ਦੇ ਠੀਕ ਹੋਣ ਦੀ ਸੰਭਾਵਨਾ ਬਿਲਕੁਲ 'ਜ਼ੀਰੋ' ਹੈ। ਅਦਾਲਤ ਨੇ ਮੈਡੀਕਲ ਰਿਪੋਰਟ ਨੂੰ ਵੇਖਦਿਆਂ ਟਿੱਪਣੀ ਕੀਤੀ ਕਿ ਨੌਜਵਾਨ ਦੀ ਹਾਲਤ ਬੇਹੱਦ ਦੁਖਦਾਈ ਹੈ ਅਤੇ ਉਸ ਨੂੰ ਅਜਿਹੀ ਸਥਿਤੀ 'ਚ ਰੱਖਣਾ ਕਿਸੇ ਤਸੀਹੇ ਤੋਂ ਘੱਟ ਨਹੀਂ। ਪੈਸਿਵ ਯੂਥਨੇਸ਼ੀਆ ਦਾ ਮਤਲਬ ਹੈ ਕਿ ਜਦੋਂ ਕਿਸੇ ਮਰੀਜ਼ ਦੇ ਬਚਣ ਦੀ ਕੋਈ ਉਮੀਦ ਨਾ ਹੋਵੇ, ਤਾਂ ਉਸ ਨੂੰ ਜਿਉਂਦਾ ਰੱਖਣ ਲਈ ਦਿੱਤੀਆਂ ਜਾ ਰਹੀਆਂ ਦਵਾਈਆਂ ਜਾਂ ਲਾਈਫ ਸਪੋਰਟ ਸਿਸਟਮ (ਵੈਂਟੀਲੇਟਰ ਆਦਿ) ਨੂੰ ਹਟਾ ਦਿੱਤਾ ਜਾਂਦਾ ਹੈ। ਸੁਪਰੀਮ ਕੋਰਟ ਦੇ 2023 ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ, ਅਜਿਹੇ ਮਾਮਲਿਆਂ 'ਚ ਮਾਹਿਰ ਡਾਕਟਰਾਂ ਦੇ ਦੋ ਬੋਰਡਾਂ (ਪ੍ਰਾਇਮਰੀ ਅਤੇ ਸੈਕੰਡਰੀ) ਦੀ ਰਾਏ ਲੈਣੀ ਲਾਜ਼ਮੀ ਹੁੰਦੀ ਹੈ।

## ਜੰਮੂ-ਕਸ਼ਮੀਰ ਕ੍ਰਿਕਟ ਐਸੋਸੀਏਸ਼ਨ ਘੁਟਾਲਾ ! ਫਾਰੂਕ ਅਬਦੁੱਲਾ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ

ਸ਼੍ਰੀਨਗਰ 13 ਮਾਰਚ। ਜੰਮੂ-ਕਸ਼ਮੀਰ ਕ੍ਰਿਕਟ ਐਸੋਸੀਏਸ਼ਨ 'ਚ ਹੋਈਆਂ ਕਥਿਤ ਵਿੱਤੀ ਬੇਨਿਯਮੀਆਂ ਦੇ ਮਾਮਲੇ 'ਚ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਸ਼੍ਰੀਨਗਰ ਦੀ ਇੱਕ ਸਥਾਨਕ ਅਦਾਲਤ ਨੇ ਵੀਰਵਾਰ ਨੂੰ ਅਬਦੁੱਲਾ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ। ਮੁੱਖ ਜੁਡੀਸ਼ੀਅਲ ਮੈਜਿਸਟ?ਰੇਟ ਸ਼੍ਰੀਨਗਰ, ਤਬੱਸੁਮ ਨੇ ਇਹ ਵਾਰੰਟ ਉਦੋਂ ਜਾਰੀ ਕੀਤਾ ਜਦੋਂ ਫਾਰੂਕ ਅਬਦੁੱਲਾ ਨਿੱਜੀ ਤੌਰ 'ਤੇ ਜਾਂ ਵਰਚੁਅਲ ਮਾਧਿਅਮ ਰਾਹੀਂ ਅਦਾਲਤ 'ਚ ਪੇਸ਼ ਹੋਣ 'ਚ ਅਸਫਲ ਰਹੇ। ਅਦਾਲਤ ਨੇ ਉਨ੍ਹਾਂ ਦੀ ਨਿੱਜੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਨੂੰ ਵੀ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਇਸੇ ਮਾਮਲੇ 'ਚ ਇੱਕ ਹੋਰ ਦੋਸ਼ੀ ਮੰਜ਼ੂਰ ਗਜ਼ਨਫਰ ਅਲੀ ਦੀ ਛੋਟ ਦੀ ਅਰਜ਼ੀ ਵੀ ਰੱਦ ਕਰ ਦਿੱਤੀ ਅਤੇ ਉਸ ਵਿਰੁੱਧ ਵੀ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ। ਅਦਾਲਤ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਦੋਸ਼ੀ ਅਦਾਲਤ 'ਚ ਪੇਸ਼ ਨਹੀਂ ਹੁੰਦਾ ਤਾਂ ਉਚਿਤ ਕਾਰਵਾਈ ਕੀਤੀ ਜਾਵੇਗੀ। ਮਾਮਲੇ ਦੀ ਅਗਲੀ ਸੁਣਵਾਈ 30 ਮਾਰਚ ਨੂੰ ਤੈਅ ਕੀਤੀ ਗਈ ਹੈ। ਇਹ ਮਾਮਲਾ ਜੰਮੂ-ਕਸ਼ਮੀਰ ਕ੍ਰਿਕਟ ਐਸੋਸੀਏਸ਼ਨ 'ਚ ਲਗਭਗ 43 ਕਰੋੜ ਰੁਪਏ ਦੇ ਫੰਡਾਂ ਦੀ ਕਥਿਤ ਹੇਰਾਫੇਰੀ ਨਾਲ ਸਬੰਧਤ ਹੈ।

# ਪੰਜਾਬ 'ਚ ਗੈਂਗਸਟਰਾਂ ਦਾ ਰਾਜ, ਰੋਜ਼ਾਨਾ ਵਪਾਰੀਆਂ ਤੋਂ ਮੰਗੀਆਂ ਜਾ ਰਹੀਆਂ ਫਿਰੌਤੀਆਂ: ਸੁਖਬੀਰ ਬਾਦਲ

ਕੌਮੀ ਪਤ੍ਰਿਕਾ

ਮੋਗਾ/ਬਾਘਾ ਪੁਰਾਣਾ 13 ਮਾਰਚ। ਸ਼?ਰੋਮਣੀ ਅਕਾਲੀ ਦਲ ਵੱਲੋਂ ਬਾਘਾ ਪੁਰਾਣਾ ਵਿਖੇ 'ਪੰਜਾਬ ਬਚਾਓ ਯਾਤਰਾ' ਦੀ 13ਵੀਂ ਰੈਲੀ ਕੀਤੀ ਗਈ। ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਿੱਥੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ, ਉੱਥੇ ਹੀ ਪੰਜਾਬ ਨੂੰ ਮੁੜ ਵਿਕਾਸ ਦੀਆਂ ਲੀਹਾਂ 'ਤੇ ਲਿਆਉਣ ਲਈ ਕਈ ਅਹਿਮ ਐਲਾਨ ਕੀਤੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੈਂ ਮਾਣ ਨਾਲ ਕਹਿੰਦਾ ਹਾਂ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਲੰਬੀ ਹਲਕੇ ਤੋਂ ਵੀ ਵੱਧ ਲੀਡ ਬਾਘਾ ਪੁਰਾਣਾ ਤੋਂ ਹੁੰਦੀ ਰਹੀ ਹੈ। ਮੋਗਾ ਸ਼ਹਿਰ ਵਿਚ ਜਿੰਨੇ ਵੀ ਕੰਪਲੈਕਸ ਬਣੇ ਹੋਏ ਹਨ, ਉਹ ਸਾਰੇ ਹੀ ਅਕਾਲੀ ਦਲ ਦੀ ਦੇਣ ਹਨ। ਪੰਜਾਬ ਦੇ ਹਾਲਾਤ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪੰਜਾਬ ਵਿਚ ਅੱਜ ਫਿਰੌਤੀ ਦੀਆਂ ਕਾਲਾਂ ਆ ਰਹੀਆਂ ਹਨ। ਗੈਂਗਸਟਰਾਂ ਦਾ ਰਾਜ ਚੱਲ ਰਿਹਾ ਹੈ। ਵਪਾਰੀਆਂ ਕੋਲੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਅੱਜ ਨਸ਼ੇ ਦੀ ਵਿਕਰੀ ਘਰ-ਘਰ ਕੀਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਵਾਲੇ ਦੋਵੇਂ ਹੱਥਾਂ ਨਾਲ ਪੰਜਾਬ ਨੂੰ ਲੁੱਟਣ ਵਿਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਭਾਵੇਂ ਭਾਜਪਾ, ਕਾਂਗਰਸ ਭਾਵੇਂ ਆਮ ਆਦਮੀ ਪਾਰਟੀ ਹੋਵੇ, ਜਿਨ੍ਹਾਂ ਦਰਦ ਲੋਕਾਂ ਦੇ ਪ੍ਰਤੀ ਅਕਾਲੀ ਦਲ ਵਿਚ ਰਿਹਾ ਹੈ, ਉਹ ਕਿਸੇ ਵੀ ਪਾਰਟੀ ਵਿਚ ਨਹੀਂ ਹੈ। ਪੰਜਾਬ ਵਿਚ ਮਾਹੌਲ ਖ਼ਰਾਬ ਕਰਨ ਵਾਲੇ ਝਾੜੂ ਵਾਲੇ ਹੀ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਖ਼ਤਮ ਕਰਨ ਲਈ ਮੈਨੂੰ




ਨਿਸ਼ਾਨਾ ਬਣਾਇਆ ਗਿਆ ਕਿ ਸੁਖਬੀਰ ਸਿੰਘ ਬਾਦਲ ਨੂੰ ਸਿਆਸਤ ਵਿਚੋਂ ਕੱਢਿਆ ਜਾਵੇ। ਵਿਰੋਧੀ ਧਿਰਾਂ ਵੱਲੋਂ ਮੇਰੇ 'ਤੇ ਹਮਲੇ ਤੱਕ ਕਰਵਾਏ ਗਏ ਪਰ ਪਰਮਾਤਮਾ ਨੇ ਮੈਨੂੰ ਬਚਾ ਕੇ ਰੱਖਿਆ। ਇਸ ਦੌਰਾਨ ਉਨ੍ਹਾਂ ਵੱਡੇ ਐਲਾਨ ਕਰਦੇ ਹੋਏ ਪੰਜਾਬੀ ਸੱਭਿਆਚਾਰ ਅਤੇ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵਰਲਡ ਕੱਪ ਕਬੱਡੀ, ਪਸ਼ੂ ਮੇਲੇ ਅਤੇ ਪਿੰਡਾਂ ਵਿੱਚ 'ਸੀਪ'ਵਰਗੀਆਂ ਖੇਡਾਂ ਦੇ ਮੁਕਾਬਲੇ ਕਰਵਾਉਣ ਦਾ ਵੀ ਭਰੋਸਾ ਦਿੱਤਾ। ਸਾਡੀ ਸਰਕਾਰ ਆਉਣ 'ਤੇ ਪੰਜਾਬ ਦੇ ਹਰ ਪਿੰਡ ਦੀ ਗਲੀ ਸੀਮੇਂਟ ਨਾਲ ਪੱਕਾ ਕਰਕੇ ਬਣਾਇਆ ਜਾਵੇਗਾ। ਸੁਖਬੀਰ ਸਿੰਘ ਬਾਦਲ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਜੇਕਰ 2027 ਵਿਚ ਸਾਡੀ ਸਰਕਾਰ ਆਈ ਤਾਂ ਪੰਜਾਬ ਦੇ ਦਰਿਆਵਾਂ ਵਿਚ ਇਕ ਵੀ ਕਿਸੇ ਫੈਕਟਰੀ, ਸੀਵਰੇਜ ਦਾ ਪਾਣੀ ਨਹੀਂ ਜਾਣ ਦਿੱਤਾ ਜਾਵੇਗਾ। ਇਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਸਾਡੀ ਸਰਕਾਰ ਆਉਣ 'ਤੇ ਫਿਰ ਤੋਂ ਕਬੱਡੀ ਵਰਲਡ ਕੱਪ ਸ਼ੁਰੂ ਕੀਤਾ ਜਾਵੇਗਾ। ਸੁਖਬੀਰ ਬਾਦਲ ਨੇ ਵਾਅਦਾ ਕੀਤਾ ਕਿ ਜੇਕਰ 2027 ਵਿੱਚ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ ਪੰਜਾਬ 'ਚ 75 ਫ਼ੀਸਦੀ ਨੌਕਰੀਆਂ ਪੰਜਾਬੀ ਨੌਜਵਾਨਾਂ ਲਈ ਰਾਖਵੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਨੌਜਵਾਨਾਂ ਨੂੰ ਆਪਣਾ ਕੰਮ ਸ਼ੁਰੂ ਕਰਨ ਲਈ 10 ਲੱਖ ਰੁਪਏ ਤੱਕ ਦਾ ਵਿਆਜ ਮੁਕਤ ਲੋਨ ਦੇਣ ਦਾ ਵੀ ਐਲਾਨ ਕੀਤਾ। ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਕਿਹਾ ਕਿ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿੱਚ ਗਰੀਬ ਬੱਚਿਆਂ ਲਈ 50 ਫ਼ੀਸਦੀ ਸੀਟਾਂ ਰਾਖਵੀਆਂ ਹੋਣਗੀਆਂ ਅਤੇ ਉਨ੍ਹਾਂ ਦਾ ਖ਼ਰਚਾ ਸਰਕਾਰ ਚੁੱਕੇਗੀ। ਪਾਰਟੀ ਪ੍ਰਧਾਨ ਨੇ ਐਲਾਨ ਕੀਤਾ ਕਿ ਸਰਕਾਰ ਆਉਣ ਦੇ ਪਹਿਲੇ ਹਫ਼ਤੇ ਹੀ ਆਟਾ-ਦਾਲ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ, ਜਿਸ ਤਹਿਤ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਮਿਲੇਗੀ।

## ਤੇਲ-ਗੈਸ ਦੀ ਕਿੱਲਤ ਰੋਕਣ ਲਈ ਕੇਂਦਰ ਦਾ ਵੱਡਾ ਕਦਮ; ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ

ਨੈਸ਼ਨਲ ਡੈਸਕ 13 ਮਾਰਚ। ਦੇਸ਼ ਵਿੱਚ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਅਤੇ ਕਿਸੇ ਵੀ ਤਰ੍ਹਾਂ ਦੀ ਕਿੱਲਤ ਨੂੰ ਰੋਕਣ ਲਈ ਕੇਂਦਰ ਸਰਕਾਰ ਨੇ ਇੱਕ ਬਹੁਤ ਵੱਡਾ ਕਦਮ ਚੁੱਕਿਆ ਹੈ। ਸਰਕਾਰ ਨੇ ਤੇਲ ਅਤੇ ਗੈਸ ਦੀ ਸਪਲਾਈ ਦੀ ਨਿਰੰਤਰ ਨਿਗਰਾਨੀ ਲਈ ਇੱਕ ਵਿਸ਼ੇਸ਼ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ, ਜਿਸ ਦੀ ਕਮਾਨ ਦੇਸ਼ ਦੇ ਦਿੱਗਜ ਮੰਤਰੀਆਂ ਨੂੰ ਸੌਂਪੀ ਗਈ ਹੈ। ਇਸ ਖਾਸ ਕਮੇਟੀ ਦੀ ਪ੍ਰਧਾਨਗੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪੀ ਗਈ ਹੈ। ਇਸ ਵਿੱਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਦੇਸ਼ ਭਰ ਵਿੱਚ ਈਂਧਨ ਦੀ ਸਪਲਾਈ ਚੇਨ 'ਤੇ ਨਜ਼ਰ ਰੱਖੇਗੀ ਤਾਂ ਜੋ ਆਮ ਜਨਤਾ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਦੱਸ ਦੇਈਏ ਕਿ ਪਿਛਲੇ ਕੁਝ ਦਿਨਾਂ ਤੋਂ ਦਿੱਲੀ, ਮੁੰਬਈ, ਲਖਨਊ ਅਤੇ ਭੋਪਾਲ ਵਰਗੇ ਵੱਡੇ ਸ਼ਹਿਰਾਂ ਵਿੱਚ ਗੈਸ ਏਜੰਸੀਆਂ ਦੇ ਬਾਹਰ ਲੋਕਾਂ ਦੀ ਭਾਰੀ ਭੀੜ ਦੇਖੀ ਜਾ ਰਹੀ ਹੈ। ਮੱਧ ਪੂਰਬ ਵਿੱਚ ਚੱਲ ਰਹੇ ਯੁੱਧ ਅਤੇ ਤਣਾਅ ਕਾਰਨ ਲੋਕਾਂ ਵਿੱਚ ਇਹ ਡਰ ਬੈਠ ਗਿਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਗੈਸ ਦੀ ਸਪਲਾਈ ਰੁਕ ਸਕਦੀ ਹੈ ਜਾਂ ਇਸ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਸਕਦਾ ਹੈ। ਇਸੇ ਘਬਰਾਹਟ ਕਾਰਨ ਲੋਕ ਸਮੇਂ ਤੋਂ ਪਹਿਲਾਂ ਹੀ ਸਿਲੰਡਰ ਸਟਾਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨਾਲ ਬਾਜ਼ਾਰਾਂ ਵਿੱਚ ਅਫਰਾ-ਤਫਰੀ ਵਾਲਾ ਮਾਹੌਲ ਬਣ ਗਿਆ ਹੈ। ਸਰਕਾਰ ਨੇ ਲੋਕਾਂ ਦੀਆਂ ਇਨ੍ਹਾਂ ਸਾਰੀਆਂ ਆਸ਼ੰਕਾਵਾਂ ਨੂੰ ਪੂਰੀ ਖਾਰਜ ਕਰ ਦਿੱਤਾ ਹੈ। ਪੈਟਰੋਲੀਅਮ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਵਿੱਚ ਤੇਲ ਅਤੇ ਗੈਸ ਦਾ ਪਰਿਆਪਤ ਸਟਾਕ ਮੌਜੂਦ ਹੈ ਅਤੇ ਸਪਲਾਈ ਚੇਨ ਵਿੱਚ ਕੋਈ ਰੁਕਾਵਟ ਨਹੀਂ ਹੈ। ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ 'ਤੇ ਵਿਸ਼ਵਾਸ ਨਾ ਕਰਨ ਅਤੇ ਲੋੜ ਤੋਂ ਵੱਧ ਸਿਲੰਡਰ ਬੁੱਕ ਨਾ ਕਰਵਾਉਣ, ਕਿਉਂਕਿ ਦੇਸ਼ ਦੀ ਊਰਜਾ ਸੁਰੱਖਿਆ ਪੂਰੀ ਤਰ੍ਹਾਂ ਮਜ਼ਬੂਤ ਹੈ।

# ਕਾਂਗਰਸ 'ਚ ਕਮੀਆਂ ਸਨ, ਇਸ ਲਈ ਕਾਂਸ਼ੀ ਰਾਮ ਹੋਏ ਸਫਲ... ਰਾਹੁਲ ਗਾਂਧੀ ਨੇ ਕਬੂਲੀਆਂ ਪਾਰਟੀ ਦੀਆਂ ਗਲਤੀਆਂ

ਕੌਮੀ ਪਤ੍ਰਿਕਾ

**ਨਵਦੀਪ ਸਿੰਘ ਸਾਹਨੀ**

ਲਖਨਊ 13 ਮਾਰਚ। ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਆਯੋਜਿਤ 'ਕਾਂਗਰਸ ਸੰਵਿਧਾਨ ਸੰਮੇਲਨ' ਦੌਰਾਨ ਰਾਹੁਲ ਗਾਂਧੀ ਨੇ ਆਪਣੀ ਪਾਰਟੀ ਦੀਆਂ ਇਤਿਹਾਸਕ ਕਮੀਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ। ਰਾਹੁਲ ਗਾਂਧੀ ਨੇ ਮੰਨਿਆ ਕਿ ਕਾਂਗਰਸ ਵਿੱਚ ਕਮੀਆਂ ਸਨ, ਜਿਸ ਕਾਰਨ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਸਫਲ ਹੋਏ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਨੇ ਆਪਣਾ ਕੰਮ ਸਹੀ ਢੰਗ ਨਾਲ ਕੀਤਾ ਹੁੰਦਾ ਤਾਂ ਕਾਂਸ਼ੀ ਰਾਮ ਇੰਨੇ ਸਫਲ ਨਾ ਹੁੰਦੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਜਵਾਹਰ ਲਾਲ ਨਹਿਰੂ ਜਿੰਦਾ ਹੁੰਦੇ ਤਾਂ ਕਾਂਸ਼ੀ ਰਾਮ ਕਾਂਗਰਸ ਦੇ ਮੁੱਖ ਮੰਤਰੀ ਹੁੰਦੇ। ਰਾਹੁਲ ਗਾਂਧੀ ਨੇ RSS 'ਤੇ ਹਮਲਾ ਕਰਦਿਆਂ ਕਿਹਾ ਕਿ ਜਥੇਬੰਦੀ ਦੇ ਉੱਚ ਅਹੁਦਿਆਂ 'ਤੇ ਕੋਈ ਵੀ ਓ.ਬੀ.ਸੀ., ਦਲਿਤ ਜਾਂ ਆਦਿਵਾਸੀ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੀ 85% ਆਬਾਦੀ ਨੂੰ ਇਹ ਮਹਿਸੂਸ ਕਰਵਾਇਆ ਜਾ ਰਿਹਾ ਹੈ ਕਿ ਇਹ ਦੇਸ਼ ਉਨ੍ਹਾਂ ਦਾ ਨਹੀਂ ਹੈ, ਖਾਸ ਕਰਕੇ ਜਦੋਂ ਗੱਲ ਪਾਵਰ ਸ਼ੇਅਰਿੰਗ ਜਾਂ ਧਨ ਦੀ ਵੰਡ ਦੀ ਆਉਂਦੀ ਹੈ। ਉਨ੍ਹਾਂ



ਕਿਹਾ ਕਿ ਸੰਵਿਧਾਨ ਸਭ ਦੀ ਬਰਾਬਰ ਭਾਗੀਦਾਰੀ ਦੀ ਗੱਲ ਕਰਦਾ ਹੈ, ਪਰ ਅੱਜ ਦੇ ਵੱਡੇ ਹਸਪਤਾਲਾਂ ਵਿੱਚ ਦਲਿਤ ਜਾਂ ਆਦਿਵਾਸੀ ਡਾਕਟਰ ਨਹੀਂ ਮਿਲਦੇ। ਆਪਣੇ ਸੰਬੋਧਨ ਵਿੱਚ ਰਾਹੁਲ ਗਾਂਧੀ ਨੇ 'ਜਿੰਨੀ ਆਬਾਦੀ, ਉਨੀ ਭਾਗੀਦਾਰੀ' ਦਾ ਨਾਅਰਾ ਦੁਹਰਾਇਆ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਪਾਰਟੀ ਨੇ ਹੁਣ ਮਨ ਬਣਾ ਲਿਆ ਹੈ ਕਿ ਦੇਸ਼ ਵਿੱਚ ਜਾਤੀਗਤ ਜਨਗਣਨਾ ਕਰਵਾਈ ਜਾਵੇਗੀ ਤਾਂ ਜੋ ਪਛੜਿਆਂ ਅਤੇ ਦਲਿਤਾਂ ਨੂੰ ਸੱਤਾ ਦੇ ਕੇਂਦਰਾਂ ਵਿੱਚ ਬਣਦੀ ਥਾਂ ਮਿਲ ਸਕੇ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੇਸ਼ ਦੀ ਊਰਜਾ ਸੁਰੱਖਿਆ ਨਾਲ ਸਮਝੌਤਾ ਕਰਨ ਦਾ ਗੰਭੀਰ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਅੱਜ ਅਮਰੀਕਾ ਇਹ ਤੈਅ ਕਰ ਰਿਹਾ ਹੈ ਕਿ ਭਾਰਤ ਤੇਲ ਕਿੱਥੋਂ ਲਵੇਗਾ। ਉਨ੍ਹਾਂ ਤੇਲ ਮੰਤਰੀ ਦੀ ਨਿਯੁਕਤੀ 'ਤੇ ਵੀ ਸਵਾਲ ਚੁੱਕਦਿਆਂ ਇਸ ਨੂੰ ਇੱਕ ਵੱਡਾ ਸਮਝੌਤਾ ਦੱਸਿਆ। ਰਾਹੁਲ ਗਾਂਧੀ ਨੇ ਅੰਤ ਵਿੱਚ ਕਿਹਾ ਕਿ ਡਾ. ਅੰਬੇਡਕਰ, ਮਹਾਤਮਾ ਗਾਂਧੀ ਅਤੇ ਕਾਂਸ਼ੀ ਰਾਮ ਵਰਗੇ ਆਗੂਆਂ ਨੇ ਕਦੇ ਵੀ ਆਪਣੇ ਸਿਧਾਂਤਾਂ ਨਾਲ ਸਮਝੌਤਾ ਨਹੀਂ ਕੀਤਾ।

# ਈਰਾਨ 'ਚ ਫਸੇ 9000 ਭਾਰਤੀ ਵਿਦਿਆਰਥੀ ! ਭਾਰਤ ਸਰਕਾਰ ਨੇ ਬਣਾਇਆ ਮਦਦ ਦਾ ਪਲਾਨ

ਨੈਸ਼ਨਲ ਡੈਸਕ 13 ਮਾਰਚ। ਪੱਛਮੀ ਏਸ਼ੀਆ 'ਚ ਛਿੜੀ ਜੰਗ ਦੇ ਵਿਚਕਾਰ ਭਾਰਤੀ ਵਿਦੇਸ਼ ਮੰਤਰਾਲੇ ਨੇ ਈਰਾਨ ਵਿੱਚ ਮੌਜੂਦ ਆਪਣੇ ਨਾਗਰਿਕਾਂ ਅਤੇ ਖਾਸ ਕਰਕੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਲੈ ਕੇ ਵੱਡਾ ਅਪਡੇਟ ਦਿੱਤਾ ਹੈ। ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਬ੍ਰੀਫਿੰਗ ਦੌਰਾਨ ਦੱਸਿਆ ਕਿ ਖਾੜੀ ਦੇਸ਼ਾਂ ਵਿੱਚ ਰਹਿਣ ਵਾਲੇ ਲਗਭਗ 1 ਕਰੋੜ ਭਾਰਤੀ ਪ੍ਰਵਾਸੀਆਂ ਦੀ ਸੁਰੱਖਿਆ ਅਤੇ ਭਲਾਈ ਸਰਕਾਰ ਦੀ ਸਰਵਉੱਚ ਤਰਜੀਹ ਹੈ। ਉਨ੍ਹਾਂ ਕਿਹਾ ਇਸ ਸੰਘਰਸ਼ ਦੌਰਾਨ ਹੁਣ ਤੱਕ ਦੋ ਭਾਰਤੀ ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਇੱਕ ਭਾਰਤੀ ਨਾਗਰਿਕ ਲਾਪਤਾ ਦੱਸਿਆ ਜਾ ਰਿਹਾ ਹੈ। ਇਹ ਲੋਕ ਉਨ੍ਹਾਂ ਵਪਾਰਕ ਜਹਾਜ਼ਾਂ 'ਤੇ ਸਵਾਰ ਸਨ ਜਿਨ੍ਹਾਂ ਨੂੰ ਸਮੁੰਦਰ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ। ਇਸ ਤੋਂ ਇਲਾਵਾ, ਗਲਫ ਰੀਜ਼ਨ ਵਿੱਚ ਕੁਝ ਹੋਰ ਭਾਰਤੀ ਵੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਇਜ਼ਰਾਈਲ ਅਤੇ ਦੂਜਾ ਦੁਬਈ ਵਿੱਚ ਜ਼ਖ਼ਮੀ ਹੋਇਆ ਹੈ। ਵਿਦੇਸ਼ ਮੰਤਰਾਲਾ ਇਨ੍ਹਾਂ ਸਾਰੇ ਪੀੜਤਾਂ ਦੇ ਪਰਿਵਾਰਾਂ ਨਾਲ ਲਗਾਤਾਰ ਸੰਪਰਕ ਵਿੱਚ ਹੈ। ਇਕੱਲੇ ਈਰਾਨ ਵਿੱਚ ਹੀ ਲਗਭਗ 9,000 ਭਾਰਤੀ ਵਿਦਿਆਰਥੀ ਮੌਜੂਦ ਹਨ। ਭਾਰਤ ਸਰਕਾਰ ਨੇ ਕਈ ਲੋਕਾਂ ਨੂੰ ਅਸੁਰੱਖਿਅਤ ਇਲਾਕਿਆਂ ਵਿੱਚੋਂ ਕੱਢ ਕੇ ਦੂਜੀਆਂ ਥਾਵਾਂ 'ਤੇ ਸ਼ਿਫਟ ਕੀਤਾ ਹੈ। ਹਾਲਾਤ 'ਤੇ ਨਜ਼ਰ ਰੱਖਣ ਲਈ ਵਿਦੇਸ਼ ਮੰਤਰਾਲੇ ਨੇ ਇੱਕ ਸਪੈਸ਼ਲ ਕੰਟਰੋਲ ਰੂਮ ਬਣਾਇਆ ਹੈ ਜੋ 24 ਘੰਟੇ ਕੰਮ ਕਰ ਰਿਹਾ ਹੈ। ਇਹ ਕੰਟਰੋਲ ਰੂਮ ਪ੍ਰਭਾਵਿਤ ਦੇਸ਼ਾਂ ਵਿੱਚ ਭਾਰਤੀ ਦੂਤਾਵਾਸਾਂ ਅਤੇ ਵਣਜ ਦੂਤਾਵਾਸਾਂ ਨਾਲ ਤਾਲਮੇਲ ਕਰ ਰਿਹਾ ਹੈ। ਇਕੱਲੇ ਕੱਲ੍ਹ ਹੀ ਇਸ ਕੰਟਰੋਲ ਰੂਮ ਨੂੰ




75 ਕਾਲਾਂ ਅਤੇ 11 ਈਮੇਲਾਂ ਪ੍ਰਾਪਤ ਹੋਈਆਂ ਸਨ। ਜੰਗ ਦੇ ਹਾਲਾਤ ਨੂੰ ਸ਼ਾਂਤ ਕਰਨ ਅਤੇ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਸਰਗਰਮ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂ.ਏ.ਈ. ("15), ਕਤਰ, ਸਊਦੀ ਅਰਬ, ਓਮਾਨ, ਬਹਿਰੀਨ, ਜਾਰਡਨ, ਕੁਵੈਤ ਅਤੇ ਇਜ਼ਰਾਈਲ ਦੇ ਨੇਤਾਵਾਂ ਨਾਲ ਗੱਲਬਾਤ ਕੀਤੀ ਹੈ। ਇਸ ਦੇ ਨਾਲ ਹੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਵੀ ਈਰਾਨ ਸਮੇਤ ਹੋਰ ਖੇਤਰੀ ਦੇਸ਼ਾਂ ਦੇ ਆਪਣੇ ਹਮਰੁਤਬਾ ਨੇਤਾਵਾਂ ਨਾਲ ਨਿਯਮਤ ਸੰਪਰਕ ਵਿੱਚ ਹਨ।

# ਅਰਵਿੰਦ ਕੇਜਰੀਵਾਲ ਦੀ ਉਦਯੋਗ ਨੂੰ ਗਾਰੰਟੀ, ਚੀਨ ਨਾਲ ਮੁਕਾਬਲਾ ਕਰਨ ਲਈ ਪੰਜਾਬ ਵਿੱਚ ਸਾਰੀਆਂ ਸਹੂਲਤਾਂ ਦੇਵੇਗੀ 'ਆਪ' ਸਰਕਾਰ

ਕੌਮੀ ਪਤ੍ਰਿਕਾ

**ਤੇਜਿੰਦਰ ਕੌਰ ਬੱਬਰ**

ਮੋਹਾਲੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ), 13 ਮਾਰਚ: ਮੋਹਾਲੀ ਵਿਖੇ ਤਿੰਨ ਦਿਨ ਚੱਲਣ ਵਾਲੇ ਪੰਜਾਬ ਪ੍ਰਗਤੀਸ਼ੀਲ ਨਿਵੇਸ਼ਕ ਸੰਮੇਲਨ-2026 ਦੀ ਅੱਜ ਧਮਾਕੇਦਾਰ ਸ਼ੁਰੂਆਤ ਹੋਈ। ਸੰਮੇਲਨ ਦੇ ਪਹਿਲੇ ਦਿਨ ਦਿੱਗਜ਼ ਉਦਯੋਗਪਤੀਆਂ ਨੇ 10,000 ਕਰੋੜ ਰੁਪਏ ਦਾ ਨਿਵੇਸ਼ ਦੇ ਵਾਅਦੇ ਕਰਦਿਆਂ ਸੂਬੇ ਵਿੱਚ ਕਾਰੋਬਾਰ ਹੋਰ ਵਧਾਉਣ ਦਾ ਐਲਾਨ ਵੀ ਕੀਤਾ। ਨਿਵੇਸ਼ਕਾਰਾਂ ਅਤੇ ਉਦਯੋਗਪਤੀਆਂ ਨੂੰ ਮੁਖਾਤਿਬ ਹੁੰਦਿਆਂ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਚੀਨ ਨਾਲ ਮੁਕਾਬਲਾ ਕਰਨ ਲਈ ਪੰਜਾਬ ਸਰਕਾਰ ਉਦਯੋਗ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਵੇਗੀ। ਉਨ੍ਹਾਂ ਕਿਹਾ ਕਿ ਕਾਰੋਬਾਰ ਪੱਖੀ ਮਾਹੌਲ ਸਦਕਾ ਮਹਿਜ਼ ਚਾਰ ਸਾਲਾਂ ਵਿੱਚ ਪੰਜਾਬ ਵਿੱਚ ਇਕ ਲੱਖ 50 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਆ ਚੁੱਕਾ ਹੈ। ਉਦਯੋਗਿਕ ਖੇਤਰ ਲਈ ਵੱਡੇ ਸੁਧਾਰਾ ਦਾ ਵਿਸਥਾਰ ਵਿੱਚ ਜ਼ਿਕਰ ਕਰਦਿਆਂ 'ਆਪ' ਸੁਪਰੀਮੋ ਨੇ ਦੱਸਿਆ ਕਿ ਕਿਵੇਂ ਭਗਵੰਤ ਸਿੰਘ ਮਾਨ ਸਰਕਾਰ ਨੇ 45 ਦਿਨਾਂ ਦੀ ਸਿੰਗਲ-ਵਿੰਡੋ ਕਲੀਅਰੈਂਸ ਪ੍ਰਣਾਲੀ ਸ਼ੁਰੂ ਕੀਤੀ ਹੈ ਅਤੇ ਮਨੁੱਖੀ ਵਸੀਲਿਆਂ, ਉਦਯੋਗਿਕ ਵਿਕਾਸ ਅਤੇ ਨੌਜਵਾਨਾਂ ਲਈ ਵੱਡੇ ਪੱਧਰ 'ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ 'ਤੇ ਕੇਂਦ੍ਰਿਤ ਕਾਰੋਬਾਰ ਪੱਖੀ ਈਕੋ-ਸਿਸਟਮ ਸਿਰਜ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੰਮੇਲਨ ਆਰਥਿਕ ਵਿਕਾਸ, ਰੋਜ਼ਗਾਰ ਤੇ ਉਦਯੋਗਿਕ ਵਿਸਥਾਰ ਦੇ ਨਵੇਂ ਪੜਾਅ ਦੀ ਸ਼ੁਰੂਆਤ ਹੈ, ਕਿਉਂਕਿ ਸੂਬਾ ਆਪਣੇ ਆਪ ਨੂੰ ਤੇਜ਼ੀ ਨਾਲ ਪ੍ਰਵਾਨਗੀਆਂ, ਉਦਯੋਗ ਪੱਖੀ ਨੀਤੀਆਂ ਅਤੇ ਸਿੱਖਿਆ, ਸਿਹਤ ਸੰਭਾਲ ਤੇ ਹੁਨਰਮੰਦ ਮਨੁੱਖੀ ਸ਼ਕਤੀ 'ਤੇ ਕੇਂਦ੍ਰਿਤ ਹੋ ਕੇ ਸਭ ਤੋਂ ਤਰਜੀਹੀ ਨਿਵੇਸ਼ ਸਥਾਨ ਵਜੋਂ ਪੇਸ਼ ਕਰਦਾ ਹੈ। ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੂਬੇ ਦੇ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦਿੰਦੇ ਹੋਏ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਨਿਵੇਸ਼ ਕਰਨ ਲਈ ਮੋਹਰੀ ਉਦਯੋਗਾਂ ਨੂੰ ਲਿਆਂਦਾ ਹੈ। ਇਹ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਦੇ ਪਹਿਲੇ ਦਿਨ ਹੀ ਪੰਜਾਬ ਨੇ 10,000 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਪ੍ਰਾਪਤ ਕੀਤੇ ਹਨ। ਐਚ.ਐਮ.ਈ.ਐਲ., ਟਾਟਾ ਸਟੀਲ, ਜੇ.ਐਸ.ਡਬਲਿਊ, ਟ?ਰਾਈਡੈਂਟ ਗਰੁੱਪ, ਹੀਰੋ ਇੰਡਸਟਰੀਜ਼ ਅਤੇ ਉਦਯੋਗ ਜਗਤ ਦੇ ਕਈ ਹੋਰ ਸਨਅਤਕਾਰਾਂ ਨੇ ਸੂਬੇ ਵਿੱਚ ਪਹਿਲਾਂ ਹੀ ਚੱਲ ਰਹੇ ਕਾਰੋਬਾਰ ਦਾ ਵਿਸਥਾਰ ਕਰਨ ਅਤੇ ਨਵੇਂ ਪ੍ਰਾਜੈਕਟ ਲਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਉਨ੍ਹਾਂ ਅੱਗੇ ਕਿਹਾ, "ਪੰਜਾਬੀ ਆਪਣੇ ਉੱਦਮੀ



ਸੁਭਾਅ, ਨਿਵੇਕਲੀ ਸੋਚਣੀ ਅਤੇ ਹਰੇਕ ਸਮੱਸਿਆ ਦਾ ਹੱਲ ਕੱਢ ਲੈਣ ਵਾਲੀ ਭਾਵਨਾ ਲਈ ਜਾਣੇ ਜਾਂਦੇ ਹਨ। ਤੁਹਾਨੂੰ ਸ਼ਾਇਦ ਹੀ ਕੋਈ ਪੰਜਾਬੀ ਭੀਖ ਮੰਗਦਾ ਮਿਲੇਗਾ ਕਿਉਂਕਿ ਸਾਡੇ ਲੋਕ ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਉਹ ਅਜਿਹੇ ਸੁਭਾਅ ਦੇ ਮਾਲਕ ਹਨ ਕਿ ਸਭ ਤੋਂ ਔਖੇ ਸਮੇਂ ਵਿੱਚ ਵੀ ਹਾਰ ਮੰਨਣ ਦੀ ਬਜਾਏ ਸਫਲ ਹੁੰਦੇ ਹਨ। ਪੰਜਾਬੀ ਸਮਰਪਣ ਭਾਵਨਾ, ਵਚਨਬੱਧਤਾ ਅਤੇ ਸਖ਼ਤ ਮਿਹਨਤ ਨਾਲ ਦਿਨ ਵਿੱਚ 20 ਘੰਟੇ ਕੰਮ ਕਰ ਸਕਦੇ ਹਨ। ਦੁਨੀਆ ਭਰ ਵਿੱਚ ਇਹ ਨਿਰਾਲਾ ਗੁਣ ਪੰਜਾਬੀਆਂ ਵਿੱਚ ਹੀ ਹੈ। ਪੰਜਾਬੀਆਂ ਦੀ ਵਿਸ਼ਵਵਿਆਪੀ ਪਛਾਣ ਦਾ ਵਿਸ਼ੇਸ਼ ਤੌਰ ਉਤੇ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬੀ ਇਕ ਜੁਝਾਰੂ ਕੌਮ ਹੈ ਜੋ ਦਲੇਰ ਤੇ ਉੱਦਮੀ ਹਨ। ਉਨ੍ਹਾਂ ਨੇ ਦੁਨੀਆ ਦੇ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜਦੋਂ ਵੀ ਦੁਨੀਆ ਵਿੱਚ ਕਿਤੇ ਵੀ ਕੋਈ ਦੁਖਾਂਤ ਆਉਂਦਾ ਹੈ, ਤਾਂ ਉਸ ਵੇਲੇ ਲੋੜਵੰਦਾਂ ਤੱਕ ਲੰਗਰ ਪਹੁੰਚਾਉਣ ਲਈ ਪੰਜਾਬੀ ਸਭ ਤੋਂ ਪਹਿਲਾਂ ਪਹੁੰਚਦਾ ਹੈ ਅਤੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਅਤੇ ਮਨੁੱਖੀ ਸਿੱਖਿਆਵਾਂ ਦੇ ਸੰਦੇਸ਼ ਦੀ ਪਾਲਣਾ ਕਰਦਾ ਹੈ। ਪੰਜਾਬ ਨੂੰ ਅਮੀਰ ਸੱਭਿਆਚਾਰ, ਜਰੇਖਜ਼ ਧਰਤੀ ਅਤੇ ਭਾਈਚਾਰਕ ਸਾਂਝ ਦੀ ਬਖਸ਼ਿਸ਼ ਪ੍ਰਾਪਤ ਹੈ। ਪੰਜਾਬ ਦੀ ਉਪਜਾਊ ਧਰਤੀ 'ਤੇ ਸਭ ਕੁਝ ਉੱਗ ਸਕਦਾ ਹੈ, ਪਰ ਨਫ਼ਰਤ ਦਾ ਬੀਜ ਇੱਥੇ ਕਦੇ ਵੀ ਜੜ੍ਹ ਨਹੀਂ ਫੜ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਹਾਨ ਸਿੱਖ ਗੁਰੂਆਂ ਦੇ ਸੰਦੇਸ਼ ਦੀ ਪਾਲਣਾ ਕਰਦੇ ਹੋਏ ਹਰ ਪੰਜਾਬੀ ਸਰਬੱਤ ਦੇ ਭਲੇ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ। ਸਾਲ 2022 ਤੋਂ ਜਦੋਂ ਸਾਡੀ ਸਰਕਾਰ ਨੇ ਸੱਤਾ ਸੰਭਾਲੀ ਹੈ, ਪੰਜਾਬ ਨੇ ਬਿਜਲੀ, ਸਿਹਤ, ਰੀਅਲ ਅਸਟੇਟ, ਬੁਨਿਆਦੀ ਢਾਂਚਾ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਸ਼ਾਨਦਾਰ ਤਰੱਕੀ ਦੇਖੀ ਹੈ। ਸਿੱਖਿਆ ਸੁਧਾਰਾਂ 'ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਅੱਗੇ ਕਿਹਾ, ਅੱਜ ਪੰਜਾਬ ਦੇ ਨੌਜਵਾਨ ਯੂ.ਪੀ.ਐਸ.ਸੀ., ਜੇ.ਈ.ਈ., ਨੀਟ ਅਤੇ ਆਈ.ਆਈ.ਟੀ. ਲਈ ਪ੍ਰਵੇਸ਼ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ ਕਿਉਂਕਿ ਸੂਬਾ ਸਰਕਾਰ ਨੇ ਸਿੱਖਿਆ ਖੇਤਰ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ। ਪੰਜਾਬ ਦੇ 30 ਸਕੂਲ ਪ੍ਰਿੰਸੀਪਲ ਇਸ ਸਮੇਂ ਸਿੰਗਾਪੁਰ ਵਿੱਚ ਵਿਸ਼ਵ ਪੱਧਰੀ ਸਿਖਲਾਈ ਲੈ ਰਹੇ ਹਨ ਤਾਂ ਜੋ ਉਨ੍ਹਾਂ ਦੀ ਮੁਹਾਰਤ ਸੂਬਾ ਭਰ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹੋਰ ਲਾਭ ਪਹੁੰਚਾ ਸਕੇ। ਪੰਜਾਬ ਵਿੱਚ ਇਸ ਸਮੇਂ ਮੋਹਾਲੀ, ਹਲਵਾਰਾ, ਅੰਮ੍ਰਿਤਸਰ, ਬਠਿੰਡਾ, ਪਠਾਨਕੋਟ ਅਤੇ ਆਦਮਪੁਰ ਵਿੱਚ ਹਵਾਈ ਅੱਡੇ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਸੂਬੇ ਵਿੱਚ ਸੜਕੀ ਬੁਨਿਆਦੀ ਢਾਂਚਾ ਵੀ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ।

Contd......................page-3

# ਪੰਜਾਬ ਦੀਆਂ ਜੇਲ੍ਹਾਂ ਨਸ਼ਾ ਸਮੱਗਲਰਾਂ ਤੇ ਗੈਂਗਸਟਰਾਂ ਲਈ ਬਣੀਆਂ ਸੁਰੱਖਿਅਤ ਪਨਾਹਗਾਹ

**ਕੌਮੀ ਪਤ੍ਰਿਕਾ**

ਕਪੂਰਥਲਾ 13 ਮਾਰਚ। ਜਿੱਥੇ ਪਿਛਲੇ ਕੁਝ ਮਹੀਨਿਆਂ ਤੋਂ ਸੂਬੇ ਦੀਆਂ ਜੇਲ੍ਹਾਂ ਵਿਚ ਨਸ਼ੀਲੇ ਪਦਾਰਥਾਂ ਦੀ ਲਗਾਤਾਰ ਬਰਾਮਦਗੀ ਅਤੇ ਗੈਂਗਵਾਰ ਨੇ ਪੰਜਾਬ ਜੇਲ੍ਹ ਪ੍ਰਸ਼ਾਸਨ ਦੀ ਨੀਂਦ ਉਡਾ ਦਿੱਤੀ ਹੈ, ਉੱਥੇ ਹੀ ਜੇਲ੍ਹਾਂ ਅੰਦਰ ਚੱਲ ਰਹੇ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੇ 'ਆਪ' ਸਰਕਾਰ ਦੇ ਸਾਰੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮਾਰਚ 2022 'ਚ ਸੱਤਾ ਸੰਭਾਲਣ 'ਤੇ ਆਮ ਆਦਮੀ ਪਾਰਟੀ ਸਰਕਾਰ ਨੇ ਸੂਬੇ ਦੀਆਂ ਜੇਲ੍ਹਾਂ ਨੂੰ ਨਸ਼ਿਆਂ ਅਤੇ ਗੈਂਗਵਾਰ ਤੋਂ ਮੁਕਤ ਕਰਨ ਅਤੇ ਸੂਬੇ ਦੀਆਂ ਜੇਲ੍ਹਾਂ ਨੂੰ ਸੱਚੇ ਸੁਧਾਰ ਘਰਾਂ 'ਚ ਬਦਲਣ ਦਾ ਵਾਅਦਾ ਕੀਤਾ ਸੀ ਪਰ ਸੂਬੇ ਦੀਆਂ ਜੇਲ੍ਹਾਂ ਤੋਂ ਕੰਮ ਕਰਨ ਵਾਲੇ ਵੱਡੇ ਨਸ਼ਾ ਸਮੱਗਲਰਾਂ ਅਤੇ ਗੈਂਗਸਟਰਾਂ ਵੱਲੋਂ ਬਾਹਰੀ ਦੁਨੀਆ 'ਚ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਅਤੇ ਜਬਰੀ ਵਸੂਲੀ ਦੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਦੇ ਮਾਮਲਿਆਂ 'ਚ ਲਗਾਤਾਰ ਹੋ ਰਿਹਾ ਵਾਧਾ ਇਹ ਸਾਬਤ ਕਰਦਾ ਹੈ ਕਿ ਸੂਬੇ ਦੀਆਂ ਜੇਲ੍ਹਾਂ ਖ਼ਤਰਨਾਕ ਅਪਰਾਧੀਆਂ ਲਈ ਪਨਾਹਗਾਹ ਬਣ ਗਈਆਂ ਹਨ। ਜ਼ਿਕਰਯੋਗ ਹੈ ਕਿ ਹਾਲ ਹੀ 'ਚ ਕੇਂਦਰੀ ਜੇਲ੍ਹ ਜਲੰਧਰ ਅਤੇ ਕਪੂਰਥਲਾ 'ਚ ਡਰੋਨ ਰਾਹੀਂ ਪਹੁੰਚਾਈਆਂ ਗਈਆਂ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਨੇ ਸੂਬੇ ਦੀਆਂ ਸੁਰੱਖਿਆ ਏਜੰਸੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਜੇਲਾਂ 'ਚ ਨਸ਼ੀਲੇ ਪਦਾਰਥਾਂ ਅਤੇ ਅਪਰਾਧੀਆਂ ਵਿਰੁੱਧ ਇਕ ਵੱਡੀ ਮੁਹਿੰਮ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ। ਹਾਲਾਂਕਿ ਇਹ ਸਾਰੇ ਵਾਅਦੇ ਕਾਗਜ਼ਾਂ ਤੱਕ ਹੀ ਸੀਮਤ ਦਿਖਾਈ ਦਿੰਦੇ ਹਨ। ਸੂਬੇ ਦੀਆਂ ਜ਼ਿਆਦਾਤਰ ਜੇਲਾਂ 'ਚ ਜਾਂਚ ਦੌਰਾਨ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਜ਼ਬਤ ਕਰਨ ਅਤੇ ਪੰਜਾਬ ਪੁਲਸ ਵੱਲੋਂ ਬੇਨਕਾਬ ਕੀਤੇ ਗਏ ਕਈ ਅਪਰਾਧਿਕ ਨੈੱਟਵਰਕਾਂ ਅਤੇ ਕੈਦ ਕੀਤੇ ਗਏ ਗੈਂਗਸਟਰਾਂ ਵਿਚਕਾਰ ਸਬੰਧਾਂ ਦਾ ਪਤਾ ਲੱਗਣ ਨਾਲ ਇਹ ਸਾਬਤ ਹੋ ਗਿਆ ਹੈ ਕਿ ਸੂਬੇ ਦੀਆਂ ਜੇਲਾਂ ਸਮਾਜ ਵਿਰੋਧੀ ਅਨਸਰਾਂ ਲਈ ਸੁਰੱਖਿਅਤ



ਜਗ?ਹਾ ਬਣ ਗਈਆਂ ਹਨ ਅਤੇ ਆਮ ਆਦਮੀ ਪਾਰਟੀ ਸਰਕਾਰ ਕੋਲ ਸਿਰਫ਼ ਦਾਅਵਿਆਂ ਤੋਂ ਇਲਾਵਾ ਕੁਝ ਨਹੀਂ ਹੈ। ਅੰਕੜਿਆਂ ਅਨੁਸਾਰ ਪਿਛਲੇ 4 ਸਾਲਾਂ 'ਚ ਸੂਬੇ ਦੀਆਂ ਜੇਲਾਂ 'ਚੋਂ ਹਜ਼ਾਰਾਂ ਮੋਬਾਇਲ ਫੋਨ ਬਰਾਮਦ ਕੀਤੇ ਗਏ ਹਨ, ਨਾਲ ਹੀ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਵੀ ਬਰਾਮਦ ਕੀਤੀਆਂ ਗਈਆਂ ਹਨ। ਇਸ ਦੇ ਬਾਵਜੂਦ, 'ਆਪ' ਸਰਕਾਰ ਨੇ ਸੂਬੇ ਦੀਆਂ ਜੇਲ੍ਹਾਂ 'ਚ ਚੱਲ ਰਹੇ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ। ਕਈ ਮਾਮਲਿਆਂ 'ਚ ਜੇਲ੍ਹਾਂ 'ਚ ਬੰਦ ਗੈਂਗਸਟਰਾਂ ਵਲੋਂ ਕੁਝ ਕਾਰੋਬਾਰੀਆਂ ਨੂੰ ਫਿਰੌਤੀ ਮੰਗਣ ਦੀ ਧਮਕੀ ਵੀ ਦਿੱਤੀ ਗਈ ਹੈ। ਹਾਲਾਂਕਿ ਅਜਿਹੇ ਕਈ ਮਾਮਲਿਆਂ 'ਚ ਸਬੰਧਤ ਕਾਰੋਬਾਰੀਆਂ ਨੇ ਆਪਣੇ ਪਰਿਵਾਰਾਂ ਦੀ ਸੁਰੱਖਿਆ ਦੇ ਡਰੋਂ ਪੁਲਸ ਕੋਲ ਸ਼ਿਕਾਇਤ ਵੀ ਦਰਜ ਨਹੀਂ ਕਰਵਾਈ ਹੈ। ਬੀਤੀ ਰਾਤ ਸੀ. ਆਰ. ਪੀ. ਐੱਫ. ਦੇ ਜਵਾਨਾਂ ਨੇ ਕੇਂਦਰੀ ਜੇਲ੍ਹ ਜਲੰਧਰ ਅਤੇ ਕਪੂਰਥਲਾ 'ਚ ਚੈਕਿੰਗ ਦੌਰਾਨ ਹਵਾਲਾਤੀ ਪਵਨ ਕੁਮਾਰ ਉਰਫ਼ ਹੱਟਨ ਉਰਫ਼ ਕੰਨੂ ਪੁੱਤਰ ਸੁਰਿੰਦਰ ਕੁਮਾਰ ਵਾਸੀ ਜਲੰਧਰ ਤੋਂ 19 ਗ੍ਰਾਮ ਨਸ਼ੀਲਾ ਪਦਾਰਥ ਤੇ 80 ਗ੍ਰਾਮ ਭੰਗ ਬਰਾਮਦ ਕੀਤੀ ਹੈ। ਮੁਲਜ਼ਮ ਖ਼?ਲਾਫ਼ ਥਾਣਾ ਕੋਤਵਾਲੀ 'ਚ ਮਾਮਲਾ ਦਰ ਕਰ ਲਿਆ ਗਿਆ ਹੈ।

# ਇਮੀਗ੍ਰੇਸ਼ਨ ਸੰਚਾਲਕ ਵੱਲੋਂ ਪਰਿਵਾਰ ਸਣੇ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਠੱਗੇ 1 ਕਰੋੜ 67 ਲੱਖ

**ਕੌਮੀ ਪਤ੍ਰਿਕਾ**

ਮੋਗਾ 13 ਮਾਰਚ। ਬਾਘਾ ਪੁਰਾਣਾ ਦੇ ਇਕ ਇਮੀਗ੍ਰੇਸ਼ਨ ਸੰਚਾਲਕ ਵੱਲੋਂ ਹੋਰਨਾਂ ਨਾਲ ਕਥਿਤ ਮਿਲੀਭੁਗਤ ਕਰਕੇ ਗੁਰਜੰਟ ਸਿੰਘ ਧਾਲੀਵਾਲ ਨਿਵਾਸੀ ਬਾਘਾ ਪੁਰਾਣਾ ਨੂੰ ਪਰਿਵਾਰ ਸਮੇਤ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ 1 ਕਰੋੜ 67 ਲੱਖ 8750 ਰੁਪਏ ਹੜੱਪਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਜਾਂਚ ਦੇ ਬਾਅਦ ਡਰੀਮ ਬਿਲਡਰ ਇਮੀਗ੍ਰੇਸ਼ਨ ਸੰਚਾਲਕ ਨਵਜੋਤ ਸਿੰਘ ਬਰਾੜ, ਉਸ ਦੀ ਪਤਨੀ ਪ੍ਰਿਤਪਾਲ ਕੌਰ, ਪਿਤਾ ਕੁਲਦੀਪ ਸਿੰਘ ਬਰਾੜ ਨਿਵਾਸੀ ਬਾਘਾ ਪੁਰਾਣਾ, ਅੰਮ੍ਰਿਤਪਾਲ ਸਿੰਘ ਨਿਵਾਸੀ ਪਿੰਡ ਮਹੇਸ਼ਰੀ, ਸੁਖਜਿੰਦਰ ਕੌਰ ਨਿਵਾਸੀ ਪਿੰਡ ਬੂਈਆਂ ਜੀਰਾ ਦੇ ਖ਼ਿਲਾਫ਼ ਧੋਖਾਦੇਹੀ ਅਤੇ ਕਥਿਤ ਮਿਲੀਭੁਗਤ ਦੇ ਦੋਸ਼ਾਂ ਤਹਿਤ ਥਾਣਾ ਬਾਘਾ ਪੁਰਾਣਾ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਵੱਲੋਂ ਕੀਤੀ ਕੀਤੀ ਜਾ ਰਹੀ ਹੈ। ਪੁਲਸ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਗੁਰਜੰਟ ਸਿੰਘ ਧਾਲੀਵਾਲ ਨੇ ਕਿਹਾ ਕਿ ਉਸ ਦੇ ਬੱਚੇ ਵਿਦੇਸ਼ ਰਹਿੰਦੇ ਹਨ ਅਤੇ ਉਹ ਪਰਿਵਾਰ ਸਮੇਤ ਅਮਰੀਕਾ ਜਾਣ ਦਾ ਚਾਹਵਾਨ ਸੀ, ਜਿਸ 'ਤੇ ਉਨ੍ਹਾਂ ਇਮੀਗ੍ਰੇਸ਼ਨ ਸੰਚਾਲਕ ਨਵਜੋਤ ਸਿੰਘ ਬਰਾੜ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਉਹ ਤੁਹਾਨੂੰ ਬਿਜ਼ਨੈੱਸ ਵੀਜ਼ਾ ਦੇ ਆਧਾਰ 'ਤੇ ਅਮਰੀਕਾ ਭੇਜ ਦੇਵੇਗਾ। ਇਸ ਉਪਰੰਤ ਉਸ ਨੇ ਸਾਡੇ ਪਾਸਪੋਰਟ ਅਤੇ ਦਸਤਾਵੇਜ਼ ਲੈ ਲਏ ਅਤੇ ਥੋੜ੍ਹੇ ਥੋੜ੍ਹੇ ਕਰ ਕੇ ਸਾਡੇ ਕੋਲੋਂ 1 ਕਰੋੜ 67 ਲੱਖ 8750 ਰੁਪਏ ਲੈ ਲਏ, ਪਰ ਉਸ ਨੇ ਨਾ ਤਾਂ ਅਮਰੀਕਾ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਅਤੇ ਦਫ਼ਤਰ ਬੰਦ ਕਰਕੇ ਪਰਿਵਾਰ ਸਮੇਤ ਚਲਿਆ ਗਿਆ। ਇਸ ਤਰ੍ਹਾਂ ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨਾਲ ਕਥਿਤ ਮਿਲੀਭੁਗਤ ਕਰਕੇ ਮੇਰੇ ਨਾਲ ਧੋਖਾਦੇਹੀ ਕੀਤੀ ਹੈ। ਜ਼ਿਲਾ ਪੁਲਸ ਮੁਖੀ ਮੋਗਾ ਦੇ ਆਦੇਸ਼ਾਂ 'ਤੇ ਇਸ ਦੀ ਜਾਂਚ ਡੀਐਸਪੀ ਬਾਘਾ ਪੁਰਾਣਾ ਵੱਲੋਂ ਕੀਤੀ ਗਈ। ਜਾਂਚ ਦੇ ਬਾਅਦ ਕਥਿਤ ਦੋਸ਼ੀਆਂ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ, ਗ੍ਰਿਫ਼ਤਾਰੀ ਬਾਕੀ ਹੈ।

## 25 ਪੇਟੀਆਂ ਨਾਜਾਇਜ਼ ਸ਼ਰਾਬ ਸਮੇਤ ਕਾਰ ਚਾਲਕ ਕਾਬੂ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ 13 ਮਾਰਚ। ਥਾਣਾ ਸ੍ਰੀ ਹਰਗੋਬਿੰਦਪੁਰ ਦੀ ਪੁਲਸ ਨੇ ਐੱਸ. ਐੱਸ. ਪੀ. ਮਹਿਤਾਬ ਸਿੰਘ ਦੇ ਨਿਰਦੇਸ਼ਾਂ 'ਤੇ ਡੀ. ਐੱਸ. ਪੀ. ਹਰੀਸ਼ ਬਹਿਲ ਦੀ ਰਹਿਨੁਮਾਈ ਹੇਠ 25 ਪੇਟੀਆਂ ਦੇਸੀ ਸ਼ਰਾਬ ਸਮੇਤ ਕਾਰ ਚਾਲਕ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਐੱਸ. ਐੱਚ. ਓ. ਗਗਨਦੀਪ ਸਿੰਘ ਢੀਂਡਸਾ ਨੇ ਦੱਸਿਆ ਕਿ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਕੋਈ ਵਿਅਕਤੀ ਕਾਰ ਰਾਹੀਂ ਸ਼ਰਾਬ ਦੀ ਸਮੱਗਲਿੰਗ ਕਰ ਰਿਹਾ ਹੈ। ਇਸ ਸੂਚਨਾ 'ਤੇ ਏ. ਐੱਸ. ਆਈ. ਕੁਲਦੀਪ ਸਿੰਘ, ਰਸ਼ਪਾਲ ਸਿੰਘ ਤੇ ਸਾਥੀ ਮੁਲਾਜ਼ਮਾਂ ਨੇ ਬਾਬਾ ਮੰਜ ਸਾਹਿਬ ਨਜ਼ਦੀਕ ਨਾਕੇਬੰਦੀ ਦੌਰਾਨ ਜਦੋਂ ਇਕ ਸਵਿਫਟ (ਪੀ.ਬੀ. 01 ਕੇ 7572) ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ 'ਚੋਂ ਪੰਜਾਬ ਕਲੱਬ ਮਾਰਕਾ ਦੇਸੀ ਸ਼ਰਾਬ ਦੀਆਂ 25 ਪੇਟੀਆਂ ਬਰਾਮਦ ਹੋਈਆਂ।

## ਖਪਤਕਾਰ ਨਾਲ ਵੱਜੀ 2 ਲੱਖ 55 ਹਜ਼ਾਰ ਰੁਪਏ ਦੀ ਆਨਲਾਈਨ ਠੱਗੀ

ਤਰਨਤਾਰਨ 13 ਮਾਰਚ। ਵਿਅਕਤੀ ਦੇ ਨਾਮ ਉਪਰ ਆਨਲਾਈਨ ਲੋਨ ਲੈਂਦੇ ਹੋਏ 2 ਲੱਖ 55 ਹਜ਼ਾਰ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਦੇ ਸਬੰਧ ਵਿਚ ਸਾਈਬਰ ਕ੍ਰਾਈਮ ਥਾਣਾ ਤਰਨਤਾਰਨ ਦੀ ਪੁਲਸ ਵੱਲੋਂ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਦਿਲਬਾਗ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਮਲੀਆ ਨੇ ਆਨਲਾਈਨ ਪੋਰਟਲ ਉਪਰ ਕੀਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੇ ਮੋਬਾਈਲ ਨੰਬਰ ਉਪਰ ਅਚਾਨਕ ਕੁਝ ਮੈਸੇਜ ਆਉਣੇ ਸ਼ੁਰੂ ਹੋ ਗਏ,




ਜਦੋਂ ਉਸਨੇ ਵੇਖਿਆ ਤਾਂ ਉਸਦੇ ਬੈਂਕ ਖਾਤੇ ਵਿਚੋਂ 50-50 ਹਜ਼ਾਰ ਰੁਪਏ ਨਿਕਲ ਚੁੱਕੇ ਸਨ। ਜਿਸ ਤੋਂ ਬਾਅਦ ਲਗਾਤਾਰ ਅੱਠ ਮੈਸੇਜ ਆਏ, ਜਿਸ ਵਿਚੋਂ ਪ੍ਰਤੀ ਮੈਸੇਜ 10 ਹਜ਼ਾਰ ਰੁਪਏ ਦੀਆਂ ਅੱਠ ਟਰਾਂਜੈਕਸ਼ਨਾਂ ਹੋ ਗਈਆਂ ਅਤੇ 80 ਹਜ਼ਾਰ ਰੁਪਏ ਨਿਕਲ ਗਏ। ਇਸ ਤੋਂ ਬਾਅਦ 5000 ਦਾ ਇਕ ਹੋਰ ਮੈਸੇਜ ਆਇਆ, ਜਿਸ ਦੇ ਚੱਲਦਿਆਂ ਉਸ ਦੇ ਖਾਤੇ ਵਿਚੋਂ ਕੁੱਲ 1,85000 ਨਿਕਲ ਗਏ। ਜਿਸ ਤੋਂ ਬਾਅਦ ਉਸਦਾ ਮੋਬਾਈਲ ਫੋਨ ਹੈਕ ਹੋ ਗਿਆ। ਜਦੋਂ ਖਪਤਕਾਰ ਨੇ ਬੈਂਕ ਵਿਚ ਜਾ ਕੇ ਪਤਾ ਕੀਤਾ ਤਾਂ ਉਸ ਨੂੰ ਪਤਾ ਲੱਗਾ ਕਿ ਉਸਦਾ ਮੋਬਾਈਲ ਫੋਨ ਹੈਕ ਕਰਕੇ ਠੱਗੀ ਮਾਰਨ ਵਾਲੇ ਵਿਅਕਤੀ ਨੇ 90 ਹਜ਼ਾਰ ਰੁਪਏ ਦਾ ਲੋਨ ਕਰਵਾ ਲਿਆ ਹੈ ਅਤੇ ਉਸ ਵਿਚੋਂ 70 ਹਜ਼ਾਰ ਦੀ ਰਾਸ਼ੀ ਕਢਵਾ ਲਈ ਹੈ। ਇਸ ਤਰ੍ਹਾਂ ਖਪਤਕਾਰ ਨਾਲ ਕੁੱਲ 2 ਲੱਖ 55 ਹਜ਼ਾਰ ਦੀ ਆਨਲਾਈਨ ਠੱਗੀ ਮਾਰੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਾਈਬਰ ਕ੍ਰਾਈਮ ਦੇ ਏ.ਐੱਸ.ਆਈ ਜਸਬੀਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੁਲਸ ਵੱਲੋਂ ਅਣਪਛਾਤੇ ਵਿਅਕਤੀ ਦੇ ਖਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ।

## ਨਸ਼ੇ ਵਾਲੀ ਕੋਲਡ ਡ੍ਰਿੰਕ ਪਿਲਾ ਕੇ ਕੀਤਾ ਸੀ ਰੋਹਿਤ ਦਾ ਕਤਲ, ਪੁਲਸ ਨੇ ਸੁਲਝਾਈ ਅੰਨ੍ਹੇ ਕਤਲ ਦੀ ਗੁੱਥੀ

ਜੰਡਿਆਲਾ ਗੁਰੂ 13 ਮਾਰਚ। ਪਿਛਲੇ ਦਿਨੀਂ ਜੰਡਿਆਲਾ ਗੁਰੂ ਵਿਖੇ 24 ਸਾਲਾ ਨੌਜਵਾਨ ਰੋਹਿਤ ਪੁੱਤਰ ਜੋਰਜ ਮਸੀਹ ਦੀ ਲਾਸ਼ ਗੁਨੋਵਾਲ ਸੂਏ ਨੇੜੇ ਮਿਲੀ ਸੀ। ਹੁਣ ਜੰਡਿਆਲਾ ਗੁਰੂ ਪੁਲਸ ਨੇ ਇਸ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਣ 'ਚ ਸਫਲਤਾ ਹਾਸਲ ਕਰ ਲਈ ਹੈ। ਇਸ ਸਬੰਧੀ ਡੀ. ਐੱਸ. ਪੀ. ਰਵਿੰਦਰ ਸਿੰਘ ਨੇ ਦੱਸਿਆ ਕਿ 16 ਫਰਵਰੀ ਨੂੰ ਰੋਹਿਤ, ਜੋ ਪੇਂਟ ਦਾ ਕੰਮ ਕਰਦਾ ਸੀ, ਘਰ ਤੋਂ ਕੰਮ ਲਈ ਗਿਆ ਪਰ ਰਾਤ ਦੇਰ ਤੱਕ ਵਾਪਸ ਨਾ ਆਇਆ। ਪਰਿਵਾਰ ਵੱਲੋਂ ਭਾਲ ਕਰਨ ਉਪਰੰਤ ਅਗਲੇ ਦਿਨ ਸਵੇਰੇ



ਉਸ ਦੀ ਲਾਸ਼ ਗੁਨੋਵਾਲ ਸੂਏ ਦੇ ਕਿਨਾਰੇ ਤੋਂ ਮਿਲੀ। ਮੌਤ ਭੇਦਭਰੇ ਹਾਲਾਤਾਂ 'ਚ ਹੋਈ ਲੱਗੀ, ਜਿਸ ਉਪਰੰਤ ਪੁਲਸ ਨੇ ਮਾਮਲਾ ਦਰਜ ਕਰ ਜਾਂਚ ਸ਼ੁਰੂ ਕੀਤੀ। ਐੱਸ. ਐੱਚ. ਓ. ਨਰੇਸ਼ ਕੁਮਾਰ ਦੀ ਅਗਵਾਈ ਹੇਠ ਪੁਲਸ ਟੀਮ ਨੇ ਵੱਖ-ਵੱਖ ਪੱਖਾਂ ਤੋਂ ਜਾਂਚ ਕਰਦਿਆਂ ਦੋਸ਼ੀਆਂ ਵਿਲਿਅਮ ਮਸੀਹ ਉਰਫ਼ ਮਿੱਠੂ ਪੁੱਤਰ ਸੰਦੀਪ ਮਸੀਹ ਅਤੇ ਉਸ ਦੇ ਪਿਤਾ ਸੰਦੀਪ ਮਸੀਹ ਪੁੱਤਰ ਵਿਨੋਦ ਕੁਮਾਰ ਵਾਸੀ ਜੋਤੀਸਰ ਕਾਲੋਨੀ ਜੰਡਿਆਲਾ ਗੁਰੂ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਨੇ ਦੋਸ਼ੀਆਂ ਪਾਸੋਂ ਮ੍ਰਿਤਕ ਦਾ ਮੋਬਾਈਲ ਫੋਨ ਅਤੇ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਕਬੂਲਿਆ ਕਿ ਉਸ ਨੇ ਰੋਹਿਤ ਨੂੰ ਆਪਣੇ ਘਰ ਬੁਲਾ ਕੇ ਕੋਲਡ ਡ੍ਰਿੰਕ 'ਚ ਨਸ਼ੀਲੇ ਕੈਪਸੂਲ ਮਿਲਾ ਕੇ ਪਿਲਾਏ ਅਤੇ ਬੇਹੋਸ਼ ਕਰਨ ਤੋਂ ਬਾਅਦ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਬਾਅਦ 'ਚ ਲਾਸ਼ ਨੂੰ ਦੇਰ ਰਾਤ ਗੁਨੋਵਾਲ ਸੂਏ ਦੇ ਕਿਨਾਰੇ ਰੱਖ ਆਏ। ਡੀ. ਐੱਸ. ਪੀ. ਨੇ ਦੱਸਿਆ ਕਿ ਦੋਸ਼ੀ ਦੇ ਪਿਤਾ ਨੇ ਵੀ ਲਾਸ਼ ਨੂੰ ਸੂਏ ਤੱਕ ਲਿਜਾਣ 'ਚ ਮਦਦ ਕੀਤੀ। ਪੁਲਸ ਮੁਤਾਬਕ ਕਤਲ ਦਾ ਕਾਰਨ ਰੰਜਿਸ਼ ਸੀ। ਰੋਹਿਤ ਪਹਿਲਾਂ ਦੋਸ਼ੀ ਨੂੰ ਆਪਣੇ ਨਾਲ ਕੰਮ 'ਤੇ ਲੈ ਕੇ ਜਾਂਦਾ ਸੀ ਪਰ ਹਾਲ ਹੀ 'ਚ ਉਸਨੂੰ ਨਾਲ ਨਹੀਂ ਲੈ ਕੇ ਜਾਂਦਾ ਸੀ, ਜਿਸ ਕਾਰਨ ਉਸ ਨੇ ਰੰਜਿਸ਼ 'ਚ ਆ ਕੇ ਇਹ ਕਦਮ ਚੁੱਕਿਆ। ਦੋਸ਼ੀ ਨਸ਼ੇ ਦਾ ਆਦੀ ਵੀ ਦੱਸਿਆ ਜਾ ਰਿਹਾ ਹੈ।

## ਗੁਰਦੁਆਰੇ 'ਚ ਆ ਕੇ ਵਿਘਨ ਪਾਉਣ ਤੇ ਧਾਰਮਿਕ ਠੇਸ ਪਹੁੰਚਾਉਣ ਵਾਲੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

ਜਲਾਲਾਬਾਦ 13 ਮਾਰਚ। ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਗੁਰਦੁਆਰਾ ਸ਼ਹੀਦ ਬਾਬਾ ਬਚਿੱਤਰ ਸਿੰਘ ਜਲਾਲਾਬਾਦ ਵਿੱਚ ਦਾਖ਼ਲ ਹੋ ਕੇ ਗ੍ਰੰਥੀ ਸਾਹਿਬ ਵੱਲੋਂ ਹੁਕਮਨਾਮਾ ਪੜ੍ਹਨ ਸਮੇਂ ਵਿਘਨ ਪਾਉਣ ਵਾਲੇ ਵਿਅਕਤੀ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਂਚ ਅਧਿਕਾਰੀ ਐੱਸ. ਆਈ. ਅਮਨਦੀਪ ਕੌਰ ਨੇ ਦੱਸਿਆ ਕਿ ਸ਼ਿਕਾਇਤਕਰਤਾ ਦਲੇਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਮੁਹੱਲਾ ਰਾਜਪੂਤਾ ਜਲਾਲਾਬਾਦ ਵੱਲੋਂ ਬਿਆਨ ਦਰਜ ਕਰਵਾਏ ਗਏ ਹਨ ਕਿ ਰਣਜੀਤ ਸਿੰਘ ਪੁੱਤਰ ਮੋਹਨ ਨਾਲ ਵਾਸੀ ਮੁਹੱਲਾ ਰਠੋੜਾ ਵਾਲਾ ਨੇ ਉਕਤ ਕੰਮ ਕੀਤਾ।

## ਜਲੰਧਰ ਦੇ ਦੋਆਬਾ ਚੌਕ 'ਚ ਲੁਟੇਰਿਆਂ ਨੇ ਬਜ਼ੁਰਗ ਨਾਲ ਕੀਤੀ ਲੁੱਟਖੋਹ

ਜਲੰਧਰ 13 ਮਾਰਚ। ਦੋਆਬਾ ਚੌਕ ਵਿਚ ਦੋ ਬਾਈਕ ਸਵਾਰ ਲੁਟੇਰਿਆਂ ਨੇ ਇਕ ਬਜ਼ੁਰਗ ਵਿਅਕਤੀ ਦਾ ਮੋਬਾਇਲ ਫੋਨ ਲੁੱਟ ਲਿਆ। ਘਟਨਾ ਦੌਰਾਨ ਪੀੜਤ ਨੇ ਰੌਲਾ ਪਾਇਆ ਪਰ ਮੋਟਰਸਾਈਕਲ ਦੀ ਤੇਜ਼ ਰਫ਼ਤਾਰ ਕਾਰਨ ਮੁਲਜ਼ਮ ਭੱਜਣ ਵਿੱਚ ਕਾਮਯਾਬ ਹੋ ਗਿਆ। ਘਟਨਾ ਤੋਂ ਬਾਅਦ ਭੱਜਦੇ ਮੁਲਜ਼ਮ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਏ ਹਨ ਅਤੇ ਬਜ਼ੁਰਗ ਵਿਅਕਤੀ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਭਗਤਪੁਰਾ ਦੇ ਰਹਿਣ ਵਾਲੇ ਮੁਖਤਿਆਰ ਚੰਦ ਨੇ ਪੁਲਸ ਥਾਣਾ ਨੰਬਰ 8 ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਉਹ ਦੋਆਬਾ ਚੌਕ ਨੇੜੇ ਇਕ ਕਿਤਾਬਾਂ ਦੀ ਦੁਕਾਨ ਦਾ ਮਾਲਕ ਹੈ। ਉਹ ਸਟੋਰ ਤੋਂ ਘਰ ਵਾਪਸ ਆ ਰਿਹਾ ਸੀ ਤਾਂ ਇਕ ਬਾਈਕ 'ਤੇ ਸਵਾਰ ਦੋ ਨੌਜਵਾਨ ਉਸ ਕੋਲੋਂ ਲੰਘੇ ਅਤੇ ਉਸ ਦੀ ਕਮੀਜ਼ ਦੀ ਉੱਪਰਲੀ ਜੇਬ ਵਿੱਚ ਉਸ ਦਾ ਮੋਬਾਇਲ ਫੋਨ ਵੇਖਿਆ। ਫਿਰ ਉਹ ਵਾਪਸ ਆਏ ਅਤੇ ਉਸ ਦੀ ਜੇਬ ਵਿੱਚੋਂ ਖੋਹ ਲਿਆ। ਮੁਖਤਿਆਰ ਚੰਦ ਨੇ ਕਿਹਾ ਕਿ ਉਸ ਨੇ ਰੌਲਾ ਪਾਇਆ ਪਰ ਲੁਟੇਰੇ ਤੇਜ਼ ਰਫ਼ਤਾਰ ਬਾਈਕ 'ਤੇ ਭੱਜਣ ਵਿੱਚ ਕਾਮਯਾਬ ਹੋ ਗਏ। ਸੂਚਨਾ ਮਿਲਣ 'ਤੇ ਥਾਣਾ ਨੰਬਰ 8 ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਨੇੜਲੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਦੀ ਸਮੀਖਿਆ ਕਰ ਰਹੀ ਹੈ।

# ਟਰੇਨ 'ਚ ਸਫ਼ਰ ਕਰਨ ਵਾਲਿਆਂ ਲਈ ਅਹਿਮ ਖ਼ਬਰ ! ਚੱਲਣਗੀਆਂ ਇਹ ਸਪੈਸ਼ਲ ਟਰੇਨਾਂ

**ਕੌਮੀ ਪਤ੍ਰਿਕਾ**

ਜਲੰਧਰ 13 ਮਾਰਚ। ਟਰੇਨਾਂ ਦੀ ਦੇਰੀ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ, ਜਿਸ ਕਾਰਨ ਯਾਤਰੀਆਂ ਨੂੰ ਲੰਮੇ ਸਮੇਂ ਤੱਕ ਉਡੀਕ ਕਰਨੀ ਪੈ ਰਹੀ ਹੈ। ਇਸੇ ਲੜੀ ਵਿਚ ਬੀਤੇ ਦਿਨ ਵੈਸ਼ਨੋ ਦੇਵੀ ਜਾਣ ਵਾਲੀਆਂ ਟਰੇਨਾਂ ਸਮੇਤ ਵੱਖ-ਵੱਖ ਟਰੇਨਾਂ 3 ਤੋਂ 10 ਘੰਟੇ ਤੱਕ ਲੇਟ ਰਹੀਆਂ, ਜਿਸ ਕਾਰਨ ਯਾਤਰੀਆਂ ਨੂੰ ਸਿਟੀ ਅਤੇ ਕੈਂਟ ਸਟੇਸ਼ਨਾਂ 'ਤੇ ਲੰਮੀ ਉਡੀਕ ਕਰਦੇ ਹੋਏ ਵੇਖਿਆ ਗਿਆ। ਇਸੇ ਤਰ੍ਹਾਂ ਨਵੀਂ ਦਿੱਲੀ ਤੋਂ ਕਟੜਾ ਦੇ ਵਿਚਕਾਰ ਚੱਲਣ ਵਾਲੀ 04081 ਨਵੀਂ ਦਿੱਲੀ-ਵੈਸ਼ਨੋ ਦੇਵੀ ਸਪੈਸ਼ਲ ਆਪਣੇ ਤੈਅ ਸਮੇਂ ਤੋਂ ਢਾਈ ਘੰਟੇ ਦੀ ਦੇਰੀ ਨਾਲ ਸਵੇਰੇ ਪੌਣੇ 8 ਵਜੇ ਕੈਂਟ ਪਹੁੰਚੀ। ਵੈਸ਼ਨੋ ਦੇਵੀ ਜਾਂਦੇ ਸਮੇਂ ਮਾਲਵਾ ਐਕਸਪ੍ਰੈੱਸ 12919 ਆਪਣੇ ਤੈਅ ਸਮੇਂ ਸਵੇਰੇ ਸਾਢੇ ਦਸ ਤੋਂ 10 ਘੰਟੇ ਦੀ ਦੇਰੀ ਨਾਲ ਸਾਢੇ 8 ਵਜੇ ਦੇ ਕਰੀਬ ਕੈਂਟ ਪਹੁੰਚੀ। ਅੰਮ੍ਰਿਤਸਰ ਤੋਂ ਰੀ-ਸ਼ੈਡਿਊਲ ਹੋ ਕੇ ਚੱਲਣ ਵਾਲੀ ਅੰਮ੍ਰਿਤਸਰ-ਦਿੱਲੀ ਐਕਸਪ੍ਰੈੱਸ 3 ਘੰਟੇ ਦੀ ਦੇਰੀ ਨਾਲ 11 ਵਜੇ ਜਲੰਧਰ ਪਹੁੰਚੀ। ਅੰਮ੍ਰਿਤਸਰ ਜਾਣ ਵਾਲੀ ਸ਼ਹੀਦ ਐਕਸਪ੍ਰੈੱਸ 14673 ਪੌਣੇ 2 ਘੰਟੇ ਲੇਟ ਹੁੰਦੇ ਹੋਏ ਸ਼ਾਮ 5 ਵਜੇ ਜਲੰਧਰ ਪਹੁੰਚੀ। ਅੰਮ੍ਰਿਤਸਰ ਐਕਸਪ੍ਰੈੱਸ 14631 ਡੇਢ ਘੰਟਾ ਦੇਰੀ ਨਾਲ ਸਿਟੀ ਪਹੁੰਚੀ। ਅੰਮ੍ਰਿਤਸਰ ਜਾਣ ਵਾਲੀ 05736 ਸਵਾ 3 ਘੰਟੇ ਲੇਟ ਰਹੀ



ਅਤੇ ਸਵੇਰੇ ਸਵਾ 10 ਵਜੇ ਸਿਟੀ ਪਹੁੰਚੀ। ਅੰਮ੍ਰਿਤਸਰ ਸਪੈਸ਼ਲ 04609 ਆਪਣੇ ਤੈਅ ਸਮੇਂ ਤੋਂ 6 ਘੰਟੇ ਦੀ ਦੇਰੀ ਨਾਲ ਸ਼ਾਮ ਸਾਢੇ 5 ਤੋਂ ਬਾਅਦ ਸਿਟੀ ਸਟੇਸ਼ਨ ਪਹੁੰਚੀ। ਦੂਜੇ ਪਾਸੇ ਹੋਲੀ ਦੇ ਤਿਉਹਾਰ ਮੌਕੇ ਯਾਤਰੀਆਂ ਦੀ ਵਧੇਰੇ ਭੀੜ ਨੂੰ ਧਿਆਨ ਵਿਚ ਰੱਖਦੇ ਹੋਏ ਰੇਲਵੇ ਵੱਲੋਂ ਅੰਮ੍ਰਿਤਸਰ ਤੋਂ ਬਿਹਾਰ ਦੇ ਵੱਖ-ਵੱਖ ਟਿਕਾਣਿਆਂ ਲਈ ਰਾਖਵੀਆਂ ਸਪੈਸ਼ਲ ਟਰੇਨਾਂ ਚਲਾਈਆਂ ਜਾ ਰਹੀਆਂ ਹਨ। ਜਲੰਧਰ ਤੋਂ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਵੀ ਇਨ੍ਹਾਂ ਸਪੈਸ਼ਲ ਟਰੇਨਾਂ ਦਾ ਲਾਭ ਮਿਲੇਗਾ। ਟਰੇਨ ਨੰਬਰ 04610 ਹੋਲੀ ਸਪੈਸ਼ਲ 13 ਮਾਰਚ। ਨੂੰ ਅੰਮ੍ਰਿਤਸਰ ਤੋਂ ਮਾਨਸੀ (ਬਿਹਾਰ) ਲਈ ਰਾਤ 8.10 ਵਜੇ ਰਵਾਨਾ ਹੋਵੇਗੀ। ਇਹ ਟਰੇਨ ਰਸਤੇ ਵਿਚ ਬਿਆਸ, ਜਲੰਧਰ ਸਿਟੀ ਅਤੇ ਫਗਵਾੜਾ ਸਮੇਤ ਹੋਰ ਪ੍ਰਮੁੱਖ ਸਟੇਸ਼ਨਾਂ 'ਤੇ ਰੁਕੇਗੀ। 04614 ਸਪੈਸ਼ਲ ਇਕ ਮਾਰਚ ਨੂੰ ਅੰਮ੍ਰਿਤਸਰ ਤੋਂ ਕਟਿਹਾਰ (ਬਿਹਾਰ) ਲਈ ਦੁਪਹਿਰ 2.15 ਵਜੇ ਰਵਾਨਾ ਹੋਵੇਗੀ। ਇਹ ਟਰੇਨ ਬਿਆਸ ਅਤੇ ਜਲੰਧਰ ਸਿਟੀ ਸਟੇਸ਼ਨਾਂ 'ਤੇ ਠਹਿਰੇਗੀ, ਜਿਸ ਨਾਲ ਦੋਆਬਾ ਇਲਾਕੇ ਦੇ ਯਾਤਰੀਆਂ ਨੂੰ ਵਿਸ਼ੇਸ਼ ਸਹੂਲਤ ਮਿਲੇਗੀ। ਅੰਮ੍ਰਿਤਸਰ ਅਤੇ ਕਟਿਹਾਰ ਦੇ ਵਿਚਕਾਰ 13 ਮਾਰਚ। ਨੂੰ ਟਰੇਨ ਨੰਬਰ 04622 ਰਾਖਵੀਂ ਸਪੈਸ਼ਲ ਐਕਸਪ੍ਰੈੱਸ (ਇਕ ਟ੍ਰਿਪ) ਚਲਾਈ ਜਾਵੇਗੀ। ਇਹ ਟਰੇਨ ਅੰਮ੍ਰਿਤਸਰ ਤੋਂ ਰਾਤ 8.40 ਵਜੇ ਰਵਾਨਾ ਹੋਵੇਗੀ। ਵਾਪਸੀ 'ਤੇ ਟਰੇਨ ਨੰਬਰ 04621 ਦੋ ਮਾਰਚ ਨੂੰ ਕਟਿਹਾਰ ਤੋਂ ਦੁਪਹਿਰ 2.30 ਵਜੇ ਰਵਾਨਾ ਹੋਵੇਗੀ ਅਤੇ ਲਗਭਗ 38 ਘੰਟੇ ਦੀ ਯਾਤਰਾ ਤੋਂ ਬਾਅਦ ਸਵੇਰੇ 5 ਵਜੇ ਅੰਮ੍ਰਿਤਸਰ ਪਹੁੰਚੇਗੀ।

# ਵਿਦੇਸ਼ ਭੇਜਣ ਦੇ ਨਾਮ 'ਤੇ ਲੱਖਾਂ ਦੀ ਠੱਗੀ, ਪਤੀ-ਪਤਨੀ ਸਮੇਤ ਚਾਰ ਵਿਰੁੱਧ ਮਾਮਲਾ ਦਰਜ

**ਕੌਮੀ ਪਤ੍ਰਿਕਾ**

ਮਲੋਟ 13 ਮਾਰਚ। ਵਿਦੇਸ਼ ਭੇਜਣ ਦੇ ਨਾਮ 'ਤੇ ਲੱਖਾਂ ਦੀ ਠੱਗੀ ਮਾਰਨ ਦੇ ਇਕ ਮਾਮਲੇ ਦੀ ਜਾਂਚ ਉਪਰੰਤ ਥਾਣਾ ਸਿਟੀ ਮਲੋਟ ਦੀ ਪੁਲਸ ਨੇ ਪਤੀ-ਪਤਨੀ ਸਮੇਤ ਚਾਰ ਜਣਿਆਂ ਵਿਰੁੱਧ ਮੁਕੱਦਮਾਂ ਦਰਜ ਕੀਤਾ ਹੈ। ਇਸ ਸਬੰਧੀ ਕੁੰਦਨ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਬਾਦੀਆਂ ਨੇ ਪੁਲਸ ਦੇ ਉਚ ਅਧਿਕਾਰੀਆਂ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਕਿ ਉਸਦੇ ਲੜਕੇ ਅਰਸ਼ਦੀਪ ਸਿੰਘ ਨੇ ਪਲੱਸ ਟੂ ਤੱਕ ਪੜ੍ਹਾਈ ਕੀਤੀ ਅਤੇ ਵਿਦੇਸ਼ ਜਾਣਾ ਚਾਹੁੰਦਾ ਸੀ। ਜਿਸ ਲਈ ਉਸਨੇ ਆਈਲੈਟਸ ਦਾ ਪੇਪਰ ਦਿੱਤਾ ਜਿਸ ਵਿਚੋਂ ਬੈਂਡ ਪੂਰੇ ਨਾ ਆਉਣ ਕਰਕੇ ਉਸਦਾ ਵੀਜ਼ਾ ਨਹੀਂ ਲੱਗਾ। ਉਸਦੇ ਰਿਸ਼ਤੇਦਾਰੀ ਵਿਚੋਂ ਸੰਪਰਕ ਵਿਚ ਹਰਪ੍ਰੀਤ ਕੌਰ ਪੁੱਤਰ ਨਛੱਤਰ ਸਿੰਘ ਵਾਸੀ ਸਰੀਂਹਵਾਲਾ ਜ਼ਿਲ੍ਹਾ ਫਿਰੋਜ਼ਪੁਰ ਜੋ ਕੈਨੇਡਾ ਰਹਿੰਦੀ ਸੀ ਨੇ ਦੱਸਿਆ ਕਿ ਉਸਦੇ ਰਿਸ਼ਤੇਦਾਰ ਸੁਖਚੈਣ ਸਿੰਘ ਪੁੱਤਰ ਹਰਚੰਦ ਸਿੰਘ ਵਾਸੀ ਦੇਵ ਨਗਰ ਫਿਰੋਜ਼ਪੁਰ ਅਤੇ ਉਸਦੀ ਪਤਨੀ ਪਰਮਜੀਤ ਸਿੰਘ ਵਿਦੇਸ਼ ਭੇਜਣ ਦਾ ਕੰਮ ਕਰਦੇ




ਹਨ। ਉਹ ਖੁਦ ਵੀ ਉਨ੍ਹਾਂ ਰਾਹੀਂ ਹੀ ਕਨੈਡਾ ਗਈ ਹੈ। ਹਰਪ੍ਰੀਤ ਕੌਰ ਦੇ ਪਿਤਾ ਨਛੱਤਰ ਸਿੰਘ ਨੇ ਉਨ੍ਹਾਂ ਦੀ ਮੁਲਾਕਾਤ ਸੁਖਚੈਣ ਸਿੰਘ ਨਾਲ ਕਰਾਈ। ਮਾਰਚ 2023 ਵਿਚ ਸੁਖਚੈਣ ਸਿੰਘ ਉਨ੍ਹਾਂ ਦੇ ਘਰ ਆਏ ਅਤੇ 22ਲੱਖ ਰੁਪਏ ਦੀ ਮੰਗ ਕੀਤੀ ਅਤੇ ਕਿਹਾ ਕਿ ਪਹਿਲਾਂ ਦੁਬਈ ਭੇਜਿਆ ਜਾਵੇਗਾ ਅਤੇ ਫਿਰ ਅੱਗੇ ਕੈਨੇਡਾ ਦਾ ਵੀਜ਼ਾ ਲਵਾ ਕਿ ਭੇਜ ਦਿੱਤਾ ਜਾਵੇਗਾ। ਮੁਦਈ ਨੇ ਸ਼ਿਕਾਇਤ ਵਿਚ ਕਿਹਾ ਸੀ ਕਿ ਉਨ੍ਹਾਂ ਵੱਲੋਂ ਮੰਗੀ ਰਕਮ ਰਿਸ਼ਤੇਦਾਰੀ ਦੇ ਭਰੋਸੇ ਦੇ ਦਿੱਤੀ ਪਰ ਨਾ ਤਾਂ ਦੁਬਈ ਦਾ ਵੀਜ਼ਾ ਲਵਾਇਆ ਅਤੇ ਨਾ ਹੀ ਕੈਨੇਡਾ ਦਾ ਵੀਜ਼ਾ ਲਵਾਇਆ। ਬਾਅਦ ਵਿਚ ਉਕਤ ਵਿਅਕਤੀਆਂ ਨੇ ਪੈਸੇ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਪੀੜਤ ਧਿਰ ਦਾ ਦੋਸ਼ ਸੀ ਕਿ ਇਹ ਠੱਗੀ ਉਕਤ ਵਿਅਕਤੀਆਂ ਨੇ ਸਾਜਿਸ਼ ਤਹਿਤ ਹੀ ਠੱਗੀ ਮਾਰੀ। ਇਸ ਮਾਮਲੇ ਦੀ ਪੜਤਾਲ ਉਪਰੰਤ ਸਿਟੀ ਮਲੋਟ ਵਿਖੇ ਸੁਖਚੈਨ ਸਿੰਘ ਉਸਦੀ ਪਤਨੀ ਪਰਮਜੀਤ ਕੌਰ, ਹਰਪ੍ਰੀਤ ਕੌਰ ਪੁੱਤਰੀ ਨਛੱਤਰ ਸਿੰਘ ਅਤੇ ਬਿਕਰਮਜੀਤ ਸਿੰਘ ਵਿਰੁੱਧ ਧੋਖਾਧੜੀ ਸਮੇਤ ਵੱਖ ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।

## ਆਡੀ ਦੀ ਟੱਕਰ ਨਾਲ ਹਵਾ 'ਚ ਉੱਛਲੀ ਔਰਤ, ਸੜਕ ਦੇ ਦੂਜੇ ਪਾਸੇ ਡਿੱਗੀ

ਜ਼ੀਰਕਪੁਰ 13 ਮਾਰਚ। ਸ਼ਹਿਰ ਦੀ ਸਭ ਤੋਂ ਵਿਅਸਤ ਮੰਨੀ ਜਾਣ ਵਾਲੀ ਵੀ. ਆਈ. ਪੀ. ਰੋਡ 'ਤੇ ਇਕ ਭਿਆਨਕ ਸੜਕ ਹਾਦਸੇ 'ਚ ਵਿਦੇਸ਼ੀ ਮੂਲ ਦੀ ਔਰਤ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਤੇਜ਼ ਰਫ਼ਤਾਰ ਆਡੀ ਕਾਰ ਨੇ ਸੜਕ ਪਾਰ ਕਰ ਰਹੀ ਔਰਤ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਕਾਰ ਚਾਲਕ ਹਾਦਸੇ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋ ਗਿਆ। ਜਾਣਕਾਰੀ ਅਨੁਸਾਰ ਮ੍ਰਿਤਕ ਔਰਤ ਦੀ ਪਛਾਣ 37 ਸਾਲਾ ਮਾਵਲੂਦਾ ਵਜੋਂ ਹੋਈ ਹੈ, ਜੋ ਤੁਰਕੀ ਦੀ ਰਹਿਣ ਵਾਲੀ ਦੱਸੀ ਜਾ ਰਹੀ ਹੈ। ਮ੍ਰਿਤਕਾ ਦੇ ਦੋਸਤ ਅਭਿਸ਼ੇਕ ਨੇ ਦੱਸਿਆ ਕਿ ਮਾਵਲੂਦਾ ਹਸਪਤਾਲ 'ਚ ਦਾਖ਼ਲ ਇਕ ਜਾਣ-ਪਛਾਣ ਵਾਲੇ ਨੂੰ ਮਿਲਣ ਆਈ ਹੋਈ ਸੀ। ਰਾਤ ਕਰੀਬ 12 ਵਜੇ ਜਦੋਂ ਉਹ ਹਸਪਤਾਲ ਤੋਂ ਬਾਹਰ ਨਿਕਲੇ ਅਤੇ ਪੈਦਲ ਸੜਕ ਪਾਰ ਕਰ ਰਹੇ ਸਨ ਤਾਂ ਤੇਜ਼ ਰਫ਼ਤਾਰ ਆਡੀ ਕਾਰ ਨੇ ਮਾਵਲੂਦਾ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਮਾਵਲੂਦਾ ਹਵਾ 'ਚ ਉੱਛਲ ਕੇ ਸੜਕ ਦੇ ਦੂਜੇ ਪਾਸੇ ਜਾ ਡਿੱਗੀ। ਸਿਰ 'ਤੇ ਗੰਭੀਰ ਸੱਟ ਲੱਗਣ ਅਤੇ ਬਹੁਤ ਜ਼ਿਆਦਾ ਖ਼ੂਨ ਵਗਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਕਾਰ ਚਾਲਕ ਹਨੇਰੇ ਦਾ ਫ਼ਾਇਦਾ ਚੁੱਕਦਿਆਂ ਕਾਰ ਸਮੇਤ ਮੌਕੇ ਤੋਂ ਫ਼ਰਾਰ ਹੋ ਗਿਆ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਟੀਮ ਤੁਰੰਤ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਜਾਂਚ ਅਧਿਕਾਰੀ ਰਾਜ ਕੁਮਾਰ ਨੇ ਦੱਸਿਆ ਕਿ ਮ੍ਰਿਤਕਾ ਤੁਰਕੀ ਦੀ ਮੂਲ ਨਿਵਾਸੀ ਸੀ। ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ ਡੇਰਾਬੱਸੀ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾ ਦਿੱਤਾ ਹੈ। ਪੁਲਸ ਮੁਤਾਬਕ ਮਾਵਲੂਦਾ ਦੀ ਭੈਣ ਭਾਰਤ ਲਈ ਰਵਾਨਾ ਹੋ ਚੁੱਕੀ ਹੈ ਅਤੇ ਉਸ ਦੇ ਆਉਣ ਤੋਂ ਬਾਅਦ ਹੀ ਪੋਸਟਮਾਰਟਮ ਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਕਲਰਕ ਨਵਨੀਤ ਕੌਰ ਨੂੰ ਜੂਡੀਸ਼ੀਅਲ ਹਿਰਾਸਤ 'ਚ ਭੇਜਿਆ

ਅੰਮ੍ਰਿਤਸਰ 13 ਮਾਰਚ। ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੀ ਗਈ ਮਹਿਲਾ ਕਲਰਕ ਨਵਨੀਤ ਕੌਰ ਨੂੰ ਅਦਾਲਤ ਨੇ ਜੂਡੀਸ਼ੀਅਲ ਹਿਰਾਸਤ ਵਿਚ ਭੇਜਣ ਦੇ ਨਿਰਦੇਸ਼ ਦਿੱਤੇ ਹਨ। ਵਿਜੀਲੈਂਸ ਬਿਊਰੋ ਨੇ ਬੀਤੇ ਦਿਨ ਉਕਤ ਮਹਿਲਾ ਕਲਰਕ ਨੂੰ 20 ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ। ਜਾਣਕਾਰੀ ਅਨੁਸਾਰ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 'ਤੇ ਕਥਿਤ ਮਹਿਲਾ ਕਲਰਕ ਬਾਰੇ ਸ਼ਿਕਾਇਤ ਦਰਜ ਕਰਵਾਈ ਗਈ ਸੀ। ਦੋਸ਼ ਸੀ ਕਿ ਮੀਟਰ ਰੀਡਿੰਗ ਵਿਚ ਫਰਕ ਹੋਣ ਕਾਰਨ ਬਿਜਲੀ ਦਾ ਬਿੱਲ ਲਗਭਗ 70 ਹਜ਼ਾਰ ਰੁਪਏ ਆ ਗਿਆ, ਜੋ ਕਿ ਅਸਲ ਬਿਜਲੀ ਬਿੱਲ ਨਾਲੋਂ ਕਾਫ਼ੀ ਜ਼ਿਆਦਾ ਸੀ। ਇਸ ਤੋਂ ਚਿੰਤਤ ਹੋ ਕੇ ਸ਼ਿਕਾਇਤਕਰਤਾ ਨੇ ਕਲਰਕ ਨਵਨੀਤ ਕੌਰ ਨਾਲ ਸੰਪਰਕ ਕੀਤਾ। ਦੱਸਿਆ ਜਾ ਰਿਹਾ ਹੈ ਕਿ ਕਲਰਕ ਨਵਨੀਤ ਕੌਰ ਨੇ ਉਸ ਦਾ ਬਿਜਲੀ ਬਿੱਲ ਮੁਆਫ਼ ਕਰਨ ਦਾ ਵਾਅਦਾ ਕੀਤਾ ਅਤੇ 35 ਹਜ਼ਾਰ ਰੁਪਏ ਦੀ ਰਿਸ਼ਵਤ ਮੰਗੀ, ਪਰ ਸੌਦਾ 20 ਹਜ਼ਾਰ ਰੁਪਏ ਵਿਚ ਤੈਅ ਹੋ ਗਿਆ। ਪੀੜਤ ਨੇ 18 ਹਜ਼ਾਰ ਰੁਪਏ ਆਨਲਾਈਨ ਅਤੇ 2 ਹਜ਼ਾਰ ਰੁਪਏ ਨਕਦ ਅਦਾ ਕੀਤੇ। ਜਦੋਂ ਇਹ ਮਾਮਲਾ ਵਿਜੀਲੈਂਸ ਬਿਊਰੋ ਤੱਕ ਪਹੁੰਚਿਆ ਤਾਂ ਮੁਲਜ਼ਮ ਔਰਤ ਖ਼?ਲਾਫ਼ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵਿਜੀਲੈਂਸ ਬਿਊਰੋ ਦੀ ਟੀਮ ਨੇ ਜਦੋਂ ਮੁਲਜ਼ਮ ਔਰਤ ਨੂੰ ਅਦਾਲਤ ਵਿਚ ਪੇਸ਼ ਕੀਤਾ ਤਾਂ ਮਾਣਯੋਗ ਜੱਜ ਨੇ ਉਸ ਨੂੰ ਨਿਆਂਇਕ (ਜੂਡੀਸ਼ੀਅਲ) ਹਿਰਾਸਤ ਵਿਚ ਭੇਜਣ ਦੇ ਹੁਕਮ ਦਿੱਤੇ।

## ਨਾਬਾਲਗਾ ਨਾਲ ਜਬਰ-ਜ਼ਨਾਹ ਕਰਵਾਉਣ ਦੇ ਮਾਮਲੇ 'ਚ 2 ਭੈਣਾਂ ਗ੍ਰਿਫਤਾਰ

ਤਰਨਤਾਰਨ 13 ਮਾਰਚ। ਵਿਧਾਨ ਸਭਾ ਹਲਕਾ ਪੱਟੀ ਅਧੀਨ ਆਉਂਦੇ ਇਕ ਇਲਾਕੇ ਦੀ 14 ਸਾਲਾ ਨਾਬਾਲਗ ਲੜਕੀ ਨਾਲ ਛੇੜਛਾੜ ਕਰਨ ਅਤੇ ਜ਼ਬਰਦਸਤੀ ਸਰੀਰਕ ਸਬੰਧ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਿਟੀ ਪੱਟੀ ਦੀ ਪੁਲਸ ਨੇ 2 ਭੈਣਾਂ ਨੂੰ ਗ੍ਰਿਫਤਾਰ ਕਰਦੇ ਹੋਏ ਮੁੱਖ ਮੁਲਜ਼ਮ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਥਾਣਾ ਸਿਟੀ ਪੱਟੀ ਦੀ ਸਬ-ਇੰਸਪੈਕਟਰ ਮਨਦੀਪ ਕੌਰ ਨੇ ਦੱਸਿਆ ਕਿ ਪੱਟੀ ਇਲਾਕੇ ਅਧੀਨ ਆਉਂਦੇ ਇਕ ਮੁਹੱਲੇ 'ਚ ਇਕ ਪਰਿਵਾਰ ਨੇ ਗੁਰਮੀਤ ਕੌਰ ਉਰਫ ਸੁਨੇਹਾ ਪਤਨੀ ਗੁਰਪ੍ਰੀਤ ਸਿੰਘ ਅਤੇ ਕੁਲਵਿੰਦਰ ਕੌਰ ਉਰਫ ਕਿੰਦੂ ਪੁੱਤਰੀ ਲੱਖਾ ਸਿੰਘ ਨੂੰ ਆਪਣੇ ਘਰ 'ਚ ਕਮਰਾ ਕਿਰਾਏ 'ਤੇ ਦੇ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਘਰ ਵਿਚ ਰਹਿੰਦੀ 14 ਸਾਲਾ ਨਾਬਾਲਗ ਲੜਕੀ ਦੀ ਮਾਂ ਕਿਸੇ ਕੰਮ ਲਈ ਅੰਮ੍ਰਿਤਸਰ ਗਈ ਹੋਈ ਸੀ ਤਾਂ ਉਦੋਂ ਦੋਵੇਂ ਔਰਤਾਂ ਨਾਬਾਲਗ ਲੜਕੀ ਨੂੰ ਗੱਲਾਂ 'ਚ ਲੈ ਕੇ ਭਿੱਖੀਵਿੰਡ ਲੈ ਗਈਆਂ, ਜਿੱਥੇ ਇਕ ਕਮਰੇ 'ਚ ਅਜੇਦੀਪ ਸਿੰਘ ਉਰਫ ਅਜੇ ਵਾਸੀ ਭਿੱਖੀਵਿੰਡ ਆਇਆ ਅਤੇ ਲੜਕੀ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਏ। ਸਬ-ਇੰਸਪੈਕਟਰ ਮਨਦੀਪ ਕੌਰ ਨੇ ਦੱਸਿਆ ਕਿ ਇਸ ਮਾਮਲੇ ਵਿਚ ਨਾਬਾਲਗ ਲੜਕੀ ਵੱਲੋਂ ਦਿੱਤੀ ਗਈ ਸ਼ਿਕਾਇਤ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਸ ਦਾ ਜਿੱਥੇ ਮੈਡੀਕਲ ਕਰਵਾਇਆ ਗਿਆ ਹੈ, ਉੱਥੇ ਹੀ ਉਸ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ।

# ਔਜਲਾ ਖੁਦ ਸੜਕਾਂ 'ਤੇ ਉਤਰੇ, ਏਅਰਪੋਰਟ ਰੋਡ ਦੀ ਟਰੈਫਿਕ ਸਮੱਸਿਆ ਦੇ ਹੱਲ ਲਈ ਵੱਡੀ ਪਹਿਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 13 ਮਾਰਚ। ਏਅਰਪੋਰਟ ਰੋਡ 'ਤੇ ਲਗਾਤਾਰ ਵੱਧ ਰਹੀ ਟ?ਰੈਫਿਕ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਖੁਦ ਸੜਕਾਂ 'ਤੇ ਉਤਰੇ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੌਕੇ 'ਤੇ ਹਾਲਾਤਾਂ ਦਾ ਜਾਇਜ਼ਾ ਲਿਆ। ਸੰਸਦ ਮੈਂਬਰ ਨੇ ਗੁਮਟਾਲਾ ਬਾਈਪਾਸ ਫਲਾਈਓਵਰ, ਗੁੰਮਟਾਲਾ ਦੇ ਹੇਠਾਂ ਵਾਲਾ ਇਲਾਕਾ, ਇਨਆਊਟ ਬੇਕਰੀ ਦੇ ਬਾਹਰ, ਗਰੇਵਾਲ ਫਾਰਮ, ਲੋਹਾਰਕਾ ਰੋਡ ਅਤੇ ਏਅਰਪੋਰਟ ਰੋਡ ਦੇ ਹੋਰ ਮਹੱਤਵਪੂਰਨ ਸਥਾਨਾਂ ਦਾ ਨਿਰੀਖਣ ਕੀਤਾ। ਇਸ ਦੌਰਾਨ ਸਿੰਚਾਈ ਵਿਭਾਗ, ਲੋਕ ਨਿਰਮਾਣ ਵਿਭਾਗ (ਪੀ. ਡਬਲਿਊ. ਡੀ.) ਅਤੇ ਰਾਸ਼ਟਰੀ ਰਾਜਮਾਰਗ ਵਿਭਾਗ ਦੇ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਨਿਰੀਖਣ ਦੌਰਾਨ ਗੁੰਮਟਾਲਾ ਬਾਈਪਾਸ ਫਲਾਈਓਵਰ ਕੋਲ ਸਰਵਿਸ ਲੇਨ ਬਣਾਉਣ ਅਤੇ ਸੜਕ ਨੂੰ ਅੱਗੇ ਤੱਕ ਵਧਾਉਣ ਦਾ ਪ੍ਰਸਤਾਵ ਰੱਖਿਆ ਗਿਆ। ਇਸ ਤੋਂ ਇਲਾਵਾ ਗੁੰਮਟਾਲਾ ਤੋਂ ਲੋਹਾਰਕਾ ਰੋਡ ਤੱਕ ਨਾਲੇ ਦੇ ਨਾਲ-ਨਾਲ ਨਵੀਂ ਸੜਕ ਬਣਾਉਣ ਦੀ ਯੋਜਨਾ 'ਤੇ ਵੀ ਚਰਚਾ ਕੀਤੀ ਗਈ, ਤਾਂ ਜੋ ਟ?ਰੈਫਿਕ ਦਾ ਦਬਾਅ ਘਟਾਇਆ ਜਾ ਸਕੇ ਅਤੇ ਲੋਕਾਂ ਨੂੰ ਇਕ ਵਿਕਲਪ ਰਸਤਾ ਮਿਲ ਸਕੇ। ਗਰੇਵਾਲ ਫਾਰਮ ਕੋਲ ਟ?ਰੈਫਿਕ ਪ੍ਰਬੰਧਨ ਸੁਧਾਰਨ ਲਈ ਦੋ ਨਵੇਂ ਕੱਟ ਲਗਾਉਣ ਅਤੇ ਉੱਥੇ ਟ?ਰੈਫਿਕ ਲਾਈਟਾਂ ਲਗਾਉਣ ਦਾ ਪ੍ਰਸਤਾਵ ਦਿੱਤਾ ਗਿਆ। ਸੰਸਦ ਮੈਂਬਰ ਨੇ ਸਪੱਸ਼ਟ ਨਿਰਦੇਸ਼ ਦਿੱਤੇ ਕਿ ਕੰਮ ਦੀ ਸ਼ੁਰੂਆਤ ਟ?ਰੈਫਿਕ



ਸਿਗਨਲ ਲਗਾਉਣ ਨਾਲ ਕੀਤੀ ਜਾਵੇ। ਗੁਮਟਾਲਾ ਦੇ ਚੌਕ ਅਤੇ ਇਨਆਊਟ ਬੇਕਰੀ ਦੇ ਬਾਹਰ ਅਤੇ ਗੁਰਦੁਆਰਾ ਸ਼੍ਰੀ ਚੰਦ ਜੀ ਕੇ ਬਾਹਰ ਵੀ ਟ?ਰੈਫਿਕ ਲਾਈਟਾਂ ਲਗਾਉਣ ਦੇ ਆਦੇਸ਼ ਜਾਰੀ ਕੀਤੇ ਗਏ, ਤਾਂ ਜੋ ਜਾਮ ਦੀ ਸਮੱਸਿਆ 'ਤੇ ਤੁਰੰਤ ਕਾਬੂ ਪਾਇਆ ਜਾ ਸਕੇ। ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਏਅਰਪੋਰਟ ਰੋਡ 'ਤੇ ਜਾਮ ਦੀ ਸਥਿਤੀ ਇੰਨੀ ਗੰਭੀਰ ਹੋ ਚੁੱਕੀ ਹੈ ਕਿ ਕਈ ਵਾਰ ਯਾਤਰੀਆਂ ਨੂੰ ਭਾਰੀ ਟ?ਰੈਫਿਕ ਕਾਰਨ ਆਪਣੀਆਂ ਉਡਾਣਾਂ ਤੱਕ ਛੱਡਣੀਆਂ ਪੈਂਦੀਆਂ ਹਨ। ਇਹ ਨਾ ਸਿਰਫ਼ ਆਮ ਲੋਕਾਂ ਲਈ ਮੁਸ਼ਕਲਾਂ ਪੈਦਾ ਕਰਦਾ ਹੈ, ਸਗੋਂ ਸ਼ਹਿਰ ਦੀ ਛਵੀ 'ਤੇ ਵੀ ਅਸਰ ਪਾਂਦਾ ਹੈ। ਉਨ੍ਹਾਂ ਸੰਬੰਧਤ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਚਰਨਬੱਧ ਯੋਜਨਾ ਤਿਆਰ ਕਰਕੇ ਜਲਦੀ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਸੜਕ ਚੌੜੀਕਰਨ, ਸਰਵਿਸ ਲੇਨ, ਨਵੇਂ ਕੱਟ ਅਤੇ ਟ?ਰੈਫਿਕ ਸਿਗਨਲਾਂ ਰਾਹੀਂ ਇਸ ਸਮੱਸਿਆ ਦਾ ਸਥਾਈ ਹੱਲ ਕੀਤਾ ਜਾਵੇਗਾ। ਇਸ ਮੌਕੇ ਰਾਜ ਕੁਮਾਰ ਵੇਰਕਾ, ਜੁਗਲ ਕਿਸ਼ੋਰ ਸ਼ਰਮਾ ਅਤੇ ਮਿਥੁ ਮਦਾਨ ਵੀ ਮੌਜੂਦ ਸਨ। ਸੰਸਦ ਮੈਂਬਰ ਨੇ ਭਰੋਸਾ ਦਿਵਾਇਆ ਕਿ ਏਅਰਪੋਰਟ ਰੋਡ ਦੀ ਟ?ਰੈਫਿਕ ਸਮੱਸਿਆ ਨੂੰ ਤਰਜੀਹੀ ਅਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਜਲਦ ਹੀ ਸ਼ਹਿਰਵਾਸੀਆਂ ਨੂੰ ਜਾਮ ਤੋਂ ਰਾਹਤ ਮਿਲੇਗੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਗੈਂਗਸਟਰਾਂ ਨੂੰ ਅਪਰਾਧ ਤੋਂ ਪਹਿਲਾਂ ਹੀ ਨਾਕਾਮ ਕਰਨ ਵਿੱਚ ਕਿਵੇਂ ਕੰਮ ਕਰਦਾ ਹੈ ਪੰਜਾਬ ਪੁਲਿਸ ਦਾ ਵਾਰ ਰੂਮ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਦਾ ਵਾਰ ਰੂਮ ਕਾਲ ਰਿਕਾਰਡਾਂ, ਡਿਜੀਟਲ ਨਕਸ਼ਿਆਂ ਅਤੇ ਖੁਫ਼ੀਆ ਜਾਣਕਾਰੀ ਬਾਰੇ ਸੂਚਨਾਵਾਂ ਨਾਲ ਹਰ ਸਮੇਂ ਕਾਰਜਸ਼ੀਲ ਰਹਿੰਦਾ ਹੈ। ਸੂਬੇ ਭਰ ਦੇ ਜ਼ਿਲ੍ਹਿਆਂ ਤੋਂ ਮਿਲਦੇ ਫੀਲਡ ਅਪਡੇਟਸ ਨਾਲ ਫੋਨਾਂ ਦੀਆਂ ਘੰਟੀਆਂ ਖੜਕਦੀਆਂ ਰਹਿੰਦੀਆਂ ਹਨ। ਇਥੇ ਕੰਮ ਕਰਦੇ ਅਧਿਕਾਰੀਆਂ ਲਈ ਇਹ ਸੰਗਠਿਤ ਅਪਰਾਧ ਵਿਰੁੱਧ ਇੱਕ ਸ਼ਾਂਤ ਪਰ ਨਿਰੰਤਰ ਲੜਾਈ ਦਾ ਕੇਂਦਰ ਬਿੰਦੂ ਹੈ- ਜੋ ਗੈਂਗਸਟਰਾਂ ਵੱਲੋਂ ਕਾਰਵਾਈ ਨੂੰ ਅੰਜ਼ਾਮ ਦੇਣ ਤੋਂ ਪਹਿਲਾਂ ਹੀ ਇਸਨੂੰ ਰੋਕਣ ਦਾ ਟੀਚਾ ਰੱਖਦਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਪੁਲਿਸ ਪ੍ਰਾਪਤ ਹੋਣ ਵਾਲੀ ਖੁਫੀਆ ਜਾਣਕਾਰੀ ਨੂੰ ਤਕਨਾਲੋਜੀ ਨਾਲ ਜੋੜ ਕੇ ਰਾਜਾਂ ਅਤੇ ਇੱਥੋਂ ਤੱਕ ਕਿ ਵਿਦੇਸ਼ਾਂ ਵਿੱਚ ਬੈਠ ਕੇ ਕੰਮ ਕਰਦੇ ਗੈਂਗਸਟਰਾਂ ਦੇ ਨੈਟਵਰਕਾਂ ਨੂੰ ਟਰੈਕ ਕਰਨ ਲਈ ਖੁਫੀਆ ਜਾਣਕਾਰੀ ਅਧਾਰਤ ਪੁਲਿਸਿੰਗ ਵੱਲ ਲਗਾਤਾਰ ਕਦਮ ਵਧਾ ਰਹੀ ਹੈ। ਸੂਬੇ 'ਚ ਸਰਗਰਮ ਜ਼ਿਆਦਾਤਰ ਨਾਮੀ ਗਿਰੋਹ ਹੁਣ ਵਿਕੇਂਦਰੀਕ੍ਰਿਤ ਸੈੱਲਾਂ ਰਾਹੀਂ ਕੰਮ ਕਰਦੇ ਹਨ, ਜਿਸ ਵਿੱਚ ਵਿਦੇਸ਼-ਅਧਾਰਤ ਹੈਂਡਲਰ ਨਿਰਦੇਸ਼ ਜਾਰੀ ਕਰਦੇ ਹਨ ਜਦੋਂ ਕਿ ਸਥਾਨਕ ਕਾਰਕੁੰਨ ਕਾਰਵਾਈ ਨੂੰ ਅੰਜਾਮ ਦਿੰਦੇ ਹਨ।

ਇਸ ਵੱਧ ਰਹੇ ਖ਼ਤਰੇ ਦਾ ਮੁਕਾਬਲਾ ਕਰਨ ਲਈ, ਜਾਂਚਕਰਤਾ ਅਧਿਕਾਰੀ/ਕਰਮਚਾਰੀ ਡਿਜੀਟਲ ਸਾਧਨਾਂ ਵੱਲ ਰੁਖ ਕਰ ਰਹੇ ਹਨ ਜੋ ਉਹਨਾਂ ਨੂੰ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਖੁਫੀਆ ਕਾਰਵਾਈ ਦੀ ਆਗਿਆ ਦਿੰਦੇ ਹਨ।

ਸਭ ਤੋਂ ਮਹੱਤਵਪੂਰਨ ਪਹਿਲਕਦਮੀਆਂ ਵਿੱਚੋਂ ਇੱਕ ਡੇਟਾ-ਸੰਚਾਲਿਤ ਅਪਰਾਧਿਕ ਡੇਟਾਬੇਸ ਅਤੇ ਆਵਾਜ਼ ਪਛਾਣ ਪ੍ਰਣਾਲੀਆਂ ਦੀ ਵਰਤੋਂ ਹੈ। ਹਾਲ ਹੀ ਵਿੱਚ ਪੰਜਾਬ ਪੁਲਿਸ ਨੇ ਅਪਰਾਧੀਆਂ ਅਤੇ ਸ਼ੱਕੀਆਂ ਦੇ 72,000 ਤੋਂ ਵੱਧ ਆਵਾਜ਼ ਦੇ ਨਮੂਨੇ ਪੰਜਾਬ ਆਰਟੀਫੀਸ਼ੀਅਲ ਇੰਟੈਲੀਜੈਂਸ ਸਿਸਟਮ (ਪੀਏਆਈਸੀ) ਵਿੱਚ ਸ਼ਾਮਲ ਕੀਤੇ ਹਨ, ਜੋ ਜਬਰਨ ਵਸੂਲੀ ਅਤੇ ਧਮਕੀ ਵਾਲੀਆਂ ਕਾਲਾਂ ਕਰਨ ਵਾਲੇ ਵਿਅਕਤੀਆਂ ਦੀ ਜਲਦ ਪਛਾਣ ਕਰਨ ਲਈ ਇੱਕ ਮੋਬਾਈਲ-ਅਧਾਰਤ ਐਪਲੀਕੇਸ਼ਨ ਹੈ।

ਅਜਿਹੀ ਤਕਨਾਲੋਜੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਜਬਰਨ ਵਸੂਲੀ ਵਾਲੇ ਰੈਕੇਟ ਰਾਜ ਵਿੱਚ ਗੈਂਗਸਟਰ ਗਤੀਵਿਧੀਆਂ ਦੀ ਇੱਕ ਵੱਡੀ ਸ਼ਾਖਾ ਬਣ ਰਹੇ ਹਨ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਬਹੁਤ ਸਾਰੀਆਂ ਧਮਕੀਆਂ ਇੰਟਰਨੈਟ-ਅਧਾਰਤ ਕਾਲਾਂ ਜਾਂ ਏਨਕ੍ਰਿਪਟਡ ਮੈਸੇਜਿੰਗ ਐਪਸ ਰਾਹੀਂ ਅਕਸਰ ਵਿਦੇਸ਼ੀ ਨੰਬਰਾਂ ਤੋਂ ਆਉਂਦੀਆਂ ਹਨ, ਜਦੋਂ ਕਿ ਸਥਾਨਕ ਸ਼ੂਟਰਾਂ ਨੂੰ ਪੀੜਤਾਂ ਨੂੰ ਡਰਾਉਣ- ਧਮਕਾਉਣ ਲਈ ਗਰੁੱਪ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

ਓਪਰੇਸ਼ਨਾਂ ਤੋਂ ਜਾਣੂ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਹਰ ਕਾਲ, ਹਰ ਸੁਨੇਹਾ ਕੋਈ ਨਾ ਕੋਈ ਡਿਜੀਟਲ ਸਬੂਤ ਛੱਡਦਾ ਹੈ। ਸਾਡਾ ਕੰਮ ਅਪਰਾਧ ਨੂੰ ਰੋਕਣ ਲਈ ਉਹਨਾਂ ਕੜੀਆਂ ਨੂੰ ਜੋੜਨਾ ਹੈ। ਇਸ ਪਹੁੰਚ ਨੇ ਪਹਿਲਾਂ ਹੀ ਕਈ ਯੋਜਨਾਬੱਧ ਹਮਲਿਆਂ ਨੂੰ ਨਾਕਾਮ ਕਰਨ ਵਿੱਚ ਮਦਦ ਕੀਤੀ ਹੈ।

ਇੱਕ ਮਾਮਲੇ ਵਿੱਚ ਪੁਲਿਸ ਦੁਆਰਾ ਇੱਕਤਰ ਕੀਤੀ ਗਈ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਵਿਦੇਸ਼-ਅਧਾਰਤ ਗੈਂਗਸਟਰ ਨਾਲ ਸਬੰਧਤ ਦੋ ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਨੂੰ ਪੰਜਾਬ ਵਿੱਚ ਇੱਕ ਨਿਸ਼ਾਨਾ ਹੱਤਿਆ ਦਾ ਕੰਮ ਸੌਂਪਿਆ ਗਿਆ ਸੀ। ਪ੍ਰਾਪਤ ਸੂਚਨਾ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਹਮਲਾ ਹੋਣ ਤੋਂ ਪਹਿਲਾਂ ਸ਼ੱਕੀਆਂ ਨੂੰ ਘੇਰ ਕੇ ਉਨ੍ਹਾਂ ਤੋਂ ਇੱਕ ਪਿਸਤੌਲ ਅਤੇ ਗੋਲਾ ਬਾਰੂਦ ਬਰਾਮਦ ਕਰ ਲਿਆ।

ਇਹ ਗ੍ਰਿਫ਼ਤਾਰੀਆਂ ਡਿਜੀਟਲ ਨਿਗਰਾਨੀ ਦਾ ਸਿੱਟਾ ਸਨ ਜਿਸ ਨੇ ਗਿਰੋਹ ਦੇ ਸੰਚਾਲਕਾਂ ਅਤੇ ਸਥਾਨਕ ਕਾਰਕੁੰਨਾਂ ਦਰਮਿਆਨ ਗੱਲਬਾਤ ਨੂੰ ਟਰੈਕ ਕੀਤਾ, ਜਿਸ ਬਾਰੇ ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਇਹ ਗਿਰੋਹਾਂ ਦਰਮਿਆਨ ਸੰਚਾਰ ਦਾ ਆਮ ਵਰਤਾਰਾ ਹੈ।

ਪੰਜਾਬ ਪੁਲਿਸ ਨੇ ਸੰਗਠਿਤ ਅਪਰਾਧ 'ਤੇ ਵਿਸ਼ੇਸ਼ ਤੌਰ 'ਤੇ ਧਿਆਨ ਕੇਂਦਰਿਤ ਕਰਦਿਆਂ ਵਿਸ਼ੇਸ਼ ਯੂਨਿਟਾਂ ਦਾ ਵੀ ਵਿਸਥਾਰ ਕੀਤਾ ਹੈ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਹੁਣ ਰਾਜ ਵਿਆਪੀ ਅਧਿਕਾਰ ਖੇਤਰ ਦੇ ਨਾਲ ਕੰਮ ਕਰਦੀ ਹੈ, ਜਿਸ ਕੋਲ ਆਪਣਾ ਇੱਕ ਸਮਰਪਿਤ ਪੁਲਿਸ ਸਟੇਸ਼ਨ ਅਤੇ ਵਿਸ਼ੇਸ਼ ਫੋਰਸ ਹੈ, ਜੋ ਇਸ ਨੂੰ ਪ੍ਰਕਿਰਿਆਤਮਕ ਦੇਰੀ ਤੋਂ ਬਿਨਾਂ ਹਰ ਇੱਕ ਜ਼ਿਲ੍ਹੇ ਦੀਆਂ ਹੱਦਾਂ ਵਿੱਚ ਜਾਂਚ ਦੇ ਯੋਗ ਬਣਾਉਂਦੀ ਹੈ।

ਇਹਨਾਂ ਯੂਨਿਟਾਂ ਦੇ ਅੰਦਰ ਵਿਸ਼ਲੇਸ਼ਕ ਅਪਰਾਧਿਕ ਨੈੱਟਵਰਕਾਂ ਦੀ ਉਸੇ ਤਰ੍ਹਾਂ ਨਿਗਰਾਨੀ ਕਰਦੇ ਹਨ ਜਿਵੇਂ ਕਿ ਖੁਫੀਆ ਏਜੰਸੀਆਂ ਸੁਰੱਖਿਆ ਖਤਰਿਆਂ ਨੂੰ ਟਰੈਕ ਕਰਦੀਆਂ ਹਨ। ਗਿਰੋਹ ਦੇ ਮੈਂਬਰਾਂ, ਫੰਡਿੰਗ ਅਤੇ ਉਨ੍ਹਾਂ ਦੇ ਸਾਥੀਆਂ ਦਰਮਿਆਨ ਸਬੰਧਾਂ ਦੀ ਪਛਾਣ ਕਰਨ ਲਈ ਕਾਲ ਡੇਟਾ ਦੇ ਰਿਕਾਰਡ, ਵਿੱਤੀ ਲੈਣ-ਦੇਣ ਅਤੇ ਯਾਤਰਾ ਪੈਟਰਨਾਂ ਦੀ ਜਾਂਚ ਕੀਤੀ ਜਾਂਦੀ ਹੈ। ਇਹਨਾਂ ਕੋਸ਼ਿਸ਼ਾਂ ਦਾ ਦਾਇਰਾ ਭਾਰਤ ਦੀਆਂ ਸਰਹੱਦਾਂ ਤੋਂ ਵੀ ਪਰੇ ਤੱਕ ਹੈ। ਪੁਲਿਸ ਦੇ ਅਨੁਮਾਨਾਂ ਅਨੁਸਾਰ ਲਗਭਗ ਪੰਜਾਬ ਨਾਲ ਸਬੰਧਤ 60 ਗੈਂਗਸਟਰ ਇਸ ਸਮੇਂ ਵਿਦੇਸ਼ਾਂ, ਖਾਸ ਕਰਕੇ ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਵਰਗੇ ਦੇਸ਼ਾਂ ਵਿੱਚ ਬੈਠੇ ਹਨ, ਜਿੱਥੋਂ ਉਹ ਆਪਣੇ ਸਥਾਨਕ ਕਾਰਕੁੰਨਾਂ ਰਾਹੀਂ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦਿੰਦੇ ਹਨ।

ਅਜਿਹੇ ਨੈੱਟਵਰਕਾਂ ਨੂੰ ਟਰੈਕ ਕਰਨ ਲਈ ਕੇਂਦਰੀ ਏਜੰਸੀਆਂ ਅਤੇ ਅੰਤਰਰਾਸ਼ਟਰੀ ਕਾਨੂੰਨ ਲਾਗੂਕਰਨ ਵਾਲੀਆਂ ਸੰਸਥਾਵਾਂ ਨਾਲ ਤਾਲਮੇਲ ਦੀ ਲੋੜ ਹੁੰਦੀ ਹੈ। ਵਿਦੇਸ਼ਾਂ 'ਚ ਬੈਠੇ ਇਹਨਾਂ ਸੰਚਾਲਕਾਂ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਦੀ ਹਵਾਲਗੀ ਪ੍ਰਕਿਰਿਆ ਲਈ ਪੰਜਾਬ ਪੁਲਿਸ ਦੁਆਰਾ ਫਿਊਜੀਟਿਵ ਟਰੈਕਿੰਗ ਸੈੱਲ ਸਥਾਪਤ ਕੀਤੇ ਗਏ ਹਨ।

ਤਕਨਾਲੋਜੀ ਦੇ ਨਾਲ-ਨਾਲ, ਰਵਾਇਤੀ ਪੁਲਿਸਿੰਗ ਢੰਗ ਮਹੱਤਵਪੂਰਨ ਰਹਿੰਦੇ ਹਨ। ਸੂਚਨਾ ਦੇਣ ਵਾਲੇ ਨੈੱਟਵਰਕ ਅਤੇ ਸੂਹ ਦੇਣ ਵਾਲੀਆਂ ਗੁਮਨਾਮ ਏਜੰਸੀਆਂ ਸੰਭਾਵਿਤ ਅਪਰਾਧਾਂ ਬਾਰੇ ਪਹਿਲਾਂ ਹੀ ਸੁਰਾਗ ਦੇ ਦਿੰਦੀਆਂ ਹਨ। ਪੰਜਾਬ ਪੁਲਿਸ ਨੇ ਇੱਕ ਸਮਰਪਿਤ ਹੈਲਪਲਾਈਨ ਵੀ ਸ਼ੁਰੂ ਕੀਤੀ ਹੈ ਜੋ ਨਾਗਰਿਕਾਂ ਨੂੰ ਗੁਪਤ ਤੌਰ 'ਤੇ ਗੈਂਗਸਟਰ ਗਤੀਵਿਧੀਆਂ ਦੀ ਰਿਪੋਰਟ ਕਰਨ ਦੀ ਆਗਿਆ ਦਿੰਦੀ ਹੈ, ਇਹ ਯਕੀਨੀ ਬਣਾਉਂਦੀਆਂ ਕਿ ਇਹ ਜਾਣਕਾਰੀ ਸਿੱਧੇ ਵਿਸ਼ੇਸ਼ ਗੈਂਗਸਟਰ ਵਿਰੋਧੀ ਯੂਨਿਟਾਂ ਤੱਕ ਪਹੁੰਚੇ।

ਸੂਝ-ਬੂਝ ਅਤੇ ਡਿਜੀਟਲ ਵਿਸ਼ਲੇਸ਼ਣ ਦੇ ਇਸ ਤਾਲਮੇਲ ਨੇ ਰਾਜ ਵਿੱਚ ਪੁਲਿਸਿੰਗ ਦੀ ਪਰਿਭਾਸ਼ਾ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਹੈ। ਅਪਰਾਧ ਹੋਣ ਤੋਂ ਬਾਅਦ ਕਾਰਵਾਈ ਦੀ ਬਜਾਏ, ਜਾਂਚਕਰਤਾ ਅਧਿਕਾਰੀ ਅਪਰਾਧ ਤੋਂ ਪਹਿਲਾਂ ਹੀ ਸ਼ੂਟਰਾਂ ਦੀ ਪਛਾਣ ਕਰਕੇ ਅਤੇ ਹਥਿਆਰਾਂ ਚਲਾਉਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਰੋਕ ਕੇ ਸਮੁੱਚੀ ਯੋਜਨਾ ਨੂੰ ਨਾਕਾਮ ਕਰਨ ਦਾ ਟੀਚਾ ਰੱਖਦੇ ਹਨ।

ਰਾਜ ਦੇ ਅਪਰਾਧ-ਨਿਗਰਾਨੀ ਕੇਂਦਰਾਂ ਵਿੱਚ ਕੰਮ ਕਰਨ ਵਾਲੇ ਅਧਿਕਾਰੀਆਂ ਦਾ ਉਦੇਸ਼ ਸਪਸ਼ਟ ਹੈ: ਅਪਰਾਧਿਕ ਨੈੱਟਵਰਕਾਂ ਦੇ ਅਗਲੇ ਕਦਮ ਦਾ ਪਹਿਲਾਂ ਹੀ ਅੰਦਾਜ਼ਾ ਲਗਾ ਕੇ ਇਸਨੂੰ ਨਾਕਾਮ ਕਰਨਾ।

# ਭਾਰਤ-ਅਮਰੀਕਾ ਵਪਾਰ ਸਮਝੌਤਾ ਇੱਕ ਅਜਿਹਾ ਸਮਝੌਤਾ ਹੈ ਜੋ ਪੰਜਾਬ ਅਤੇ ਦੇਸ਼ ਦੇ ਕਿਸਾਨਾਂ ਨੂੰ ਬਰਬਾਦ ਕਰ ਦੇਵੇਗਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

## ਭਾਰਤ ਦੇ ਖੇਤੀਬਾੜੀ ਬਾਜ਼ਾਰ ਨੂੰ ਅਮਰੀਕਾ ਲਈ ਖੋਲ੍ਹ ਕੇ ਮੋਦੀ ਸਰਕਾਰ ਦੇਸ਼ ਨੂੰ ਵਿਦੇਸ਼ੀ ਤਾਕਤਾਂ ਦੇ ਰਹਿਮੋ-ਕਰਮ 'ਤੇ ਛੱਡਣ ਦਾ ਲਾਇਸੈਂਸ ਜਾਰੀ ਕਰ ਰਹੀ ਹੈ: ਮੁੱਖ ਮੰਤਰੀ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚਿਤਾਵਨੀ ਦਿੰਦਿਆਂ ਕਿਹਾ ਕਿ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤਾ ਦੇਸ਼ ਦੇ ਖੇਤੀਬਾੜੀ ਸੈਕਟਰ ਨੂੰ ਤਿੰਨ ਕਾਲੇ ਖੇਤੀ ਕਾਨੂੰਨਾਂ, ਜਿਨ੍ਹਾਂ ਕਰਕੇ ਇਤਿਹਾਸਕ ਕਿਸਾਨ ਅੰਦੋਲਨ ਸ਼ੁਰੂ ਹੋਇਆ ਸੀ, ਨਾਲੋਂ ਕਿਤੇ ਵੱਧ ਨੁਕਸਾਨ ਪਹੁੰਚਾ ਸਕਦਾ ਹੈ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਪੇਸ਼ ਕੀਤੇ ਗਏ ਮਤੇ 'ਤੇ ਬਹਿਸ ਨੂੰ ਸਮੇਟਦਿਆਂ ਪੰਜਾਬ ਵਿਧਾਨ ਸਭਾ 'ਚ ਮੁੱਖ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਭਾਰੀ ਸਬਸਿਡੀ ਵਾਲੇ ਅਮਰੀਕੀ ਉਤਪਾਦਾਂ ਲਈ ਭਾਰਤ ਦਾ ਖੇਤੀਬਾੜੀ ਬਾਜ਼ਾਰ ਖੋਲ੍ਹਣ ਨਾਲ ਪੰਜਾਬ ਅਤੇ ਦੇਸ਼ ਭਰ ਦੇ ਕਿਸਾਨਾਂ ਨੂੰ ਇਸਦੇ ਮੁਕਾਬਲੇ ਲਈ ਹੱਦੋਂ ਵੱਧ ਜੱਦੋ-ਜਹਿਦ ਕਰਨੀ ਪਵੇਗੀ।

ਵਪਾਰ ਸਮਝੌਤੇ ਨੂੰ ਦੇਸ਼ ਦੀ ਖੇਤੀਬਾੜੀ ਪ੍ਰਭੂਸੱਤਾ ਲਈ ਵੱਡਾ ਖ਼ਤਰਾ ਕਰਾਰ ਦਿੰਦਿਆਂ,ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮਝੌਤਾ ਭਾਰਤ ਦੇ ਖੇਤੀਬਾੜੀ ਖੇਤਰ ਨੂੰ ਵਿਦੇਸ਼ੀ ਤਾਕਤਾਂ ਦੇ ਰਹਿਮੋ-ਕਰਮ 'ਤੇ ਛੱਡ ਦੇਵੇਗਾ। ਇਸ ਸਮਝੌਤੇ ਦੇ ਬੇਹੱਦ ਮਾੜੇ ਸੰਭਾਵੀ ਪ੍ਰਭਾਵਾਂ ਨੂੰ ਵੇਖਦਿਆਂ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਇਸ ਪ੍ਰਸਤਾਵਿਤ ਸਮਝੌਤੇ ਵਿਰੁੱਧ ਨਿੰਦਾ ਮਤਾ ਪਾਸ ਕੀਤਾ ਗਿਆ। ਸਦਨ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤ-ਅਮਰੀਕਾ ਸਮਝੌਤਾ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਕਾਲੇ ਖੇਤੀ ਕਾਨੂੰਨਾਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ ਅਤੇ ਇਹ ਭਾਰਤ ਦੀ ਖੇਤੀਬਾੜੀ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਈਸਟ ਇੰਡੀਆ ਕੰਪਨੀ ਨੇ ਭਾਰਤ ਉੱਤੇ ਕਬਜ਼ਾ ਕਰਕੇ ਦੇਸ਼ ਨੂੰ ਲੁੱਟਿਆ ਸੀ ਅਤੇ ਹੁਣ 'ਵੈਸਟ ਇੰਡੀਆ ਕੰਪਨੀ' ਨੇ ਦੇਸ਼ ਵਿੱਚ ਘੁਸਪੈਠ ਕਰਨੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਭਾਰਤੀ ਖੇਤੀਬਾੜੀ ਨੂੰ ਤਬਾਹ ਕਰ ਸਕਦਾ ਹੈ, ਇਸ ਕਰਕੇ ਖੇਤੀਬਾੜੀ ਖੇਤਰ ਨੂੰ ਪੂਰੀ ਤਰ੍ਹਾਂ ਇਸ ਤੋਂ ਬਾਹਰ ਰੱਖਣਾ ਚਾਹੀਦਾ ਹੈ।



ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਸ ਪ੍ਰਸਤਾਵਿਤ ਸਮਝੌਤੇ ਬਾਰੇ ਸੰਬੰਧਤ ਰਾਜਾਂ ਨਾਲ ਨਾ ਤਾਂ ਸਲਾਹ ਕੀਤੀ ਗਈ ਅਤੇ ਨਾ ਹੀ ਇਸ ਬਾਰੇ ਕੁਝ ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਭਾਰਤ-ਅਮਰੀਕਾ ਸਮਝੌਤੇ ਬਾਰੇ ਹੁਣ ਤੱਕ ਕਿਸੇ ਵੀ ਰਾਜ ਸਰਕਾਰ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ ਕਿਸੇ ਨੂੰ ਕੁਝ ਦੱਸਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਤਾ ਨਹੀਂ ਇਸ ਮਾਮਲੇ ਵਿੱਚ ਪ੍ਰਧਾਨ ਮੰਤਰੀ ਜੀ ਦੀ ਕੀ ਮਜਬੂਰੀ ਹੈ। ਉਨ੍ਹਾਂ ਕਿਹਾ ਕਿ ਇਸਨੇ ਸਾਰਿਆਂ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ ਕਿ ਕੀ ਭਾਰਤ ਦੇ ਫੈਸਲੇ ਹੁਣ ਵ੍ਹਾਈਟ ਹਾਊਸ ਦੇ ਦਖ਼ਲ ਨਾਲ ਹੋ ਰਹੇ ਹਨ ਅਤੇ ਕੀ ਕੇਂਦਰ ਸਰਕਾਰ ਦਾ ਰਿਮੋਟ ਵਿਦੇਸ਼ੀ ਤਾਕਤਾਂ ਦੇ ਹੱਥ ਵਿੱਚ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਜਿਸ ਤਰੀਕੇ ਨਾਲ ਵੱਡੀ ਤੋਂ ਵੱਡਾ ਗੱਲ ਵੀ ਵਿਦੇਸ਼ ਦੇ ਆਗੂਆਂ ਨਾਲ ਸਾਂਝੀ ਕੀਤੀ ਜਾ ਰਹੀ ਹੈ, ਇਹ ਆਪਣੇ ਆਪ ਵਿੱਚ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ ਕਿਹਾ ਕਿ ਜਦੋਂ ਭਾਰਤ-ਪਾਕਿਸਤਾਨ ਜੰਗਬੰਦੀ ਹੋਈ ਸੀ,ਤਾਂ ਇਹ ਜਾਣਕਾਰੀ ਸਭ ਤੋਂ ਪਹਿਲਾਂ ਡੋਨਾਲਡ ਟਰੰਪ ਵੱਲੋਂ ਇੱਕ ਟਵੀਟ ਰਾਹੀਂ ਸਾਂਝੀ ਕੀਤੀ ਗਈ ਸੀ, ਜਦਕਿ ਭਾਰਤ ਨੂੰ ਬਾਅਦ ਵਿੱਚ ਇਸ ਬਾਰੇ ਪਤਾ ਲੱਗਾ। ਇਹ ਸਥਿਤੀ ਕੇਂਦਰ ਸਰਕਾਰ ਦੇ ਕੰਮਕਾਜ 'ਤੇ ਵੱਡਾ ਸਵਾਲੀਆ ਨਿਸ਼ਾਨ ਲਾਉਂਦੀ ਹੈ।

ਸਮਝੌਤੇ ਦੇ ਖੇਤੀਬਾੜੀ ਪ੍ਰਭਾਵਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਡੀਡੀਜੀਐਸ ਅਤੇ ਸੋਇਆਬੀਨ ਤੇਲ ਵਰਗੇ ਫੀਡ ਬਦਲਾਂ ਦੀ ਸਸਤੀ ਦਰਾਮਦ ਮੱਕੀ ਅਤੇ ਸੋਇਆਬੀਨ ਦੀਆਂ ਕੀਮਤਾਂ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀ ਹੈ, ਜਿਸ ਨਾਲ ਪੰਜਾਬ ਦੇ ਫਸਲੀ ਵਿਭਿੰਨਤਾ ਯਤਨਾਂ ਨੂੰ ਵੱਡੀ ਮਾਰ ਪੈ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਨਰਮੇ ਦੀ ਦਰਾਮਦ ਨੂੰ ਕੋਟੇ ਰਾਹੀਂ ਨਿਯੰਤ੍ਰਿਤ ਕੀਤਾ ਜਾਂਦਾ ਹੈ, ਫਿਰ ਵੀ ਇਹ ਨਰਮੇ ਦੀਆਂ ਕੀਮਤਾਂ ਦੇ ਹੇਠਾਂ ਜਾਣ ਦਾ ਕਾਰਨ ਬਣ ਸਕਦਾ ਹੈ, ਜਿਸ ਨਾਲ ਪੰਜਾਬ ਦੇ ਮਾਲਵਾ ਖੇਤਰ ਵਿੱਚ ਨਰਮਾ ਕਿਸਾਨਾਂ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕੁਝ ਨਾਨ-ਟੈਰਿਫ ਸ਼ਰਤਾਂ ਵਿੱਚ ਢਿੱਲ ਦੇਣ ਨਾਲ ਇਹ ਜੀਐਮਓ ਸਮੱਗਰੀ ਦੇ ਦਾਖਲੇ ਅਤੇ ਨਵੇਂ ਕੀੜਿਆਂ, ਫਸਲੀ ਬਿਮਾਰੀਆਂ ਅਤੇ ਖਤਰਨਾਕ ਨਦੀਨਾਂ ਦੇ ਫੈਲਣ ਦੇ ਜੋਖਮ ਨੂੰ ਵਧਾ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਹਾਲਾਤ ਪੰਜਾਬ ਦੇ ਖੇਤੀਬਾੜੀ ਈਕੋਸਿਸਟਮ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਖੇਤੀਬਾੜੀ ਢਾਂਚਾ ਭਾਰਤ ਨਾਲੋਂ ਕਾਫ਼ੀ ਵੱਖਰਾ ਹੈ। ਅਮਰੀਕਾ ਦੀ ਖੇਤੀਬਾੜੀ ਖੁੱਲ੍ਹੀਆਂ ਜ਼ਮੀਨਾਂ, ਉੱਚ ਸਬਸਿਡੀਆਂ ਅਤੇ ਪੈਮਾਨੇ ਦੀ ਆਰਥਿਕਤਾ 'ਤੇ ਕੰਮ ਕਰਦੀ ਹੈ, ਜੋ ਉਤਪਾਦਕਾਂ ਨੂੰ ਘੱਟ ਕੀਮਤਾਂ 'ਤੇ ਵੀ ਨਿਰਯਾਤ ਦੇ ਯੋਗ ਬੇਣਾਉਂਦਾ ਹੈ। ਅਜਿਹੀ ਸਥਿਤੀ ਵਿੱਚ ਪੰਜਾਬ ਦੇ ਕਿਸਾਨਾਂ ਲਈ ਅਮਰੀਕੀ ਖੇਤੀਬਾੜੀ ਉਤਪਾਦਾਂ ਨਾਲ ਮੁਕਾਬਲਾ ਕਰਨਾ ਬੇਹੱਦ ਮੁਸ਼ਕਿਲ ਹੋ ਜਾਵੇਗਾ।

ਉਨ੍ਹਾਂ ਦੱਸਿਆ ਕਿ ਅਮਰੀਕਾ ਤੋਂ ਪਸ਼ੂਆਂ ਦੇ ਚਾਰੇ ਲਈ ਸੋਇਆ ਫੀਡ ਕਥਿਤ ਤੌਰ 'ਤੇ ਵੱਡੀ ਮਾਤਰਾ ਵਿੱਚ ਆਯਾਤ ਕੀਤਾ ਜਾਵੇਗਾ। ÷ਪੰਜਾਬ ਲਗਭਗ 1.25 ਲੱਖ ਹੈਕਟੇਅਰ ਮੱਕੀ ਦੀ ਕਾਸ਼ਤ ਕਰਦਾ ਹੈ ਅਤੇ ਇਸ ਸਮਝੌਤੇ ਨਾਲ ਮੱਕੀ ਅਤੇ ਸੋਇਆਬੀਨ ਦੋਵੇਂ ਫਸਲਾਂ 'ਤੇ ਬੇਹੱਦ ਮਾੜਾ ਪ੍ਰਭਾਵ ਪੈ ਸਕਦਾ ਹੈ। ਇਸੇ ਤਰ੍ਹਾਂ ਅਮਰੀਕਾ ਤੋਂ ਨਰਮੇ ਦੀ ਦਰਾਮਦ ਪੰਜਾਬ, ਜਿੱਥੇ ਲਗਭਗ 2.5 ਲੱਖ ਏਕੜ ਵਿੱਚ ਨਰਮੇ ਦੀ ਕਾਸ਼ਤ ਹੁੰਦੀ ਹੈ, ਦੇ ਕਿਸਾਨਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰ ਸਕਦੀ ਹੈ। ਖੇਤਾਂ ਦੇ ਆਕਾਰ ਅਤੇ ਸਬਸਿਡੀਆਂ ਵਿੱਚ ਅਸਮਾਨਤਾ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾਕਿ ਅਮਰੀਕਾ ਵਿੱਚ ਔਸਤ ਕਿਸਾਨ ਕੋਲ ਲਗਭਗ 500 ਏਕੜ ਜ਼ਮੀਨ ਹੈ ਅਤੇ ਅਮਰੀਕੀ ਕਿਸਾਨਾਂ ਨੂੰ ਭਾਰਤੀ ਕਿਸਾਨਾਂ ਨਾਲੋਂ ਲਗਭਗ 35 ਫੀਸਦ ਵੱਧ ਸਬਸਿਡੀ ਮਿਲਦੀ ਹੈ। ਇਸ ਦੇ ਉਲਟ ਪੰਜਾਬ ਦੇ ਕਿਸਾਨਾਂ ਕੋਲ ਆਮ ਤੌਰ 'ਤੇ ਸਿਰਫ਼ ਦੋ ਤੋਂ ਢਾਈ ਏਕੜ ਜ਼ਮੀਨ ਹੈ, ਜਿਸ ਨਾਲ ਉਨ੍ਹਾਂ ਲਈ ਅਮਰੀਕੀ ਉਤਪਾਦਾਂ ਦਾ ਮੁਕਾਬਲਾ ਕਰਨਾ ਅਤਿ ਮੁਸ਼ਕਲ ਹੋ ਜਾਵੇਗਾ।

ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਇੰਟਲੈਕਚੂਅਲ ਪ੍ਰੋਪਰਟੀ ਪ੍ਰੋਵੀਜਨਸ ਕਾਰਨ ਕਿਸਾਨ ਅਗਲੇ ਫਸਲੀ ਸੀਜ਼ਨ ਲਈ ਬੀਜ ਨਹੀਂ ਬਚਾ ਸਕਣਗੇ। ਮੁੱਖ ਮੰਤਰੀ ਨੇ ਕਿਹਾ, ÷ਕਿਸਾਨਾਂ ਨੂੰ ਅਗਲੇ ਫਸਲੀ ਸੀਜ਼ਨ ਲਈ ਬੀਜ ਬਚਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਬੀਜ ਪੇਟੈਂਟ ਸੁਰੱਖਿਆ ਅਧੀਨ ਆ ਜਾਣਗੇ। ਕਿਸਾਨ ਇਸ ਨਾਲ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਦੇ ਗਾਹਕ ਬਣ ਜਾਣਗੇ ਅਤੇ ਬੀਜ ਡੀਲਰਾਂ ਨੂੰ ਨਵੇਂ ਲਾਇਸੈਂਸ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਇਸ ਸਮਝੌਤੇ ਨਾਲ ਵਿਦੇਸ਼ੀ ਕੰਪਨੀਆਂ ਨੂੰ ਖੇਤੀਬਾੜੀ ਸੈਕਟਰ ਵਿੱਚ ਪੈਰ ਪਸਾਰਨ ਦਾ ਮੌਕਾ ਮਿਲ ਜਾਵੇਗਾ।÷

ਪ੍ਰਧਾਨ ਮੰਤਰੀ ਦੇ ਵਿਦੇਸ਼ੀ ਪ੍ਰੋਗਰਾਮਾਂ 'ਤੇ ਚੁਟਕੀ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਟਿੱਪਣੀ ਕੀਤੀ, ÷ਪ੍ਰਧਾਨ ਮੰਤਰੀ ਅਕਸਰ ਅਜਿਹੇ ਦੇਸ਼ਾਂ ਦਾ ਦੌਰਾ ਕਰਦੇ ਹਨ ਜਿਨ੍ਹਾਂ ਦੇ ਨਾਮ ਬਹੁਤ ਸਾਰੇ ਲੋਕਾਂ ਨੇ ਕਦੇ ਸੁਣਿਆ ਵੀ ਨਹੀਂ ਹੁੰਦਾ। ਇਹ ਦੌਰੇ ਲਗਭਗ 10,000 ਦੀ ਆਬਾਦੀ ਵਾਲੇ ਛੋਟੇ ਦੇਸ਼ਾਂ ਵਿੱਚ ਕਰਵਾਏ ਸ਼ੋਅ ਜਾਪਦੇ ਹਨ। ਅਜਿਹੇ ਦੇਸ਼ਾਂ ਵਿੱਚ ਘੁੰਮਣ ਦੀ ਬਜਾਏ, ਉਨ੍ਹਾਂ ਨੂੰ ਭਾਰਤ ਦੇ 1.25 ਅਰਬ ਲੋਕਾਂ ਦੀਆਂ ਆਵਾਜ਼ਾਂ ਸੁਣਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

# ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਇਲੈਕਟ੍ਰੋਹੋਮਿਓਪੈਥੀ ਡਾਕਟਰਜ਼ ਐਸੋਸੀਏਸ਼ਨ ਪੰਜਾਬ ਦੇ ਵ.ਫਦ ਨਾਲ ਮੀਟਿੰਗ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਨਵੀਂ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਸਦਕਾ ਸੂਬੇ ਨੇ ਤੇਜ਼ੀ ਨਾਲ ਮਹੱਤਵਪੂਰਨ ਨਿਵੇਸ਼ਾਂ ਨੂੰ ਆਕਰਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਵਿੱਚ ਪ੍ਰਮੁੱਖ ਉਦਯੋਗਿਕ ਦਿੱਗਜਾਂ ਕ੍ਰੀਮਿਕਾ ਅਤੇ ਜੇਐਲ ਓਸਵਾਲ ਗਰੁੱਪ ਨੇ ਸਿਰਫ਼ ਦੋ ਦਿਨਾਂ ਵਿੱਚ 2,000 ਕਰੋੜ ਰੁਪਏ ਦੇ ਵਾਅਦੇ ਦਾ ਐਲਾਨ ਕੀਤਾ ਹੈ।



ਪੰਜਾਬ ਦੇ ਉਦਯੋਗ, ਵਣਜ ਅਤੇ ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਬਾਰੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਮਿਸਿਜ਼ ਬੈਕਟਰਸ ਫੂਡ ਸਪੈਸ਼ਲਿਟੀਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਨੂਪ ਬੈਕਟਰ ਅਤੇ ਇਨਵੈਸਟ ਪੰਜਾਬ ਦੇ ਸੀਈਓ ਅਮਿਤ ਢਾਕਾ ਦੇ ਨਾਲ ਐਲਾਨ ਕੀਤਾ ਕਿ ਮਿਸਿਜ਼ ਬੈਕਟਰਸ ਫੂਡ ਸਪੈਸ਼ਲਿਟੀਜ਼ ਆਪਣੀ ਮੌਜੂਦਾ ਰਾਜਪੁਰਾ ਸਹੂਲਤ 'ਤੇ ਇੱਕ ਅਤਿ-ਆਧੁਨਿਕ ਫੂਡ ਪ੍ਰੋਸੈਸਿੰਗ ਯੂਨਿਟ ਸਥਾਪਤ ਕਰਨ ਲਈ 400 ਕਰੋੜ ਰੁਪਏ ਦਾ ਨਿਵੇਸ਼ ਕਰੇਗੀ। ਇਸ ਨਵੀਂ ਯੂਨਿਟ ਤੋਂ ਲਗਭਗ 1,000 ਵਿਅਕਤੀਆਂ ਲਈ ਸਿੱਧਾ ਰੁਜ਼ਗਾਰ ਪੈਦਾ ਹੋਣ ਦੀ ਉਮੀਦ ਹੈ।

ਸਾਲ 2026 ਵਿੱਚ ਲਗਭਗ 2,100 ਕਰੋੜ ਰੁਪਏ ਦੀ ਵਿਕਰੀ ਕਰਨ ਵਾਲੀ ਪ੍ਰਮੁੱਖ ਫੂਡ ਪ੍ਰੋਸੈਸਿੰਗ ਕੰਪਨੀ ਮਿਸਿਜ਼ ਬੈਕਟਰਸ ਫੂਡ ਸਪੈਸ਼ਲਿਟੀਜ਼ ਭਾਰਤ ਦੇ ਨੌਂ ਪਲਾਂਟਾਂ ਵਿੱਚ ਬਿਸਕੁਟ, ਬਰੈੱਡ, ਬੇਕਰੀ ਉਤਪਾਦ ਅਤੇ ਫਰੋਜ਼ਨ ਫੂਡ ਤਿਆਰ ਕਰਦੀ ਹੈ। ਕੰਪਨੀ ਨੇ ਦੇਸ਼ ਭਰ ਵਿੱਚ ਉੱਨਤ ਸਹੂਲਤਾਂ ਵਿੱਚ ਲਗਭਗ 1,500 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ ਅਤੇ 70 ਤੋਂ ਵੱਧ ਦੇਸ਼ਾਂ ਨੂੰ ਬਿਸਕੁਟ ਦਾ ਨਿਰਯਾਤ ਕੀਤਾ ਹੈ। 550,000 ਆਉਟਲੈਟਾਂ ਵਿੱਚ ਇੱਕ ਮਜ਼ਬੂਤ ਘਰੇਲੂ ਮੌਜੂਦਗੀ ਅਤੇ 900 ਤੋਂ ਵੱਧ ਦੇ ਡਿਸਟ੍ਰੀਬਿਊਟਰ ਨੈੱਟਵਰਕ ਦੇ ਨਾਲ ਮਿਸਿਜ਼ ਬੈਕਟਰਸ 14 ਫ਼ੀਸਦ ਤੋਂ ਵੱਧ ਮਾਰਕੀਟ ਹਿੱਸੇਦਾਰੀ ਨਾਲ ਪੰਜਾਬ ਵਿੱਚ ਬਿਸਕੁਟ ਦੀ ਦੂਜੀ ਸਭ ਤੋਂ ਵੱਡੀ ਕੰਪਨੀ ਹੈ।

ਪ੍ਰੈਸ ਕਾਨਫਰੰਸ ਵਿੱਚ ਬੋਲਦਿਆਂ ਅਨੂਪ ਬੈਕਟਰ ਨੇ ਪੰਜਾਬ ਦੇ ਉਦਯੋਗਿਕ ਵਾਤਾਵਰਣ ਪ੍ਰਣਾਲੀ ਵਿੱਚ ਵਿਸ਼ਵਾਸ ਪ੍ਰਗਟ ਕਰਦਿਆਂ ਕਿਹਾ ਕਿ ਨਵਾਂ ਨਿਵੇਸ਼ ਕੰਪਨੀ ਦੇ ਉਤਪਾਦ ਪੋਰਟਫੋਲੀਓ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਦਾ ਵਿਸਥਾਰ ਕਰੇਗਾ।

ਇਸ ਤੋਂ ਇਲਾਵਾ ਜੇਐਲ ਓਸਵਾਲ ਗਰੁੱਪ ਨੇ ਅਗਲੇ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਲਗਭਗ 1,550 ਕਰੋੜ ਰੁਪਏ ਦਾ ਨਿਵੇਸ਼ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਇਹ ਨਿਵੇਸ਼ ਨਵੀਂ ਨੀਤੀ ਤਹਿਤ ਪੰਜਾਬ ਦੇ ਵਿਕਸਤ ਹੋ ਰਹੇ ਵਪਾਰਕ ਮਾਹੌਲ ਵਿੱਚ ਗਰੁੱਪ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਮੰਤਰੀ ਸੰਜੀਵ ਅਰੋੜਾ ਨੇ ਅੱਗੇ ਕਿਹਾ ਕਿ ਇਹ ਨਿਵੇਸ਼ ਪੰਜਾਬ ਦੀਆਂ ਨਿਵੇਸ਼ਕ-ਪੱਖੀ ਨੀਤੀਆਂ ਅਤੇ ਬਿਹਤਰ ਵਪਾਰਕ ਮਾਹੌਲ ਵਿੱਚ ਉਦਯੋਗਿਕ ਦਿੱਗਜਾਂ ਦੇ ਵਧ ਰਹੇ ਵਿਸ਼ਵਾਸ ਨੂੰ ਦਰਸਾਉਂਦੇ ਹਨ।

ਉਨ੍ਹਾਂ ਨੇ ਜੇ.ਐਲ. ਓਸਵਾਲ ਗਰੁੱਪ ਦੇ ਚੇਅਰਮੈਨ ਅਨੂਪ ਬੈਕਟਰ ਅਤੇ ਕਮਲ ਓਸਵਾਲ ਦੀ ਅਗਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਵਿਸਥਾਰਤ ਯੋਜਨਾਵਾਂ ਪੰਜਾਬ ਦੇ ਉਦਯੋਗਿਕ ਵਿਕਾਸ ਅਤੇ ਆਰਥਿਕ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਣਗੀਆਂ।

ਇਸ ਦੌਰਾਨ ਅਮਿਤ ਢਾਕਾ, ਸੀਈਓ ਇਨਵੈਸਟ ਪੰਜਾਬ ਅਤੇ ਅਨੂਪ ਬੈਕਟਰ ਐਮਡੀ ਮਿਸਿਜ਼ ਬੈਕਟਰਸ ਫੂਡ ਸਪੈਸ਼ਲਿਟੀਜ਼ ਲਿਮਟਿਡ ਮੌਜੂਦ ਸਨ।

# ਪੰਜਾਬ 'ਚੋਂ ਅਨਪੜ੍ਹਤਾ, ਨਸ਼ੇ ਅਤੇ ਬੇਰੁਜ਼ਗਾਰੀ ਦਾ ਸਫਾਇਆ ਕਰਨਾ 'ਆਪ' ਸਰਕਾਰ ਦੀ ਪ੍ਰਮੁੱਖ ਤਰਜੀਹ : ਮਾਨ

**ਜਲੰਧਰ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਸੂਬੇ ਵਿੱਚ ਸਿੱਖਿਆ, ਰੁਜ਼ਗਾਰ ਅਤੇ ਨਸ਼ਿਆਂ ਵਿਰੁੱਧ ਲੜਾਈ ਨੂੰ ਤਰਜੀਹ ਦਿੰਦਿਆਂ ਆਮ ਲੋਕਾਂ ਲਈ ਭਲਾਈ ਸਬੰਧੀ ਨੀਤੀਆਂ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਆਦਮਪੁਰ ਦੇ ਗਾਜ਼ੀਪੁਰ ਮੁਹੱਲਾ ਵਿਖੇ ਲੋਕਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਸੂਬਾ ਸਰਕਾਰ ਦੀਆਂ ਮੁਫ਼ਤ ਬਿਜਲੀ ਅਤੇ ਸਿਹਤ ਸੰਭਾਲ ਯੋਜਨਾਵਾਂ ਤੋਂ ਲੈ ਕੇ ਰੁਜ਼ਗਾਰ ਉਤਪਤੀ ਅਤੇ ਨਸ਼ਾ ਵਿਰੋਧੀ ਮੁਹਿੰਮ ਤੱਕ ਦੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ। ਨਾਲ ਹੀ ਪਿਛਲੀਆਂ ਸਰਕਾਰਾਂ ਵੱਲੋਂ ਲੋਕ ਭਲਾਈ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਨਜ਼ਰਅੰਦਾਜ਼ ਕਰਨ ਦੀ ਤਿੱਖੀ ਆਲੋਚਨਾ ਵੀ ਕੀਤੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,



"ਆਮ ਆਦਮੀ ਕਦੇ ਵੀ ਇਨ੍ਹਾਂ ਪਾਰਟੀਆਂ ਦੇ ਏਜੰਡੇ 'ਤੇ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਸਿਰਫ਼ ਅਮੀਰਾਂ ਦੇ ਹਿੱਤਾਂ ਦੀ ਰਾਖੀ ਕੀਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਨੂੰ ਰਾਸ਼ਟਰੀ ਰਾਜਨੀਤੀ ਦੇ ਕੇਂਦਰ ਵਿੱਚ ਲਿਆਉਣ ਦਾ ਸਿਹਰਾ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਜਾਂਦਾ ਹੈ ਅਤੇ ਹੁਣ ਪੰਜਾਬ ਸਰਕਾਰ ਆਮ ਆਦਮੀ ਦੀ ਭਲਾਈ ਲਈ ਕਈ ਨਵੀਆਂ ਪਹਿਲਕਦਮੀਆਂ ਕਰ ਰਹੀ ਹੈ। ਸ਼ਾਸਨ ਸਬੰਧੀ ਮੁੱਖ ਪਹਿਲਕਦਮੀਆਂ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਆਪ ਸਰਕਾਰ ਜਾਣਦੀ ਹੈ ਕਿ ਫੰਡ ਕਿਵੇਂ ਪੈਦਾ ਕਰਨੇ ਹਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਰਤਣੇ ਕਿਵੇਂ ਹਨ। ਅੱਜ ਥਰਮਲ ਪਲਾਂਟ ਖਰੀਦੇ ਜਾ ਰਹੇ ਹਨ, ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ, ਨਹਿਰਾਂ ਦੇ ਟੇਲਾਂ ਤੱਕ ਪਾਣੀ ਪਹੁੰਚਾਇਆ ਜਾ ਰਿਹਾ ਹੈ, ਕਿਸਾਨਾਂ ਨੂੰ ਬਿਜਲੀ ਸਪਲਾਈ ਮਿਲ ਰਹੀ ਹੈ ਅਤੇ ਆਮ ਆਦਮੀ ਦੀ ਭਲਾਈ ਲਈ ਬਿਜਲੀ ਦੇ ਟੈਰਿਫ ਘਟਾਏ ਜਾ ਰਹੇ ਹਨ। ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਸਰਕਾਰ ਨੇ ਸਾਰੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਹਨ ਅਤੇ ਲੋਕਾਂ ਨੂੰ ਟੋਲ ਪਲਾਜ਼ਾ ਬੰਦ ਕਰਨ ਵਰਗੇ ਕਈ ਵਾਧੂ ਲਾਭ ਵੀ ਦਿੱਤੇ ਗਏ ਹਨ। ਦੂਜੇ ਪਾਸੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਨੋਟਬੰਦੀ ਵਰਗੀਆਂ ਯੋਜਨਾਵਾਂ ਸ਼ੁਰੂ ਕੀਤੀਆਂ, ਜਿਨ੍ਹਾਂ ਨੇ ਆਮ ਆਦਮੀ, ਖਾਸ ਕਰਕੇ ਔਰਤਾਂ ਦੀਆਂ ਜੇਬਾਂ ਵਿੱਚੋਂ ਪੈਸਾ ਕੱਢਣ ਵਿੱਚ ਕੋਈ ਕਸਰ ਨਹੀਂ ਛੱਡੀ। ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ, "ਇਸ ਯੋਜਨਾ ਤਹਿਤ, ਜਨਰਲ ਸ਼੍ਰੇਣੀ ਦੀਆਂ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀ ਸ਼੍ਰੇਣੀ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਵਿੱਤੀ ਸਹਾਇਤਾ ਵਜੋਂ ਮਿਲੇਗੀ। ਆਮ ਲੋਕਾਂ ਵਿਸ਼ੇਸ਼ ਕਰਕੇ ਗਰੀਬਾਂ ਲਈ 1000 ਤੋਂ 1500 ਰੁਪਏ ਇੱਕ ਮਹੱਤਵਪੂਰਨ ਰਕਮ ਹੁੰਦੀ ਹੈ। ਇਹ ਵਿੱਤੀ ਸਹਾਇਤਾ ਮਾਵਾਂ ਅਤੇ ਧੀਆਂ ਪ੍ਰਤੀ ਸਤਿਕਾਰ ਦਾ ਪ੍ਰਤੀਕ ਹੈ, ਅਤੇ ਇਸ ਉਪਰਾਲੇ ਤੋਂ ਬਾਅਦ ਔਰਤਾਂ ਦੇ ਚਿਹਰਿਆਂ 'ਤੇ ਖੁਸ਼ੀ ਮਨ ਨੂੰ ਸਕੂਨ ਦਿੰਦੀ ਹੈ।" ਉਨ੍ਹਾਂ ਅੱਗੇ ਕਿਹਾ,"ਜੋ ਲੋਕ ਸਰਕਾਰ ਦਾ ਮਜ਼ਾਕ ਉਡਾ ਰਹੇ ਹਨ ਜਾਂ ਇਸ ਪਹਿਲਕਦਮੀ ਬਾਰੇ ਬੇਬੁਨਿਆਦ ਸਵਾਲ ਉਠਾ ਰਹੇ ਹਨ, ਉਹ ਆਮ ਆਦਮੀ ਲਈ 1000 ਰੁਪਏ ਦੀ ਕੀਮਤ ਨੂੰ ਨਹੀਂ ਸਮਝਦੇ। ਇਹ ਲੋਕ ਗੈਰ-ਕਾਨੂੰਨੀ ਢੰਗ-ਤਰੀਕਿਆਂ ਨਾਲ ਕਮਾਏ ਪੈਸੇ ਨੂੰ ਇੱਕ ਵਾਰ ਦੇ ਖਾਣੇ 'ਤੇ 5000 ਰੁਪਏ ਤੋਂ ਵੱਧ ਖਰਚ ਦਿੰਦੇ ਹਨ, ਇਸ ਲਈ ਉਹ ਇਹ ਨਹੀਂ ਸਮਝ ਸਕਦੇ ਕਿ ਇਹ ਸਹਾਇਤਾ ਉਨ੍ਹਾਂ ਪਰਿਵਾਰਾਂ ਲਈ ਕਿੰਨੀ ਅਹਿਮ ਹੈ ਜੋ ਤਿਉਹਾਰਾਂ ਦੇ ਦਿਨਾਂ ਵਿੱਚ ਵੀ ਸਖ਼ਤ ਮਿਹਨਤ ਕਰਦੇ ਹਨ। ਇਨ੍ਹਾਂ ਅਮੀਰ ਨੇਤਾਵਾਂ ਦੀਆਂ ਪਤਨੀਆਂ ਨੂੰ 1000 ਰੁਪਏ ਦੀ ਲੋੜ ਨਹੀਂ ਹੈ ਕਿਉਂਕਿ ਉਹ ਮੇਕਅੱਪ 'ਤੇ ਇਸ ਤੋਂ ਵੱਧ ਖਰਚ ਕਰ ਦਿੰਦੀਆਂ ਹਨ,।" ਸਿਹਤ ਸੰਭਾਲ ਸੁਧਾਰਾਂ ਬਾਰੇ ਬੋਲਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, ਆਪ ਸਰਕਾਰ ਨੇ ਲੋਕਾਂ ਨੂੰ ਮੁਫ਼ਤ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਸਰਕਾਰੀ ਹਸਪਤਾਲਾਂ ਵਿੱਚ ਮਿਆਰੀ ਇਲਾਜ ਯਕੀਨੀ ਬਣਾਇਆ ਜਾ ਰਿਹਾ ਹੈ। ਸਿਹਤ ਸੰਭਾਲ ਨੂੰ ਹੋਰ ਮਜ਼ਬੂਤ ਕਰਨ ਲਈ, ਸੂਬਾ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜੋ ਕਿ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ, ਜੋ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਪੰਜਾਬ, ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਅਜਿਹੀ ਵਿਆਪਕ ਸਿਹਤ ਸੰਭਾਲ ਕਵਰੇਜ ਦੀ ਪੇਸ਼ਕਸ਼ ਕੀਤੀ ਹੈ।

# ਕ੍ਰੀਏਟਿਵ ਲੇਡੀਜ਼ ਕਲੱਬ ਵੱਲੋਂ ਹੋਲੀ ਅਤੇ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਰਾਸਲੀਲਾ ਸਮਾਗਮ ਦਾ ਆਯੋਜਨ



**ਲੁਧਿਆਣਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਬਸ਼ਕਤੀਮਾਨ ਦੀ ਕਿਰਪਾ ਨਾਲ ਕ੍ਰੀਏਟਿਵ ਲੇਡੀਜ਼ ਕਲੱਬ ਵੱਲੋਂ ਰੰਗਾਂ ਦੇ ਤਿਉਹਾਰ ਹੋਲੀ ਨੂੰ ਸਮਰਪਿਤ ਭਾਵਨਾਤਮਕ 'ਰਾਸਲੀਲਾ ਸਮਾਗਮ' ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਅੰਤਰਰਾਸ਼ਟਰੀ ਮਹਿਲਾ ਦਿਵਸ ਵੀ ਮਨਾਇਆ ਗਿਆ ਅਤੇ ਕਲੱਬ ਦੀਆਂ ਸਦੱਸ ਮਹਿਲਾਵਾਂ ਨੂੰ ਸਨਮਾਨਿਤ ਕੀਤਾ ਗਿਆ।

ਸਮਾਗਮ ਦੌਰਾਨ ਵੂਮੈਨ ਆਫ ਵਿਸਡਮ ਟ੍ਰਾਫੀਆਂ ਸੁਰਿੰਦਰ ਬੰਸਲ, ਕੁਲਵੰਤ ਭੰਬਰ, ਸਰਿਕਾ ਲੇਖੀ, ਰੇਖਾ ਗੁਪਤਾ ਅਤੇ ਪੂਨਮ ਸੂਦ ਨੂੰ ਭੇਟ ਕੀਤੀਆਂ ਗਈਆਂ।

ਮੈਂਬਰਾਂ ਨੇ ਸਾਕਸ਼ੀ ਗੁਪਤਾ ਅਤੇ ਸਰਿਕਾ ਲੇਖੀ ਵੱਲੋਂ ਗਾਏ ਗਏ ਭਜਨਾਂ ਦੀਆਂ ਮਨਮੋਹਕ ਧੁਨਾਂ 'ਤੇ ਖੂਬ ਆਨੰਦ ਮਾਣਿਆ। ਇਸ ਦੇ ਨਾਲ ਹੀ ਮੰਡਲੀ ਦੇ ਮੈਂਬਰਾਂ ਵੱਲੋਂ ਰਾਧਾ-ਕ੍ਰਿਸ਼ਨ ਦੀ ਭਾਵਪੂਰਨ ਲੀਲਾ ਦੀ ਪ੍ਰਸਤੁਤੀ ਨੇ ਸਮਾਗਮ ਨੂੰ ਭਗਤੀਮਈ ਰੰਗ ਨਾਲ ਭਰ ਦਿੱਤਾ। ਕਲੱਬ ਦੀ ਸਲਾਹਕਾਰ ਨੀਲਮ ਰਲਹਾਨ ਵੱਲੋਂ ਰਾਧਾ-ਕ੍ਰਿਸ਼ਨ ਨੂੰ ਸੁੰਦਰ ਮਾਲਾਵਾਂ ਭੇਟ ਕੀਤੀਆਂ ਗਈਆਂ।

ਇਸ ਦੌਰਾਨ ਮੈਂਬਰਾਂ ਨੇ ਰਾਧਾ-ਕ੍ਰਿਸ਼ਨ ਦੇ ਰੂਪ ਵਿੱਚ ਆਏ ਪ੍ਰਤੀਨਿਧੀਆਂ ਨਾਲ ਫੁੱਲਾਂ ਦੀ ਹੋਲੀ ਅਤੇ ਡਾਂਡੀਆ ਦਾ ਵੀ ਆਨੰਦ ਮਾਣਿਆ।

ਕਲੱਬ ਦੀ ਪ੍ਰਧਾਨ ਅਨੁ ਕਪੂਰ ਨੇ ਸਮਾਗਮ ਦੌਰਾਨ ਮਾਹੌਲ ਵਿੱਚ ਦਿਵਿਆ ਊਰਜਾ ਦੀ ਮਹਿਸੂਸ ਕਰਦਿਆਂ ਭਾਵੁਕਤਾ ਜਤਾਈ।

ਕਲੱਬ ਦੇ ਡਾਇਰੈਕਟਰ ਸੁਰਿੰਦਰ ਬੰਸਲ, ਚੇਅਰਪਰਸਨ ਸ਼ਸ਼ੀ ਖੁੱਲਰ ਅਤੇ ਬੋਰਡ ਮੈਂਬਰਾਂ ਕੁਲਵੰਤ ਭੰਬਰ, ਰੇਨੂ ਭੰਬਰੀ, ਵਿਨੇਪ੍ਰੀਤ ਕੌਰ, ਸਤਿੰਦਰ ਸੋਨੀ, ਹਰਜੀਤ ਕੋਚਰ, ਸਿਮਰਨ ਆਹੂਜਾ ਅਤੇ ਤਰਨਪ੍ਰੀਤ ਰੂਹੀ ਨੇ ਪ੍ਰਧਾਨ ਅਨੁ ਕਪੂਰ ਅਤੇ ਸਕੱਤਰ ਕੋਮਲ ਸੇਠੀ ਦੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਸਮਾਗਮ ਨੇ ਭਗਤੀ, ਖੁਸ਼ੀ ਅਤੇ ਰੰਗਾਂ ਨਾਲ ਭਰਪੂਰ ਮਾਹੌਲ ਵਿੱਚ ਸਭ ਨੂੰ ਇਕੱਠਾ ਕਰ ਦਿੱਤਾ।

# ਅੱਖਾਂ ਹਨ ਅਨਮੋਲ, ਇੰਨ੍ਹਾਂ ਦੀ ਸਹੀ ਸੰਭਾਲ ਕਰੋ: ਡਾ: ਅਨਾਹਿਤ



**ਤਲਵਾੜਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਬੀਐਮਬੀ ਤਲਵਾੜਾ ਦੇ ਮੁੱਖ ਇੰਜਨੀਅਰ ਰਾਕੇਸ਼ ਗੁਪਤਾ ਦੇ ਨਿਸਦੇਸ਼ਾਂ ਅਨੁਸਾਰ ਬੀਬੀਐਮਬੀ ਹਸਪਤਾਲ ਵੱਲੋਂ ਚਲਾਏ ਜਾ ਰਹੇ ਸਿਹਤ ਜਾਗਰੂਕਤਾ ਪ੍ਰੋਗਰਾਮ ਤਹਿਤ ਹਸਪਤਾਲ ਦੇ ਅੱਖਾਂ ਦੇ ਰੋਗਾਂ ਦੇ ਮਾਹਿਰ ਡਾ: ਅਨਾਹਿਤ ਨੇ ਦੱਸਿਆ ਹੈ ਕਿ 8 ਤੋਂ 14 ਮਾਰਚ ਤੱਕ ਗਲਾਕੋਮਾ-ਮੁਕਤ ਸੰਸਾਰ ਲਈ ਏਕਤਾ÷ ਸਲੋਗਨ ਤਹਿਤ ਵਿਸ਼ਵ ਗਲੋਕੋਮ ਹਫਤਾ ਮਨਾਇਆ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਇਸ ਗਲੂਕੋਮਾ ਹਫ਼ਤੇ ਨੂੰ ਮਨਾਉਣ ਦਾ ਮੁੱਖ ਮਕਸਦ ਲੋਕਾਂ ਨੂੰ ਕਾਲੇ ਮੋਤੀਏ ਪ੍ਰਤੀ ਅਤੇ ਅੱਖਾਂ ਦੀਆਂ ਬਿਮਾਰੀਆਂ ਸਬੰਧੀ ਜਾਗਰੂਕ ਕਰਨਾ ਹੈ। ਉਹਨਾਂ ਨੇ ਇਲਾਕੇ ਦੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕਰਦਿਆਂ ਦੱਸਿਆ ਕਿ ਭਾਰਤ ਵਿੱਚ ਗਲੋਕੋਮਾ ਸਥਾਈ ਨੇਤਰਹੀਣਤਾ ਦੇ ਮੁੱਖ ਕਾਰਣਾਂ ਵਿੱਚੋਂ ਇੱਕ ਅਹਿਮ ਕਾਰਣ ਹੈ। ਗਲੋਕੋਮਾ ਦਾ ਇਲਾਜ ਸਫ਼ਲ ਤਰੀਕੇ ਨਾਲ ਹੋ ਸਕਦਾ ਹੈ ਜੇਕਰ ਇਸ ਦਾ ਸਮੇਂ ਸਿਰ ਪਤਾ ਲਗਾ ਕੇ ਇਲਾਜ ਹੋ ਸਕੇ। ਅਪ੍ਰੇਸ਼ਨ ਕਰਕੇ ਨਜ਼ਰ ਦਾ ਹੋਰ ਨੁਕਸਾਨ ਹੋਣ ਤੋਂ ਬਚਾਇਆ ਜਾ ਸਕਦਾ ਹੈ। ਉਹਨਾਂ ਕਿਹਾ ਨੀਮ ਹਕੀਮਾਂ ਤੋ ਕਦੇ ਵੀ ਦਵਾਈ ਲੈ ਕੇ ਅੱਖਾਂ ਵਿਚ ਨਹੀਂ ਪਾਉਣੀ ਚਾਹੀਦੀ। ਉਹਨਾਂ ਗਲੋਕੋਮਾ ਦੇ ਲੱਛਣਾਂ ਬਾਰੇ ਦੱਸਿਆ ਕਿ ਜੇਕਰ ਸਧਾਰਣ ਸਿਰ ਦਰਦ ਜਾਂ ਅੱਖਾਂ ਵਿੱਚ ਦਰਦ, ਪੜ੍ਹਣ ਵਾਲੀਆਂ ਐਨਕਾਂ ਦਾ ਨੰਬਰ ਵਾਰ ਵਾਰ ਬਦਲਣਾ, ਰੋਸ਼ਨੀ ਦੇ ਦੁਆਲੇ ਰੰਗਦਾਰ ਚੱਕਰ, ਅੱਖਾਂ ਵਿੱਚ ਦਰਦ ਅਤੇ ਲਾਲੀ ਦੇ ਨਾਲ ਦ੍ਰਿਸ਼ਟੀ ਦੀ ਆਚਾਨਕ ਨੁਕਸਾਨ, ਦ੍ਰਿਸ਼ਟੀ ਦੇ ਖੇਤਰ ਦਾ ਸੀਮਤ ਹੋਣਾ ਅਜਿਹੀਆਂ ਨਿਸ਼ਾਨੀਆਂ ਹੋਣ ਤਾ ਸਾਨੂੰ ਤੁਰੰਤ ਅੱਖਾਂ ਦੇ ਮਾਹਿਰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਅਤੇ ਆਪਣੀਆਂ ਅੱਖਾਂ ਦਾ ਦਬਾਅ ਜਾਂ ਪ੍ਰੈਸ਼ਰ ਚੈਕ ਕਰਵਾਉਣਾ ਚਾਹੀਦਾ ਹੈ। ਉਹਨਾਂ ਸਾਵਧਾਨੀ ਵਰਤਣ ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਕੋਈ ਤੁਹਾਡਾ ਰਿਸ਼ਤੇਦਾਰ ਗਲਾਕੋਮਾ ਨਾਲ ਪੀੜਿਤ ਹੋਵੇ, ਜੇਕਰ ਸ਼ੂਗਰ ਦੀ ਸ਼ਿਕਾਇਤ ਹੋਵੇ, ਹਾਈ ਬਲੱਡ ਪ੍ਰੈਸ਼ਰ, ਜੇਕਰ ਤੁਸੀਂ ਦਮਾ, ਅਲਰਜੀ, ਚਮੜੀ ਰੋਗਾਂ ਲਈ ਸਟਾਰਾਇਡ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਗਲੋਕੋਮਾ ਤੋਂ ਪ੍ਰਭਾਵਿਤ ਹੋ ਸਕਦੇ ਹੋ। ਹਰੇਕ ਇਨਸਾਨ ਨੂੰ ਛੇ ਮਹੀਨੇ ਬਾਅਦ ਆਪਣੀਆਂ ਅੱਖਾਂ ਦਾ ਚੈੱਕਅਪ ਕਰਵਾਉਂਦੇ ਰਹਿਣਾ ਚਾਹੀਦਾ ਹੈ ਅਤੇ ਜ਼ਿਆਦਾ ਧੁੱਪ ਵਿੱਚ ਐਨਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਦੇਸ਼ ਵਿੱਚੋਂ ਅੰਨ੍ਹਾਪਣ ਦੂਰ ਕਰਨ ਲਈ ਸਾਨੂੰ ਅੱਖਾਂ ਦੀ ਸੰਭਾਲ ਸਬੰਧੀ ਜਾਗਰੂਕ ਹੋਣ ਦੀ ਲੋੜ ਹੈ। ਉਹਨਾਂ ਦੱਸਿਆ ਕਿ ਦੇਸ਼ ਵਿੱਚੋਂ ਅੰਨ੍ਹਾਪਣ ਦੂਰ ਕਰਨ ਲਈ ਸਮਾਜ ਸੇਵੀ ਸੰਸਥਾਵਾਂ ਸਿਹਤ ਵਿਭਾਗ ਦਾ ਪੂਰਾ ਸਹਿਯੋਗ ਦੇ ਰਹੀਆਂ ਹਨ। ਉਨਾਂ ਕਿਹਾ ਕਿ ਵਹਿਮਾਂ ਭਰਮਾਂ ਚੋਂ ਨਿਕਲ ਕੇ ਹਰੇਕ ਇਨਸਾਨ ਨੂੰ ਮਰਨ ਉਪਰੰਤ ਆਪਣੀਆਂ ਅੱਖਾਂ ਦਾਨ ਕਰਨੀਆਂ ਚਾਹੀਦੀਆਂ ਹਨ ਤਾਂ ਉਸ ਨਾਲ ਦੋ ਇਨਸਾਨਾਂ ਦੀ ਜਿੰਦਗੀ ਵਿੱਚ ਰੋਸ਼ਨੀ ਆ ਸਕਦੀ ਹੈ।

# ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਵਿਕਾਸ ਕਾਰਜਾਂ ਦੇ ਨਵੇਂ ਪੰਨੇ ਲਿਖੇ ਜਾ ਰਹੇ ਹਨ : ਸ਼ੈਰੀ ਕਲਸੀ



**ਬਟਾਲਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਵਿਕਾਸ ਕਾਰਜਾਂ ਦੇ ਨਵੇਂ ਪੰਨੇ ਲਿਖੇ ਜਾ ਰਹੇ ਹਨ ਅਤੇ 1.50 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵਾਂ ਨੂੰ ਆਕਰਸ਼ਿਤ ਕੀਤਾ ਜਾ ਰਿਹਾ ਹੈ ਜਿਸ ਨਾਲ 5.20 ਲੱਖ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ ਤੇ ਪੰਜਾਬ ਦੇ ਹਰ ਕੋਨੇ ਵਿੱਚ ਵਿਕਾਸ ਕੀਤਾ ਜਾ ਰਿਹਾ ਹੈ।

ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰ ਰਹੀ ਹੈ, ਰੋਜ਼ਗਾਰ ਦੇ ਮੌਕੇ ਪੈਦਾ ਕਰ ਰਹੀ ਹੈ ਅਤੇ ਸਰਕਾਰੀ ਸਕੂਲਾਂ ਦੀ ਕਾਇਆਕਲਪ ਰਹੀ ਹੈ। ਪੰਜਾਬ ਸਰਕਾਰ ਨਵੇਂ ਆਧੁਨਿਕ ਸਕੂਲ ਬਣਾ ਰਹੀ ਹੈ, ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜ ਰਹੀ ਹੈ ਤਾਂ ਜੋ ਪੰਜਾਬ ਦੇ ਬੱਚਿਆਂ ਨੂੰ ਸਿੱਖਿਆ ਲਈ ਵਿਦੇਸ਼ ਨਾ ਜਾਣਾ ਪਵੇ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਸ਼ੁਰੂ ਕੀਤੀ ਗਈ ਹੈ। ਜਿਸ ਤਹਿਤ ਜਨਰਲ ਵਰਗ ਦੀਆਂ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ, ਜਦੋਂ ਕਿ ਅਨੁਸੂਚਿਤ ਜਾਤੀ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਵਜੋਂ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਆਮ ਲੋਕਾਂ, ਖਾਸ ਕਰਕੇ ਗਰੀਬ ਵਰਗ ਲਈ, 1000-1500 ਰੁਪਏ ਵੀ ਇੱਕ ਅਹਿਮ ਰਾਸ਼ੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਰਾਸ਼ੀ ਮਾਵਾਂ ਅਤੇ ਧੀਆਂ ਲਈ ਸਤਿਕਾਰ ਦਾ ਪ੍ਰਤੀਕ ਹੈ ਅਤੇ ਇਸ ਸਕੀਮ ਸਦਕਾ ਔਰਤਾਂ ਦੇ ਚਿਹਰਿਆਂ 'ਤੇ ਆਈ ਮੁਸਕਰਾਹਟ ਉਨ੍ਹਾਂ ਨੂੰ ਬੇਹੱਦ ਸੰਤੁਸ਼ਟੀ ਦਿੰਦੀ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਸੂਬਾ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਬੇਮਿਸਾਲ ਕਦਮ ਚੁੱਕੇ ਗਏ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਲੋਕਾਂ ਦੀ ਭਲਾਈ ਜਾਂ ਲੋਕਾਂ ਦੀ ਖੁਸ਼ਹਾਲੀ ਦੀ ਕੋਈ ਪ੍ਰਵਾਹ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦਾ ਉਦੇਸ਼ ਸਿਰਫ ਸੱਤਾ ਹੜੱਪਣ ਤੱਕ ਸੀਮਿਤ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਭਲਾਈ ਲਈ ਸਰਕਾਰੀ ਖਜ਼ਾਨੇ ਦੀ ਪੂਰੀ ਸੂਝ-ਬੂਝ ਨਾਲ ਵਰਤੋਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ 90 ਫ਼ੀਸਦ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਹੁਣ ਕਿਸਾਨਾਂ ਨੂੰ ਵੀ ਦਿਨ ਵੇਲੇ ਬਿਜਲੀ ਮਿਲ ਰਹੀ ਹੈ।

ਹਿੰਦੀ ਕਹਾਣੀ

# ਅੰਗੂਰੀ

ਐੱਸ. ਸਾਕੀ

ਉਹ ਪਿਛਲੇ ਪੰਦਰਾਂ ਸਾਲਾਂ ਦਾ ਅੰਗੂਰੀ ਨੂੰ ਰੋਜ਼ ਇੱਕ ਟੁੱਟੀ ਮੰਜੀ 'ਤੇ ਲੰਮੀ ਪਈ ਵੇਖਦਾ ਆ ਰਿਹਾ ਸੀ। ਉਹ ਸਕੂਟਰ 'ਤੇ ਬੈਠਾ ਫਰਰ ਕਰਦਾ ਉਸ ਦੇ ਨੇੜਿਓਂ ਅੱਗੇ ਲੰਘ ਜਾਂਦਾ। ਅੰਗੂਰੀ ਦੀ ਇੱਕ ਝਲਕ ਜਿਹੀ ਹੀ ਉਸ ਦੀਆਂ ਅੱਖਾਂ ਨੂੰ ਪੈਂਦੀ ਪਰ ਕਦੇ ਵੀ ਅਜਿਹਾ ਕੁਝ ਨਾ ਹੋਇਆ ਜਿਸ ਨੇ ਉਸ ਦੇ ਮਨ ਨੂੰ ਵਿਚਲਿਤ ਕੀਤਾ ਹੋਵੇ ਪਰ ਪਿਛਲੇ ਛੇ ਮਹੀਨੇ ਤੋਂ ਤਾਂ ਜਿਵੇਂ ਅੰਗੂਰੀ ਅੱਖਾਂ ਹੀ ਅੱਖਾਂ ਰਾਹੀਂ ਉਹਦਾ ਰਾਹ ਰੋਕ ਕੇ ਖੜਨ ਲੱਗੀ ਸੀ। ਹੁਣ ਇਸ ਵਿੱਚ ਅੰਗੂਰੀ ਵਿਚਾਰੀ ਦਾ ਕੀ ਦੋਸ਼ ਸੀ? ਇਹ ਪੰਗਾ ਤਾਂ ਉਸ ਨੇ ਆਪ ਲਿਆ ਸੀ। ਆਪ ਉਸ ਨੂੰ ਛੇੜਿਆ ਸੀ। ਨਹੀਂ ਤਾਂ ਉਹ ਸਾਰਾ ਦਿਨ ਇਕੱਲੀ ਟੁੱਟੀ ਜਿਹੀ ਮੰਜੀ 'ਤੇ ਚੁੱਪ ਧਾਰੀ ਬੈਠੀ ਰਹਿੰਦੀ ਜਾਂ ਲੰਮੀ ਪਈ ਦਿੱਸਦੀ ਸੀ।

ਉਸ ਕੋਲੋਂ ਵੀ ਅਣਜਾਣਪੁਣੇ ਵਿੱਚ ਇੱਕ ਭੁੱਲ ਹੋ ਗਈ ਸੀ। ਉਹ ਕਦੋਂ ਚਾਹੁੰਦਾ ਸੀ ਕਿ ਮੁਫ਼ਤ ਦੀ ਬਲਾ ਗਲ ਪਵੇ। ਅਸਲ ਵਿੱਚ ਜਿਹੜੇ ਸਕੂਲ ਉਹ ਨੌਕਰੀ ਕਰਦਾ ਸੀ ਉਹ ਦਿੱਲੀ 'ਚ ਕਸ਼ਮੀਰੀ ਗੇਟ ਦੇ ਇੱਕ ਮੁਹੱਲੇ ਵਿੱਚ ਸੀ। ਪੰਦਰਾਂ ਸਾਲਾਂ ਤੋਂ ਉਹ ਇਸ ਸਕੂਲ ਵਿੱਚ ਨੌਕਰੀ ਕਰ ਰਿਹਾ ਸੀ। ਸਕੂਲ ਪਹੁੰਚਣ ਲਈ ਉਸ ਨੂੰ ਪਹਿਲਾਂ ਇੱਕ ਗਲੀ ਪਾਰ ਕਰਨੀ ਪੈਂਦੀ ਸੀ। ਲੰਮੀ ਜਿਹੀ ਗਲੀ ਬਿਲਕੁਲ ਇੱਕ ਦੇਹ ਵਾਂਗ ਜਿਸ ਦੀਆਂ ਬਾਹਰ ਵੱਲ ਫੈਲੀਆਂ ਦੋਵੇਂ ਬਾਹਾਂ 'ਤੇ ਜਿਵੇਂ ਘਰ ਹੀ ਘਰ ਉੱਗੇ ਹੋਏ ਸਨ। ਫਿਰ ਗਲੀ 'ਤੇ ਥੋੜ੍ਹਾ ਜਿਹਾ ਉਪਰ ਉੱਠ ਇੱਕ ਡਿਉੜੀ ਵਿੱਚ ਵੜਨਾ ਪੈਂਦਾ ਸੀ ਜਿਸ ਨਾਲ ਇੱਕ ਖੁੱਲ੍ਹਾ ਬਰਾਂਡਾ ਜੁੜਿਆ ਹੋਇਆ ਸੀ ਜਿਸ ਥਾਣੀਂ ਲੰਘ ਕੇ ਉਸ ਦਾ ਸਕੂਲ ਆਉਂਦਾ ਸੀ। ਅੰਗੂਰੀ ਉਸ ਬਰਾਂਡੇ ਵਿੱਚ ਅਕਸਰ ਮੰਜੀ ਡਾਹੀ ਦਿਸਦੀ। ਵਾਣ ਵਾਲੀ ਮੰਜੀ ਜਿਸ ਦੀ ਦੌਣ ਜਾਂ ਤਾਂ ਕਈ ਵਾਰੀ ਟੁੱਟੀ ਹੁੰਦੀ ਜਾਂ ਫਿਰ ਢਿੱਲੀ ਹੁੰਦੀ। ਉੱਥੇ ਉਹ ਮੰਜੀ ਵਿੱਚ ਟੰਗਾਂ ਸੁਕੋੜੀ ਪਾਸੇ ਪਰਨੇ ਪਈ ਰਹਿੰਦੀ, ਜਿਵੇਂ ਉਹ ਅੰਗੂਰੀ ਦੀ ਦੇਹ ਨਾ ਹੋ ਕੇ ਕੱਪੜਿਆਂ ਦੀ ਇੱਕ ਗੱਠੜੀ ਹੋਵੇ ਜਿਸ ਨੂੰ ਕਿਸੇ ਨੇ ਬੰਨ੍ਹ ਕੇ ਉੱਥੇ ਸੁੱਟ ਦਿੱਤਾ ਹੋਵੇ। ਅੰਗੂਰੀ ਦੀ ਉਮਰ ਕੋਈ ਸੱਤਰ-ਬਹੱਤਰ ਤੋਂ ਉੱਤੇ ਹੀ ਹੋਣੀ। ਜੇ ਉਹ ਇਸ ਸਕੂਲ ਵਿੱਚ ਪਿਛਲੇ ਪੰਦਰਾਂ ਸਾਲਾਂ ਤੋਂ ਨੌਕਰੀ ਕਰਦਾ ਆ ਰਿਹਾ ਸੀ ਤਾਂ ਅੰਗੂਰੀ ਵੀ ਉਸੇ ਬਰਾਂਡੇ ਵਿੱਚ ਉਸ ਤੋਂ ਕਿਤੇ ਪਹਿਲਾਂ ਦੀ ਮੰਜੀ ਡਾਹ ਕੇ ਸੌਂਦੀ ਆ ਰਹੀ ਸੀ। ਭਾਵੇਂ ਉਹ ਉੱਥੋਂ ਹਰ ਰੋਜ਼ ਲੰਘਦਾ ਸੀ ਪਰ ਅਜਿਹੀ ਸਥਿਤੀ ਕਦੇ ਪੈਦਾ ਨਹੀਂ ਸੀ ਹੋਈ ਕਿ ਉਸ ਨੂੰ ਅੰਗੂਰੀ ਕੋਲੋਂ ਮੂੰਹ ਛੁਪਾ ਕੇ ਜਾਣਾ ਪਿਆ ਹੋਵੇ। ਬਸ ਉਸ ਦੇ ਸਾਹਮਣੇ ਹੁੰਦਿਆਂ ਹੀ ਉਹ ਦੋਵੇਂ ਹੱਥ ਜੋੜ, ਸ਼ਕਲ ਰੋਣ ਵਾਲੀ ਬਣਾ ਮੂੰਹ ਇਉਂ ਲਮਕਾ ਲੈਂਦੀ ਜਿਵੇਂ ਰਬੜ ਦਾ ਬਣਿਆ ਹੋਵੇ ਅਤੇ ਕਿਸੇ ਨੇ ਖਿੱਚ ਕੇ ਉਸ ਨੂੰ ਲੰਮਾ ਕਰ ਦਿੱਤਾ ਹੋਵੇ। ਉਸ ਦੇ ਸਕੂਟਰ ਦੀ ਆਵਾਜ਼ ਸੁਣਦਿਆਂ ਹੀ ਉਹ ਮੰਜੀ ਤੋਂ ਉੱਠ ਕੇ ਇੱਕ ਵਾਰੀ ਗਰੀਬੜੀ ਜਿਹੀ ਬਣ ਬਹਿ ਜਾਂਦੀ ਅਤੇ ਸਕੂਟਰ ਨੇੜੇ ਪਹੁੰਚਦਿਆਂ ਉਸ ਦੇ ਮੂੰਹ ਵਿੱਚ ਆਪ ਮੁਹਾਰੇ ਬੋਲ ਉੱਗ ਪੈਂਦੇ,

ਬੱਚੇ ਜਿਉਣਤ

ਹੁਣ ਇਸ ਵਿੱਚ ਭਲਾ ਅੰਗੂਰੀ ਨੂੰ ਕਾਹਦਾ ਉਲਾਂਭਾ? ਅਸਲ ਵਿੱਚ ਤਾਂ ਉਸ ਨੂੰ ਆਪ ਸ਼ੇਖੀ ਮਾਰਨ ਅਤੇ ਆਪਣਾ ਵਡੱਪਣ ਦਿਖਾਉਣ ਦੀ ਆਦਤ ਸੀ। ਉਸ ਨੂੰ ਬਹੁਤ ਸੁਆਦ ਆਉਂਦਾ ਕਿਸੇ ਜ਼ਰੂਰਤਮੰਦ ਬੰਦੇ ਨੂੰ ਇਹ ਕਹਿ ਕੇ,

ਓਏ! ਭਾਈ ਸਾਹਿਬ ਸਾਡੇ ਹੁੰਦਿਆਂ ਤੁਹਾਨੂੰ ਕਾਹਦੀ ਚਿੰਤਾ? ਬਹੁਤਾ ਫ਼ਿਕਰ ਨਾ ਕਰਨਾ ਸਭ ਠੀਕ ਹੋ ਜਾਵੇਗਾ। ਨਾਲੇ ਫ਼ਿਕਰ ਕਰਨ ਲਈ ਅਸੀਂ ਜੋ ਬੈਠੇ ਹਾਂ।

ਖ਼ੈਰ ਗੱਲ ਤਾਂ ਅੰਗੂਰੀ ਦੀ ਚੱਲ ਰਹੀ ਸੀ। ਅੰਗੂਰੀ ਉਸ ਮੁਹੱਲੇ ਵਿੱਚ ਰਹਿੰਦੀ ਸੀ ਜਿੱਥੇ ਉਹ ਸਕੂਲ ਬਣਿਆ ਹੋਇਆ ਸੀ। ਅਸਲ 'ਚ ਅੰਗੂਰੀ ਉਸ ਮੁਹੱਲੇ ਦੀ ਜਮਾਂਦਾਰਨੀ ਸੀ। ਭਾਵੇਂ ਹੁਣ ਉਹਦੇ ਪੁੱਤ-ਨੂੰਹਾਂ ਮੁਹੱਲੇ ਦੀ ਸਫ਼ਾਈ ਕਰਨ ਲੱਗੇ ਸਨ ਪਰ ਉਨ੍ਹਾਂ ਤੋਂ ਪਹਿਲਾਂ ਇਹ ਸਾਰਾ ਕੰਮ ਇਕੱਲੀ ਅੰਗੂਰੀ ਦੇ ਹੱਥ ਵਿੱਚ ਸੀ। ਮੁਹੱਲਾ ਮਹਾਜਨਾਂ ਦਾ ਸੀ। ਕਹਿੰਦੇ ਨੇ ਕੋਈ ਸੌ ਸਾਲ ਪਹਿਲਾਂ ਇੱਥੇ ਇੱਕ ਸੇਠ ਆਪਣੇ ਟੱਬਰ ਨਾਲ ਇਸ ਸਕੂਲ ਵਾਲੀ ਇਮਾਰਤ ਵਿੱਚ ਰਹਿੰਦਾ ਸੀ। ਬੜਾ ਅੱਯਾਸ਼ ਸੀ। ਉਸ ਨੇ ਅੰਗੂਰੀ ਦੇ ਸਹੁਰੇ ਦੇ ਪਿਓ ਨੂੰ ਘਰ ਦੇ ਕੰਮ ਕਾਰ ਲਈ ਘੋੜਿਆਂ ਅਤੇ ਡੰਗਰਾਂ ਵਾਲੇ ਤਬੇਲੇ ਨਾਲ ਰਹਿਣ ਲਈ ਇੱਕ ਕੋਠੜੀ ਦੇ ਦਿੱਤੀ ਸੀ। ਕੰਮ ਦਾ ਤਾਂ ਬੱਸ ਇੱਕ ਬਹਾਨਾ ਹੀ ਸੀ। ਅਸਲ 'ਚ ਸੇਠ ਦੀ ਅੰਗੂਰੀ ਦੇ ਸਹੁਰੇ ਦੇ ਪਿਓ ਦੀ ਪਤਨੀ 'ਤੇ ਨਿਗ੍ਹਾ ਟਿਕ ਗਈ ਸੀ ਜਿਹੜੀ ਬਹੁਤ ਖ਼ੂਬਸੂਰਤ ਸੀ। ਫਿਰ ਉਹ ਸੇਠ ਸਾਰੀ ਉਮਰ ਉਸ ਔਰਤ ਨਾਲ ਖੇਹ ਖਾਂਦਾ ਰਿਹਾ। ਸੇਠ ਤਾਂ ਮਰ ਮੁੱਕ ਗਿਆ ਪਰ ਅੰਗੂਰੀ ਦੇ ਸਹੁਰੇ ਦਾ ਪਿਓ ਉਹ ਥਾਂ ਛੱਡ ਕੇ ਨਾ ਗਿਆ। ਹੌਲੀ-ਹੌਲੀ ਸੇਠ ਦੇ ਘਰ ਨਾਲ ਹੋਰ ਕਿੰਨੇ ਹੀ ਨਵੇਂ ਘਰ ਜੁੜ ਗਏ। ਉਧਰ ਅੰਗੂਰੀ ਦੇ ਸਹੁਰੇ ਦੇ ਪਿਓ ਦਾ ਟੱਬਰ ਵੀ ਵਧਦਾ ਗਿਆ ਭਾਵੇਂ ਉਹ ਸਫ਼ਾਈ ਸੇਵਕ ਸਨ ਪਰ ਤਾਂ ਵੀ ਉਨ੍ਹਾਂ ਸ਼ਾਹੂਕਾਰਾਂ ਦਾ ਮੁਹੱਲਾ ਨਾ ਛੱਡਿਆ। ਇਸ ਲਈ ਕਿਸੇ ਨੇ ਕੋਈ ਇਤਰਾਜ਼ ਵੀ ਨਹੀਂ ਕੀਤਾ।

ਜਦੋਂ ਉਸ ਨੇ ਸਕੂਲ 'ਚ ਨੌਕਰੀ ਸ਼ੁਰੂ ਕੀਤੀ ਤਾਂ ਅੰਗੂਰੀ ਨੂੰ ਪਹਿਲੇ ਦਿਨ ਬਰਾਂਡੇ 'ਚ ਡਹੀ ਮੰਜੀ 'ਤੇ ਲੰਮੀ ਪਈ ਦੇਖਿਆ। ਵਰ੍ਹੇ ਲੰਘਦੇ ਗਏ ਪਰ ਉਸ ਵੱਲ ਉਸ ਨੇ ਬਹੁਤਾ ਧਿਆਨ ਨਾ ਦਿੱਤਾ। ਬਸ ਕਦੇ ਕਦਾਈਂ ਉਹ ਜ਼ਰੂਰ ਉੱਥੇ ਮੰਜੀ 'ਤੇ ਬੈਠੀ ਕੁਝ ਖਾਂਦੀ ਜਾਂ ਲੰਮੀ ਪਈ ਦਿਸਦੀ।

ਇੱਕ ਦਿਨ ਉਹ ਸਵੇਰੇ ਸਕੂਲ ਜਾ ਰਿਹਾ ਸੀ ਕਿ ਪਤਾ ਨਹੀਂ ਉਸ ਨੂੰ ਕੀ ਹੋਇਆ। ਉਹਦੀ ਵਡੱਪਣ ਦਿਖਾਉਣ ਦੀ ਆਦਤ ਉਸ ਦੇ ਮਨ ਵਿੱਚ ਉੱਗ ਪਈ। ਉਸ ਨੇ ਜੇਬੋਂ ਪੰਜ ਰੁਪਏ ਕੱਢੇ ਅਤੇ ਅੰਗੂਰੀ ਨੂੰ ਫੜਾ ਦਿੱਤੇ। ਅੱਗੋਂ ਪੰਜ ਰੁਪਏ ਦੇਖ ਕੇ ਅੰਗੂਰੀ ਦਾ ਚਿਹਰਾ ਵੀ ਖਿੜ ਗਿਆ। ਉਸ ਨੇ ਦੋਵੇਂ ਹੱਥਾਂ ਨੂੰ ਢਿੱਲੇ ਜਿਹੇ ਢੰਗ ਨਾਲ ਉਂਜਲ ਬਣਾਈ ਜਿਵੇਂ ਹੇਠਾਂ ਨੂੰ ਡਿੱਗੇ ਜਾਂਦੇ ਪੰਜ ਦੇ ਨੋਟ ਨੂੰ ਝਪਟ ਕੇ ਫੜ ਲਿਆ। ਫਿਰ ਆਪ ਮੁਹਾਰੇ ਉਸ ਦੇ ਮੂੰਹੋਂ ਨਿਕਲਿਆ, ਬੱਚੇ ਜਿਉਣ, ਵੱਡੀਆਂ ਉਮਰਾਂ ਮਾਣਨ। ਅੰਗੂਰੀ ਦੀ ਅਜਿਹੀ ਅਸੀਸ ਸੁਣਦਿਆਂ ਜਿਵੇਂ ਉਹ ਅੰਦਰੋਂ ਪੂਰਾ ਖਿੜ ਗਿਆ, ਵਾਹ! ਮਜ਼ਾ ਆ ਗਿਆ। ਆਹ! ਪੰਜ ਰੁਪਏ ਵੀ ਕੋਈ ਚੀਜ਼ ਹੁੰਦੇ ਨੇ। ਬੰਦਾ ਐਵੇਂ ਪਾਨ ਖਾ ਕੇ ਥੁੱਕ ਦਿੰਦੈ ਜਾਂ ਸਿਗਰਟ ਦੇ ਸੂਟੇ ਮਾਰ ਕੇ ਉਡਾ ਦਿੰਦੈ। ਕਿਵੇਂ ਪੰਜਾ ਦਾ ਨੋਟ ਫੜਦਿਆਂ ਸਾਰ ਉਸ ਨੇ ਗ਼ਰੀਬੜਾ ਜਿਹਾ ਮੂੰਹ ਬਣਾ ਲਿਆ ਸੀ ਅਤੇ ਫਿਰ ਉਸ ਨੇ ਕਿਵੇਂ ਬੱਚਿਆਂ ਨੂੰ ਅਸੀਸ ਦਿੱਤੀ ਸੀ। ਜੇ ਗੱਲ ਇੱਥੇ ਹੀ ਮੁੱਕ ਜਾਂਦੀ ਤਾਂ ਵੀ ਖ਼ੈਰ ਸੀ ਪਰ ਇਸ ਤੋਂ ਬਾਅਦ ਤਾਂ ਉਹ ਵੱਡੀ ਮੁਸ਼ਕਲ ਵਿੱਚ ਫਸ ਗਿਆ। ਉਧਰ ਮਹੀਨੇ ਦੀ ਪਹਿਲੀ ਚੜ੍ਹੇ ਅਤੇ ਉਧਰ ਅੰਗੂਰੀ ਜਿਵੇਂ ਮੰਜੀ 'ਤੇ ਬੈਠੀ ਬੈਠੀ ਵੀ ਉਸ ਨੂੰ ਘੇਰ ਲਵੇ। ਦੋਵੇਂ ਹੱਥਾਂ ਨੂੰ ਜੋੜ ਬੁੱਕ ਬਣਾ ਲਵੇ ਅਤੇ ਮੂੰਹ ਗ਼ਰੀਬੜਾ ਜਿਹਾ ਕਰ ਕੇ ਆਪਣੀ ਅਸੀਸ ਨੂੰ ਅਧੂਰਾ ਛੱਡ ਦੇਵੇ, ਬੱਚੇ ਜਿਉਣ।

ਫਿਰ ਜਦੋਂ ਤੀਕ ਉਹਦੀ ਜੇਬੋਂ ਪੰਜ ਰੁਪਏ ਬਾਹਰ ਨਿਕਲ ਅੰਗੂਰੀ ਦੀ ਝੋਲੀ ਵਿੱਚ ਨਾ ਪੈ ਜਾਣ, ਉਹ ਰੋਜ਼ ਉੱਥੇ ਬਰਾਂਡੇ 'ਚੋਂ ਜਿਵੇਂ ਉਸ ਨੂੰ ਲੰਘਣ ਨਾ ਦੇਵੇ। ਭਾਵੇਂ ਉਹ ਕਿੰਨਾ ਵੀ ਅੱਖ ਬਚਾਵੇ ਪਰ ਅੰਗੂਰੀ ਪਹਿਲੀ ਛੇ ਤਰੀਕ ਤੀਕ ਉਸ ਤੋਂ ਪੰਜ ਰੁਪਏ ਲੈ ਕੇ ਹੀ ਛੱਡੇ। ਬੱਸ ਫੇਰ ਮਹੀਨੇ ਦੇ ਬਾਕੀ ਦਿਨ ਜਾਂ ਤਾਂ ਉਹ ਉਸ ਨੂੰ ਚੁੱਪ ਮੰਜੀ 'ਤੇ ਸੁੱਤੀ ਦਿਸੇ ਜਾਂ ਕਦੇ ਇਕੱਲੀ ਬੈਠੀ ਕੁਝ ਖਾਂਦੀ। ਉਸ ਨੂੰ ਇਉਂ ਜਾਪਦਾ ਜਿਵੇਂ ਪੰਜ ਰੁਪਏ ਲੈਣ ਦਾ ਅੰਗੂਰੀ ਦਾ ਉਸ 'ਤੇ ਹੱਕ ਸੀ ਜਿਸ ਤੋਂ ਉਹ ਮੁਨਕਰ ਨਹੀਂ ਹੋ ਸਕਦਾ ਸੀ।

ਓਏ! ਇਹ ਤਾਂ ਜ਼ਬਰਦਸਤੀ ਹੀ ਹੋ ਗਈ। ਪਰ ਹੈ ਤਾਂ ਅਖੀਰ ਨੂੰ ਤ ਇਹ ਮੇਰੇ ਕੋਲੋਂ ਇੱਕ ਵਾਰੀ ਕੀ ਭੁੱਲ ਹੋ ਗਈ ਕਿ ਹਰ ਮਹੀਨੇ ਉਸ ਦੀ ਸਜ਼ਾ ਭੁਗਤਣੀ ਪੈਂਦੀ ਹੈ। ਇਹ ਤਾਂ ਫੇਰ ਧੱਕੇਸ਼ਾਹੀ ਹੀ ਹੋਈ ਨਾ।

ਉਹ ਮਨ ਹੀ ਮਨ ਸੋਚਦਾ ਤੇ ਕੁੜ੍ਹਦਾ ਪਰ ਹੁਣ ਕੀ ਹੋ ਸਕਦਾ ਸੀ? ਅਜੇ ਪਹਿਲੀ ਤਰੀਕ ਚੜ੍ਹੀ ਹੀ ਸੀ ਕਿ ਜਿਵੇਂ ਮੰਜੀ 'ਤੇ ਬੈਠਿਆਂ ਹੀ ਅੰਗੂਰੀ ਨੇ ਉਸ ਦਾ ਰਾਹ ਰੋਕ ਲਿਆ। ਅਜੇ ਉਸ ਨੇ ਹੱਥ ਜੋੜ ਬੁੱਕ ਬਣਾਈ ਹੀ ਸੀ ਕਿ ਉਹ ਤੇਜ਼ ਸਕੂਟਰ ਚਲਾਉਂਦਾ ਫਰਰਰ ਕਰਦਾ ਸਕੂਲ ਵੱਲ ਨਿਕਲ ਗਿਆ। ਜਿਵੇਂ ਉਸ ਨੇ ਤਾਂ ਅੰਗੂਰੀ ਨੂੰ ਵੇਖਿਆ ਹੀ ਨਹੀਂ ਸੀ ਅਤੇ ਨਾ ਹੀ ਉਹਦੀ ਆਵਾਜ਼ ਸੁਣੀ ਸੀ। ਇਸ ਤਰ੍ਹਾਂ ਛੇ ਦਿਨ ਲੰਘ ਗਏ ਪਰ ਉਹ ਅੰਗੂਰੀ ਦੇ ਹੱਥ ਨਾ ਚੜ੍ਹਿਆ। ਆਪਣੀ ਜਿੱਤ 'ਤੇ ਉਹ ਅੰਦਰੋ-ਅੰਦਰ ਬਹੁਤ ਖ਼ੁਸ਼ ਹੁੰਦਾ। ਰੋਜ਼ ਅੰਦਰ ਜਿਵੇਂ ਲੱਡੂ ਫੁੱਟਣ ਪਰ ਅੱਗੋਂ ਅੰਗੂਰੀ ਵੀ ਕਿਹੜੀ ਘੱਟ। ਇੰਨੀ ਪੱਕੀ ਕਿ ਜਦੋਂ ਦੂਰੋਂ ਸਕੂਟਰ ਦੀ ਆਵਾਜ਼ ਸੁਣਾਈ ਦੇਵੇ ਤਾਂ ਚੁਸਤ ਹੋ ਕੇ ਮੰਜੀ 'ਤੇ ਬਹਿ ਜਾਵੇ ਅਤੇ ਦੋਵੇਂ ਹੱਥ ਜੋੜ ਮੂੰਹ ਢਿੱਲਾ ਜਿਹਾ ਕਰ ਲਵੇ। ਕਈ ਦਿਨ ਲੰਘ ਗਏ ਪਰ ਉਸ ਨੇ ਅੰਗੂਰੀ ਨੂੰ ਡਾਹ ਨਹੀਂ ਦਿੱਤੀ। ਫਿਰ ਇੱਕ ਦਿਨ ਪਤਾ ਨਹੀਂ ਕਿਵੇਂ ਘਰੋਂ ਤੁਰਨ ਤੋਂ ਪਹਿਲਾਂ ਉਹਦੇ ਮਨ 'ਚ ਆਇਆ, 'ਚਲੋ ਅੱਜ ਉਸ ਨੂੰ ਪੰਜ ਰੁਪਏ ਦੇ ਹੀ ਦਿੰਦਾ ਹਾਂ। ਕਿੰਨੇ ਦਿਨ ਹੋ ਗਏ ਹੱਥ ਦੀ ਬੁੱਕਲ ਜਿਹੀ ਬਣਾਉਂਦੀ ਨੂੰ। ਕਿਵੇਂ ਗ਼ਰੀਬੜਾ ਜਿਹਾ ਮੂੰਹ ਕਰ ਲੈਂਦੀ ਹੈ। ਕੁੱਲ ਪੰਜ ਰੁਪਏ ਦੀ ਹੀ ਤਾਂ ਗੱਲ ਹੈ।' ਇਹ ਸੋਚ ਕੇ ਨਾਲ ਹੀ ਉਸ ਨੇ ਪੰਜ ਰੁਪਏ ਦਾ ਇੱਕ ਨਵਾਂ ਨੋਟ ਪੈਂਟ ਦੀ ਸੱਜੀ ਜੇਬ ਵਿੱਚ ਪਾ ਲਿਆ ਤਾਂ ਕਿ ਸਕੂਟਰ 'ਤੇ ਚੜ੍ਹਿਆਂ-ਚੜ੍ਹਿਆਂ ਉਹ ਬਾਹਰ ਕੱਢ ਅੰਗੂਰੀ ਦੀ ਬੁੱਕਲ ਵਿੱਚ ਸੁੱਟ ਦੇਵੇ ਪਰ ਇਹ ਕੀ? ਅਜੇ ਤਾਂ ਉਹ ਸਕੂਟਰ ਲੈ ਲੰਮੀ ਗਲੀ ਵਿੱਚ ਵੜਿਆ ਹੀ ਸੀ ਕਿ ਉਸ ਨੂੰ ਦੂਰੋਂ ਕਈ ਬੰਦੇ ਇਕੱਠੇ ਹੋਏ ਦਿੱਸੇ। ਉਨ੍ਹਾਂ ਵਿੱਚ ਕੁਝ ਖੜੋਤੇ ਤੇ ਕੁਝ ਗਲੀ ਵਿੱਚ ਵਿਛੀ ਦਰੀ 'ਤੇ ਬੈਠੇ ਸਨ। ਮੁਹੱਲੇ ਵਿੱਚ ਕੋਈ ਮਰ ਗਿਆ ਹੋਣਾਂ। ਹਾਂ! ਉਹ ਰਾਮ ਲਾਲ ਦਾ ਪਿਓ ਹੋਣਾ ਜਿਹੜਾ ਪਿਛਲੇ ਹਫ਼ਤੇ ਕੋਠੇ ਦੀ ਛੱਤ ਤੋਂ ਹੇਠਾਂ ਵਿਹੜੇ ਵਿੱਚ ਪੱਕੇ ਫਰਸ਼ 'ਤੇ ਡਿੱਗ ਪਿਆ ਸੀ, ਐਨੇ ਉੱਚੇ ਤੋਂ ਡਿੱਗ ਕੇ ਤਾਂ ਬੰਦਾ ਇਉਂ ਨਹੀਂ ਬਚਦਾ।

ਉਸ ਨੇ ਆਪਣੇ ਆਪ ਨੂੰ ਜਿਵੇਂ ਇਹ ਸਵਾਲ ਕੀਤਾ ਤੇ ਆਪੇ ਉਸ ਦਾ ਜਵਾਬ ਦੇ ਦਿੱਤਾ। ਇਸ ਸੋਚ ਨਾਲ ਹੀ ਉਹ ਸਕੂਟਰ ਤੋਂ ਹੇਠਾਂ ਉੱਤਰ ਗਿਆ। ਉਸ ਨੇ ਭੀੜ ਤੋਂ ਦੂਰ ਹੀ ਸਕੂਟਰ ਨੂੰ ਜਿੰਦਰਾ ਮਾਰ ਦਿੱਤਾ ਅਤੇ ਹੈਲਮਟ ਉਸ ਦੀ ਸੀਟ ਨਾਲ ਲਾ ਕੇ ਹੌਲੀ-ਹੌਲੀ ਭੀੜ ਵੱਲ ਤੁਰ ਪਿਆ। ਅਜੇ ਉਹ ਡਿਉੜੀ ਵਿੱਚ ਵੜਿਆ ਹੀ ਸੀ ਕਿ ਉਹ ਤਾਂ ਜਿਵੇਂ ਤ੍ਰਭਕ ਕੇ ਇੱਕੋ ਥਾਂ ਖੜ੍ਹਾ ਰਹਿ ਗਿਆ ਕਿਉਂਕਿ ਇਹ ਮੁਹੱਲੇ 'ਚ ਰਹਿੰਦਾ ਰਾਮ ਲਾਲ ਦਾ ਪਿਓ ਨਹੀਂ ਸੀ ਮਰਿਆ ਸਗੋਂ ਇਹ ਤਾਂ ਅੰਗੂਰੀ ਸੀ ਜਿਹੜੀ ਡਿਉੜੀ ਨਾਲ ਜੁੜੇ ਬਰਾਂਡੇ ਦੇ ਪੱਕੇ ਫਰਸ਼ 'ਤੇ ਭੁੰਜੇ ਪਈ ਸੀ। ਉਹਦੀ ਦੇਹ ਲਾਲ ਕੱਪੜੇ ਨਾਲ ਕੱਜੀ ਹੋਈ ਸੀ। ਨੇੜੇ ਬੈਠੇ ਉਸ ਦੇ ਪਰਿਵਾਰ ਦੇ ਜੀਅ ਕੁਝ ਤਾਂ ਰੋ ਰਹੇ ਸਨ ਅਤੇ ਕਈਆਂ ਦੇ ਚਿਹਰੇ ਰੋਣ ਵਾਲੇ ਲੱਗ ਰਹੇ ਸਨ। ਇਹ ਸਭ ਦੇਖਦਿਆਂ ਸਾਰ ਪਤਾ ਨਹੀਂ ਉਸ ਦਾ ਸੱਜਾ ਹੱਥ ਕਿਉਂ ਉਹਦੀ ਪੈਂਟ ਦੀ ਜੇਬ੍ਹ ਵਿੱਚ ਚਲਾ ਗਿਆ ਜਿੱਥੇ ਅਜੇ ਵੀ ਪੰਜ ਦਾ ਨਵਾਂ ਨੋਟ ਪਿਆ ਸੀ, ਜਿਹੜਾ ਉਹ ਅੱਜ ਸਵੇਰੇ ਅੰਗੂਰੀ ਨੂੰ ਦੇਣ ਦਾ ਫ਼ੈਸਲਾ ਕਰ ਕੇ ਘਰੋਂ ਤੁਰਿਆ ਸੀ। ਚੰਗਾ ਹੋਇਆ ਸਹੁਰੀ ਦੀ ਮਰ ਗਈ। ਖਹਿੜਾ ਛੁੱਟ ਗਿਆ। ਹੁਣ ਰਾਹ ਰੋਕ ਕੇ ਤਾਂ ਨਹੀਂ ਖਲੋਵੇਗੀ।

ਪਤਾ ਨਹੀਂ ਕਿਸੇ ਮ੍ਰਿਤਕ ਬਾਰੇ ਇਹ ਸੋਚਦੇ ਸਾਰ ਉਸ ਦਾ ਅੰਦਰ ਕਿਉਂ ਗਿਲਾਨੀ ਨਾਲ ਭਰ ਗਿਆ।

ਕਦੇ ਕਿਸੇ ਮੁਰਦੇ ਬਾਰੇ ਵੀ ਇੰਜ ਸੋਚੀਦਾ ਹੈ?

ਉਸ ਨੇ ਆਪਣੇ ਆਪ ਨੂੰ ਕਿਹਾ। ਅੰਗੂਰੀ ਅਜੇ ਤਕ ਵੀ ਉਂਜ ਹੀ ਭੁੰਜੇ ਪੱਕੇ ਫਰਸ਼ 'ਤੇ ਪਈ ਸੀ। ਉਹ ਉਸ ਤੋਂ ਕੁਝ ਦੂਰੀ 'ਤੇ ਮੌਨ ਹੋਇਆ ਖੜੋਤਾ ਸੀ ਅਤੇ ਉਸ ਦਾ ਇੱਕ ਹੱਥ ਪੈਂਟ ਦੀ ਜੇਬ ਵਿੱਚ ਸੀ। ਉਸ ਦੀਆਂ ਉਂਗਲਾਂ ਪੰਜ ਦੇ ਨੋਟ ਨੂੰ ਟੋਹ ਰਹੀਆਂ ਸਨ। ਉਹ ਉਸ ਵੇਲੇ ਕੁਝ ਨਹੀਂ ਸੋਚ ਪਾ ਰਿਹਾ ਸੀ। ਉਸ ਦੇ ਮਨ ਵਿੱਚ ਤਾਂ ਬੱਸ ਇੱਕੋ ਗੱਲ ਸੀ ਕਿ ਆਹ! ਕੀ ਹੋ ਗਿਆ? ਕੀ ਇਹ ਮਾੜਾ ਨਹੀਂ ਹੋਇਆ?

ਅੰਗੂਰੀ ਦੀ ਅਰਥੀ ਤਿਆਰ ਕਰ ਲਈ ਗਈ। ਉਹਦੇ ਸਰੀਰ ਨੂੰ ਚੰਗੀ ਤਰ੍ਹਾਂ ਲਾਲ ਦੁਸ਼ਾਲੇ ਨਾਲ ਕੱਜ ਦਿੱਤਾ ਗਿਆ। ਉਸ ਦੇ ਰਿਸ਼ਤੇਦਾਰਾਂ ਅਤੇ ਨੇੜਲਿਆਂ ਨੇ ਉਸ ਨੂੰ ਫੁੱਲਾਂ ਨਾਲ, ਹਾਰਾਂ ਨਾਲ ਸਜਾ ਦਿੱਤਾ। ਉਹ ਅਜੇ ਤਕ ਵੀ ਕੁਝ ਦੂਰੀ 'ਤੇ ਖੜ੍ਹਾ ਅੰਗੂਰੀ ਦੀ ਦੇਹ ਨੂੰ ਨਿਹਾਰ ਰਿਹਾ ਸੀ। ਫਿਰ ਪਤਾ ਨਹੀਂ ਅਚਾਨਕ ਉਸ ਨੂੰ ਕਿਉਂ ਇਸ ਤਰ੍ਹਾਂ ਲੱਗਾ ਜਿਵੇਂ ਅੰਗੂਰੀ ਦਾ ਸਰੀਰ ਹਿੱਲਿਆ ਹੋਵੇ ਅਤੇ ਉਸ ਨੇ ਆਪਣੇ ਚਿਹਰੇ ਤੋਂ ਲਾਲ ਕੱਪੜਾ ਲਾਹ ਦੋਵੇਂ ਹੱਥ ਬਾਹਰ ਕੱਢ ਲਏ ਹੋਣ ਅਤੇ ਫਿਰ ਉਨ੍ਹਾਂ ਨੂੰ ਜੋੜ ਬੁੱਕ ਬਣਾ ਗ਼ਰੀਬੜਾ ਜਿਹਾ ਮੂੰਹ ਲਮਕਾ ਲੰਮਾ ਕਰਦਿਆਂ ਕਿਹਾ ਹੋਵੇ,

ਬੱਚੇ ਜਿਉਣ। ਇਸ ਆਵਾਜ਼ ਦੇ ਨਾਲ ਹੀ ਉਹ ਆਪਣੀ ਥਾਂ ਤੋਂ ਅੱਗੇ ਵਧ ਅੰਗੂਰੀ ਦੇ ਮ੍ਰਿਤਕ ਸਰੀਰ ਨੇੜੇ ਪਹੁੰਚ ਗਿਆ। ਉਸ ਦਾ ਸੱਜਾ ਹੱਥਾ ਅਜੇ ਤੀਕ ਵੀ ਪੈਂਟ ਦੀ ਜੇਬ ਵਿੱਚ ਸੀ ਜਿਸ ਦੀਆਂ ਉਂਗਲਾਂ ਨੇ ਪੰਜ ਦੇ ਨੋਟ ਨੂੰ ਘੁੱਟ ਕੇ ਫੜ ਰੱਖਿਆ ਸੀ। ਉਸ ਨੇ ਫੁਰਤੀ ਨਾਲ ਉਹ ਨੋਟ ਆਪਣੀ ਜੇਬੋਂ ਬਾਹਰ ਕੱਢ ਲਿਆ ਅਤੇ ਆਪਣੀ ਥਾਂ 'ਤੇ ਖਲੋਤਿਆਂ ਇੰਜ ਅੱਗੇ ਨੂੰ ਝੁਕਿਆ ਜਿਵੇਂ ਨੋਟ ਅੰਗੂਰੀ ਵੱਲ ਕਰੇਗਾ ਅਤੇ ਉਹ ਉਸ ਨੂੰ ਝਪਟ ਕੇ ਫੜ ਲਵੇਗੀ।

ਪਰ ਜਦੋਂ ਉਹ ਝੁਕ ਕੇ ਹੱਥ ਉਸ ਦੀ ਦੇਹ ਨੇੜੇ ਲੈ ਗਿਆ ਤਾਂ ਉਸ ਦੇਖਿਆ ਅੰਗੂਰੀ ਤਾਂ ਅਜੇ ਤਕ ਵੀ ਕੱਪੜੇ ਨਾਲ ਕੱਜੀ ਅਡੋਲ ਪਈ ਸੀ, ਉਵੇਂ ਦੀ ਉਵੇਂ ਜਿਹੀ ਉਹ ਪਿਛਲੇ ਪੰਦਰਾਂ ਵਰ੍ਹਿਆਂ ਤੋਂ ਗੁੱਛਾ ਮੁੱਛਾ ਹੋਈ ਮੰਜੀ ਵਿੱਚ ਪਈ ਦਿਸਦੀ ਆ ਰਹੀ ਸੀ। ਬਿਲਕੁਲ ਇੱਕ ਕੱਪੜੇ ਦੀ ਗੱਠੜੀ ਜਿਹੀ ਜਿਸ ਨੂੰ ਜਿਵੇਂ ਕਿਸੇ ਨੇ ਬੰਨ੍ਹ ਕੇ ਮੰਜੀ ਵਿੱਚ ਸੁੱਟ ਰੱਖਿਆ ਸੀ। ਉਸ ਨੇ ਹੇਠਾਂ ਨੂੰ ਝੁਕ ਕੇ ਮਲਕੜੇ ਦੇ ਕੇ ਪੰਜ ਰੁਪਏ ਦਾ ਨੋਟ ਅੰਗੂਰੀ ਦੇ ਪੈਰਾਂ ਵੱਲ ਰੱਖ ਦਿੱਤਾ ਅਤੇ ਫਿਰ ਉਹ ਬਿਨਾਂ ਪਿੱਛੇ ਦੇਖਿਆਂ ਤਿੱਖੇ ਕਦਮਾਂ ਨਾਲ ਸਕੂਲ ਵੱਲ ਤੁਰ ਪਿਆ। ਸ਼ਾਇਦ ਇਹ ਉਸ ਦਾ ਅਖੀਰੀ ਅਧਿਕਾਰ ਸੀ ਜਿਹੜਾ ਅੰਗੂਰੀ ਨੇ ਉਸ ਕੋਲੋਂ ਮੱਲੋ ਮੱਲੀ ਖੋਹ ਲਿਆ ਸੀ।



# ਜਮਾਂਦਰੂ ਕਲਾਕਾਰ 'ਸੁਆਣੀ'

ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਕਲਾ ਦਾ ਗੁਣ ਜਮਾਂਦਰੂ ਹੁੰਦਾ ਹੈ ਤੇ ਇਸ ਵਿੱਚ ਸਿਖਲਾਈ ਦਾ ਕੰਮ ਉਸ ਜਮਾਂਦਰੂ ਕਲਾ ਨੂੰ ਨਿਖਾਰਨਾ ਹੀ ਹੁੰਦਾ ਹੈ। ਕਲਾ ਦੇ ਜਮਾਂਦਰੂ ਹੋਣ ਦੀ ਸਹੀ ਮਿਸਾਲ ਸੁਆਣੀ ਤੋਂ ਮਿਲਦੀ ਹੈ। ਸੁਹਜ ਤੇ ਸਹਿਜ ਨਾਲ ਭਰਪੂਰ ਸੁਆਣੀ ਦੀ ਕਲਾ ਘਰ ਦੀਆਂ ਵਸਤਾਂ ਨੂੰ ਸਹੀ ਟਿਕਾਣੇ 'ਤੇ ਰੱਖਣ ਅਤੇ ਆਪਣੇ ਲਾਡਲੇ ਬੱਚਿਆਂ ਦੇ ਚਿਹਰੇ ਨਿਖਾਰਨ ਵਿੱਚੋਂ ਝਲਕਦੀ ਹੈ। ਕਿਸਾਨੀ ਜੀਵਨ ਨਾਲ ਜੁੜੀ ਸੁਆਣੀ ਘਰ ਨੂੰ ਲਿੱਪ ਪੋਚ ਕੇ ਰੰਗਦਾਰ ਚੁੱਲ੍ਹੇ, ਭੜੋਲੀਆਂ ਤੇ ਤੰਦੂਰ ਬਣਾਉਂਦੀ ਹੈ ਤਾਂ ਉਸ ਦੀ ਕਲਾ ਸਾਹਮਣੇ ਆਉਂਦੀ ਹੈ। ਜਦੋਂ ਉਹ ਕੱਚੀਆਂ ਕੰਧਾਂ 'ਤੇ ਵੇਲ-ਬੂਟੀਆਂ ਪਾਉਂਦੀ ਹੈ, ਰਸੋਈ ਵਿੱਚ ਵਰਤੇ ਜਾਣ ਵਾਲੇ ਛਿੱਕੂ ਤੇ ਰੋਟੀਆਂ ਰੱਖਣ ਲਈ ਰੰਗ-ਬਿਰੰਗੀਆਂ ਟੋਕਰੀਆਂ ਤੇ ਘਰ ਵਿਚਲੇ ਪਿੱਪਲ ਜਾਂ ਅੰਬਾਂ 'ਤੇ ਝੂਟਣ ਲਈ ਰੰਗ-ਬਿਰੰਗੀਆਂ ਰੱਸੀਆਂ ਨਾਲ ਪੀਂਘ ਪਾਉਂਦੀ ਹੈ ਤਾਂ ਉਸ ਦੀ ਕਲਾ ਦਾ ਜਮਾਂਦਰੂ ਗੁਣ ਸਹਿਜੇ ਹੀ ਰੂਪਮਾਨ ਹੋ ਜਾਂਦਾ ਹੈ। ਪਸ਼ੂਆਂ ਦੀਆਂ ਖੁਰਲੀਆਂ ਬਣਾਉਣੀਆਂ, ਧਾਰਾਂ ਕੱਢਣੀਆਂ, ਰੰਗਲੀ ਚਾਟੀ ਵਿੱਚ ਮਧਾਣੀ ਪਾ ਕੇ ਸੰਗੀਤਮਈ ਸਵੇਰ ਦਾ ਮਾਹੌਲ ਉਸਾਰਨਾ ਆਦਿ ਕਿਰਿਆਵਾਂ ਕਿਸਾਨ ਔਰਤ ਦੀ ਕਲਾਮਈ ਪੂਰਤੀ ਹੀ ਤਾਂ ਹੈ। ਸ਼ਹਿਰੀ ਸੁਆਣੀ ਆਪਣੀ ਆਰਥਿਕ ਸੀਮਾ ਵਿੱਚ ਰਹਿ ਕੇ ਬੈਠਕ ਵਿੱਚ ਰੰਗ-ਬਿਰੰਗੀਆਂ ਤਸਵੀਰਾਂ ਸਜਾਉਂਦੀ ਹੈ। ਇਹ ਉਹਦੇ ਮਨ ਦੇ ਉਦਗਾਰਾਂ ਤੇ ਉਸ ਦੇ ਇਸ਼ਟ ਅਨੁਸਾਰ ਹੋ ਸਕਦੀਆਂ ਹਨ। ਪ੍ਰਸਿੱਧ ਲੇਖਕ ਹੋਰੇਸ ਦਾ ਕਥਨ ਹੈ, 'ਤਸਵੀਰਾਂ ਬਿਨਾਂ ਸ਼ਬਦਾਂ ਤੋਂ ਕਵਿਤਾਵਾਂ ਹੁੰਦੀਆਂ ਹਨ'। ਸੁਆਣੀ ਦੀ ਕਲਾ ਇਸ ਵਿੱਚ ਹੁੰਦੀ ਹੈ ਕਿ ਉਹ ਕਿਹੜੀਆਂ ਥਾਵਾਂ ਨੂੰ ਕਿਸ ਤਰ੍ਹਾਂ ਸਜਾਉਂਦੀ ਹੈ?



ਘਰੇਲੂ ਬਗੀਚਾ ਸੁਆਣੀ ਦੇ ਸੁਹਜ ਸਵਾਦ ਤੇ ਕਲਾ ਦਾ ਸੂਚਕ ਹੁੰਦਾ ਹੈ। ਘਰ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦਾ ਸੁਆਣੀ ਦੇ ਹੁਨਰ ਦਾ ਪੈਮਾਨਾ ਹੁੰਦਾ ਹੈ। ਇਹ ਘਰੇਲੂ ਬਗੀਚੇ ਉਸ ਦੀ ਸਿਰਜਣਾਤਮਿਕਤਾ ਦੀਆਂ ਖ਼ੁਸ਼ਬੂਆਂ ਵੰਡਦੇ ਹਨ। ਜਦੋਂ ਉਹ ਸਵੇਰ ਵੇਲੇ ਖਿੜੇ ਹੋਏ ਫੁੱਲਾਂ ਨੂੰ ਵੇਖਦੀ ਹੈ ਤਾਂ ਉਸ ਨੂੰ ਇਵੇਂ ਮਹਿਸੂਸ ਹੁੰਦਾ ਹੈ ਕਿ ਉਹ ਫਿਰ ਕੰਮਾਂ ਲਈ ਤਰੋ-ਤਾਜ਼ਾ ਹੋ ਗਈ ਹੋਵੇ। ਸੁਆਣੀ ਨੂੰ ਅਮੀਰੀ ਦਾ ਵਿਖਾਵਾ ਕਰਨ ਦੀ ਲੋੜ ਨਹੀਂ ਹੁੰਦੀ। ਜ਼ਰੂਰੀ ਨਹੀਂ ਕਿ ਬੈਠਕਾਂ ਜਾਂ ਘਰਾਂ ਨੂੰ ਸਜਾਉਣ ਲਈ ਮਹਿੰਗੀਆਂ ਵਸਤਾਂ ਦੀ ਵਰਤੋਂ ਕੀਤੀ ਜਾਵੇ। ਅਮੀਰੀ ਤਾਂ ਸਾਦਗੀ ਨਾਲ ਆਪਣੀ ਕਲਾ ਪ੍ਰਗਟਾਉਣ ਦਾ ਨਾਂ ਹੈ। ਸੁਆਣੀ ਜਦੋਂ ਬੂਟੀਆਂ ਨਾਲ ਫੁਲਕਾਰੀ ਕੱਢਦੀ ਹੈ ਅਤੇ ਰੰਗ-ਬਿਰੰਗੀਆਂ ਦਰੀਆਂ, ਗਲੀਚੇ, ਬਾਗ, ਕਰੋਸ਼ੀਏ ਨਾਲ ਚੰਨ ਤਾਰਿਆਂ ਨਾਲ ਆਪਣੀ ਸ਼ਾਲ ਸਜਾਉਂਦੀ ਹੈ ਤਾਂ ਇਹ ਜਮਾਂਦਰੂ ਕਲਾ ਦਾ ਸੂਚਕ ਤੇ ਉਸ ਦੀ ਕਲਾ ਦੀ ਪੂਰਤੀ ਹੀ ਤਾਂ ਹੈ। ਕਲਾ ਬਾਰੇ ਜੀਨ ਰਿਚਰ ਨੇ ਕਿਹਾ ਹੈ, "ਕਲਾ ਕੋਈ ਖਾਣ ਵਾਲੀ ਬਰੈੱਡ ਨਹੀਂ, ਇਹ ਤਾਂ ਜ਼ਿੰਦਗੀ ਦਾ ਨਸ਼ਾ ਹੈ।"

ਸੁਆਣੀ ਪੇਂਡੂ ਖੇਤਰ ਦੀ ਹੋਵੇ ਜਾਂ ਸ਼ਹਿਰੀ, ਉਸ ਦੀ ਕਲਾ ਨਿਰੋਲ ਹੁੰਦੀ ਹੈ। ਅਜਿਹੀ ਕਲਾ ਵਿੱਚ ਕੋਈ ਵਪਾਰਕ ਤੱਤ ਨਹੀਂ ਹੁੰਦਾ। ਇਹ ਔਰਤ ਦੇ ਪ੍ਰਬਲ ਮਨੋਭਾਵਾਂ ਦੇ ਵਹਿਣ ਹੁੰਦੇ ਹਨ, ਜਿਨ੍ਹਾਂ ਨਾਲ ਉਹ ਆਪਣੇ ਘਰ ਦੀ ਸੁਹਜਮਈ ਢੰਗ ਨਾਲ ਉਸਾਰੀ ਕਰਦੀ ਹੈ। ਸੰਸਾਰ ਪ੍ਰਸਿੱਧ ਚਿੰਤਕ ਡਾਂਟੇ ਨੇ ਕਿਹਾ ਹੈ, "ਕਲਾ ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਦੀ ਹੈ।" ਜੇ ਅਸੀਂ ਪਰਮਾਤਮਾ ਤੋਂ ਬਾਅਦ ਸਿਰਜਣਾ ਦੇ ਪੱਖ ਤੋਂ ਮਹਾਨ ਕਿਸੇ ਨੂੰ ਸਮਝ ਸਕਦੇ ਹਾਂ ਤਾਂ ਉਹ ਔਰਤ ਹੈ। ਉਹ ਬੱਚੇ ਨੂੰ ਆਪਣੇ ਗਰਭ ਵਿਚ ਰੱਖ ਕੇ ਪਲ-ਪਲ ਉਸ ਦੇ ਵਿਕਾਸ ਨੂੰ ਮਹਿਸੂਸ ਕਰਦੀ ਹੈ ਅਤੇ ਦਿਲ ਦੀਆਂ ਗਹਿਰਾਈਆਂ ਤੋਂ ਇੱਕ ਮਹਾਨ ਸਿਰਜਕ ਦਾ ਕੰਮ ਕਰਦੀ ਹੈ। ਘਰ ਸਮਾਜ ਦੀ ਬੁਨਿਆਦੀ ਇਕਾਈ ਹੈ ਅਤੇ ਘਰ ਵਿੱਚ ਮੁਹੱਬਤ, ਅਪਣੱਤ, ਹਸਰਤਾਂ, ਜਜ਼ਬਿਆਂ ਦੇ ਫੁੱਲ ਔਰਤ ਉਗਾਉਂਦੀ ਹੈ। ਉਸ ਦੀ ਖ਼ੁਸ਼ਬੂ ਨੂੰ ਮਾਣਨ ਲਈ ਵਿਦੇਸ਼ਾਂ ਵਿੱਚ ਰੋਜ਼ੀ-ਰੋਟੀ ਲਈ ਗਏ ਲੋਕ ਸਦਾ ਕਾਮਨਾ ਕਰਦੇ ਹਨ ਕਿ ਮਾਂ ਦੇ ਹੱਥਾਂ ਦੀ ਬਣੀ ਹੋਈ ਰੋਟੀ ਖਾਣ। ਨਿਰਸੰਦੇਹ ਸੁਆਣੀ ਇੱਕ ਮਹਾਨ ਕਲਾਕਾਰ ਦੀ ਪ੍ਰਤੀਕ ਹੈ। ਉਹ ਘਰੇਲੂ ਜੀਵਨ ਵਿੱਚ ਕਲਾ ਦੀਆਂ ਕਈ ਪੰਖੜੀਆਂ ਉਸਾਰ ਕੇ ਆਪਣੀ ਜਮਾਂਦਰੂ ਕਲਾ ਦਾ ਸਬੂਤ ਪੇਸ਼ ਕਰਦੀ ਹੈ।

– ਜਤਿੰਦਰਬੀਰ ਸਿੰਘ ਨੰਦਾ

# ਕਈ ਬੀਮਾਰੀਆਂ ਨੂੰ ਦੂਰ ਕਰਦਾ ਹੈ ਕੇਲਾ

1) ਕੇਲੇ 'ਚ ਰੇਸ਼ਾ ਭਰਪੂਰ ਮਾਤਰਾ 'ਚ ਹੋਣ ਕਾਰਨ ਢਿੱਡ ਦੀ ਸਫਾਈ ਲਈ ਮਦਦਗਾਰ ਹੁੰਦਾ ਹੈ।

2) ਸਰੀਰ 'ਚ ਹੋਣ ਵਾਲੀ ਸੜਨ ਜਾਂ ਮੱਛਰ ਦੇ ਕੱਟਨ 'ਤੇ ਕੇਲੇ ਦੇ ਛਿੱਲਕੇ ਦੇ ਅੰਦਰੂਨੀ ਹਿੱਸੇ ਨੂੰ ਉਸ ਥਾਂ 'ਤੇ ਰਗੜਿਆਂ ਜਾਵੇ ਤਾਂ ਸੜਨ ਪੈਣੀ ਹੱਟ ਜਾਂਦੀ ਹੈ ਅਤੇ ਮੱਛਰ ਕੱਟਣ ਨਾਲ ਹੋਣ ਵਾਲੀ ਲਾਲੀ ਦੂਰ ਹੋ ਜਾਂਦੀ ਹੈ।

3) ਰੋਜ਼ਾਨਾ ਕੇਲੇ ਦੇ ਸੇਵਨ ਨਾਲ ਸਰੀਰ ਅਤੇ ਦਿਮਾਗ ਦੋਹਾਂ ਨੂੰ ਲਾਭ ਮਿਲਦਾ ਹੈ।

4) ਜਿਹੜੇ ਲੋਕ ਸਿਗਰੇਟ ਨੋਸ਼ੀ ਛੱਡਣਾ ਚਾਹੁੰਦੇ ਹੋਣ ਉਨ੍ਹਾਂ ਨੂੰ ਥੋੜ੍ਹੇ-2 ਸਮੇਂ ਬਾਅਦ ਕੇਲੇ ਦਾ ਸੇਵਨ ਕਰਨਾ ਚਾਹੀਦਾ ਹੈ ਤਾਂ ਜੋ ਕਿ ਸਰੀਰ ਨੂੰ ਨਿਕੋਟੀਨ ਦੇ ਪ੍ਰਭਾਵ ਤੋਂ ਮੁਕਤ ਕਰਨ 'ਚ ਮਦਦ ਮਿਲ ਸਕੇ।

5) ਕੇਲੇ 'ਚ ਆਇਰਨ ਹੋਣ ਕਾਰਨ ਅਨੀਮੀਆ ਰੋਗੀ ਇਸ ਦਾ ਸੇਵਨ ਰੋਜ਼ਾਨਾ ਕਰ ਸਕਦੇ ਹਨ। ਰੋਜ਼ਾਨਾ ਕੇਲੇ ਦੇ ਸੇਵਨ ਕਰਨ ਨਾਲ ਖ਼ੂਨ 'ਚ ਹੀਮੋਗਲੋਬਿਨ ਦਾ ਪੱਧਰ ਵੀ ਵਧਦਾ ਹੈ। 6) ਕੇਲੇ ਦੇ ਛਿਲਕੇ ਦਾ ਅੰਦਰੂਨੀ ਹਿੱਸਾ ਫੇਸ ਪੈਕ ਦਾ ਕੰਮ ਕਰਦਾ ਹੈ। ਇਸ ਨਾਲ ਕਿੱਲ, ਛਾਈਆਂ ਅਤੇ ਦਾਗ-ਧੱਬੇ ਸਾਫ ਹੁੰਦੇ ਹਨ। ਛਿਲਕੇ ਦੇ ਅੰਦਰੂਨੀ ਹਿੱਸੇ ਨੂੰ ਧੌਣ (ਗਰਦਨ), ਚਿਹਰੇ ਅਤੇ ਬਾਵਾਂ 'ਤੇ ਰਗੜ ਸਕਦੇ ਹੋ। ਅਜਿਹਾ ਕਰਨ ਨਾਲ ਸਕਿਨ ਸਾਫ ਹੁੰਦੀ ਹੈ।

7) ਕੇਲਾ ਐਂਟੀ-ਐਸਿਡ ਹੁੰਦਾ ਹੈ। ਇਹ ਕਲੇਜੇ ਦੀ ਸੜਨ ਨੂੰ ਸ਼ਾਂਤ ਕਰਦਾ ਹੈ।



# ਤੁਹਾਡਾ ਭਾਰ ਕਿਤੇ ਬੇਵਜ੍ਹਾ ਘਟ ਤਾਂ ਨਹੀਂ ਰਿਹਾ?

ਜੇਕਰ ਕਈ ਇਨਸਾਨ ਡਾਈਟਿੰਗ ਕਰ ਰਿਹਾ ਹੋਵੇ, ਭੁੱਖ-ਹੜਤਾਲ 'ਤੇ ਹੋਵੇ ਜਾਂ ਕਿਸੇ ਭੂਗੋਲਿਕ ਖੇਤਰ ਵਿਚ ਭੋਜਨ ਦੀ ਘਾਟ ਹੋਵੇ ਤਾਂ ਭਾਰ ਘਟਣ ਦਾ ਕਾਰਨ ਸਾਹਮਣੇ ਹੁੰਦਾ ਹੈ ਪਰ ਜੇਕਰ ਕੋਈ ਸਪੱਸ਼ਟ ਕਾਰਨ ਨਾ ਦਿਸੇ ਤੇ ਭਾਰ ਘਟ ਹੋ ਰਿਹਾ ਹੋਵੇ ਤਾਂ ਜ਼ਰੂਰ ਸੋਚਣਾ ਚਾਹੀਦਾ ਹੈ, ਜਾਂਚ ਤੇ ਟੈਸਟ ਕਰਵਾਉਣੇ ਜ਼ਰੂਰੀ ਹਨ। ਇਸ ਤਰ੍ਹਾਂ ਭਾਰ ਦਾ ਘਟਣਾ ਭਾਵੇਂ ਸਾਨੂੰ ਬੇਵਜ੍ਹਾ ਲੱਗਦਾ ਹੈ ਪਰ ਇਸ ਦੇ ਕਾਰਨ ਤਾਂ ਹਨ, ਜੋ ਇਕ ਦਮ ਜਾਂ ਬਿਨਾਂ ਜਾਂਚ ਤੋਂ ਪਤਾ ਨਹੀਂ ਲੱਗਦੇ। ਇਹ ਕਾਰਨ ਹਨ-ਪਾਚਣ ਪ੍ਰਣਾਲੀ ਜਾਂ ਅੰਤੜੀ ਰੋਗ, ਟੀ. ਬੀ., ਸ਼ੂਗਰ ਰੋਗ, ਲੰਮੇ ਸਮੇਂ ਦਾ (ਕਰੋਨਿਕ) ਰੋਗ, ਥਾਇਰਾਇਡ ਰੋਗ, ਪੈਰਾ ਸਾਇਟਸ, ਗੁਰਦਾ ਰੋਗ, ਦਿਲ ਦੀ ਬੀਮਾਰੀ, ਭੁੱਖਮਰੀ, ਭੁੱਖ-ਹੜਤਾਲ, ਕੈਂਸਰ, ਏਡਜ਼।



ਪਾਚਨ-ਪ੍ਰਣਾਲੀ ਤੇ ਅੰਤੜੀ ਰੋਗ : ਪਾਚਨ ਪ੍ਰਣਾਲੀ ਵਿਚ ਬੀਮਾਰੀ ਕਾਰਨ ਰੁਕਾਵਟ ਜੋ ਫੂਡ ਪਾਈਪ, ਮਿਹਦੇ ਜਾਂ ਵੱਡੀ ਅੰਤੜੀ ਦਾ ਕੈਂਸਰ ਕਰਕੇ ਹੁੰਦੀ ਹੈ। ਇਕ ਮਨੋਰੋਗ ਜੋ ਆਮ ਕਰਕੇ ਕੁੜੀਆਂ ਜਾਂ ਔਰਤਾਂ ਵਿਚ ਹੁੰਦਾ ਹੈ ਜਿਸ ਵਿਚ ਮਰੀਜ਼ ਆਪਣੇ ਹੀ ਵਾਲ ਖਾਈ ਜਾਂਦਾ ਹੈ ਤੇ ਕੁਝ ਮਹੀਨਿਆਂ ਜਾਂ ਸਾਲ ਵਿਚ ਢਿੱਡ ਵਿਚ ਇਕ ਗੋਲਾ ਜਿਹਾ ਬਣ ਜਾਂਦਾ ਹੈ। ਭਾਰ ਘਟ ਜਾਂਦਾ ਹੈ ਕਿਉਂਕਿ ਮਿਹਦੇ ਵਿਚ ਤਾਂ ਵਾਲਾਂ ਦਾ ਗੁੱਛਾ ਹੁੰਦਾ ਹੈ, ਭੋਜਨ ਕਿਵੇਂ ਜਾਏਗਾ ਜਾਂ ਪਚੇਗਾ? ਇਸ ਨੂੰ ਟਰਾਇਕੋ-ਬੇਜ਼ੋਆਰ ਕਿਹਾ ਜਾਂਦਾ ਹੈ। ਵੱਡੇ ਆਪ੍ਰੇਸ਼ਨ ਨਾਲ ਵਾਲਾਂ ਦਾ ਇਹ ਗੁੱਛਾ ਕੱਢਿਆ ਜਾਂਦਾ ਹੈ, ਜੋ ਮਿਹਦੇ ਦੇ ਸਾਂਚੇ ਵਿਚ ਢਲ ਕੇ ਉਸੇ ਸ਼ਕਲ ਦਾ ਬਣ ਜਾਂਦਾ ਹੈ। ਆਪ੍ਰੇਸ਼ਨ ਤੋਂ ਬਾਅਦ ਰੋਗੀ ਦੀ ਭੁੱਖ ਤੇ ਭਾਰ ਠੀਕ ਹੋ ਜਾਂਦੇ ਹਨ। ਅਜਿਹੇ ਕਾਫੀ ਕੇਸ ਦੇਖਣ ਵਿਚ ਆਉਂਦੇ ਹਨ। ਪਾਚਨ ਰਸਾਂ ਦੀ ਕਮੀ, ਆਪ੍ਰੇਸ਼ਨ ਰਾਹੀਂ ਪਾਚਨ-ਪ੍ਰਣਾਲੀ ਦਾ ਕਾਫੀ ਹਿੱਸਾ ਕੱਢਿਆ ਜਾਣਾ, ਤੇਜ਼ਾਬੀਪਨ, ਮਿਹਦੇ ਜਾਂ ਅੰਤੜੀਆਂ ਦੇ ਕੈਂਸਰ, ਅੰਤੜੀਆਂ ਵਿਚ ਪੌਲੀਪੋਸਿਸ, ਅੰਤੜੀਆਂ ਦੇ ਪੈਰਾਸਾਇਟਸ, ਕੁਝ ਵਿਅਕਤੀਆਂ ਵਿਚ ਕਿਸੇ ਖਾਸ ਭੋਜਨ ਪ੍ਰਤੀ ਐਲਰਜੀ ਆਦਿ ਕਰਕੇ ਸਰੀਰ ਨੂੰ ਭੋਜਨ ਤੋਂ ਤਾਕਤ ਨਹੀਂ ਮਿਲਦੀ ਜਿਸ ਨਾਲ ਭਾਰ ਘਟ ਸਕਦਾ ਹੈ ਜਾਂ ਘਟ ਜਾਂਦਾ ਹੈ। ਅੰਤੜੀ ਦੇ ਹੋਰ ਰੋਗ ਸੀਲੀਅਕ ਡਿਜ਼ੀਜ਼, ਪੈਪਟਿਕ ਅਲਸਰ, ਕਰੋਹਨ ਡਿਜ਼ੀਜ਼, ਅਲਸਰੇਟਿਵ ਕੋਲਾਇਟਿਸ, ਪੈਂਕ੍ਰਿਆਟਿਸ ਆਦਿ ਭਾਰ ਘਟਾਉਂਦੇ ਹਨ। ਟੀ. ਬੀ. ਦੇ ਮਰੀਜ਼ ਦਾ ਭਾਰ ਇਸ ਲਈ ਘਟਦਾ ਹੈ ਕਿਉਂਕਿ ਇਸ ਰੋਗ ਦਾ ਕਾਰਨ ਬਣਨ ਵਾਲੇ ਬੈਕਟੀਰੀਆ ਮਾਈਕੋਬੈਕ ਟੀਰੀਅਮ ਟਿਊਬਰਕਲੋਸਿਸ ਅਜਿਹੇ ਢੀਠ ਕਿਸਮ ਦੇ ਰੋਗਾਣੂ ਹਨ ਜੋ ਸਰੀਰ ਦੇ ਸੁਰੱਖਿਆ ਸਿਸਟਮ ਜਾਂ ਇਮਿਊਨ ਸਿਸਟਮ ਦੇ ਕਾਬੂ ਨਹੀਂ ਆਉਂਦੇ ਅਰਥਾਤ ਇਹ ਸਿਸਟਮ ਉਸ ਨੂੰ ਖਤਮ ਨਹੀਂ ਕਰ ਸਕਦਾ, ਜਿਸ ਕਰਕੇ ਬੀਮਾਰੀ ਲੰਮੀ (ਕਰੋਨਿਕ) ਹੋ ਜਾਂਦੀ ਹੈ। ਸਾਰੀ ਤਾਕਤ ਇਹ ਬੈਕਟੀਰੀਆ ਖਿੱਚ ਲੈਂਦੇ ਹਨ ਤੇ ਸਰੀਰ ਨਿਰਬਲ ਤੇ ਕਮਜ਼ੋਰ ਹੋ ਜਾਂਦਾ ਹੈ। ਸ਼ੂਗਰ ਰੋਗ : ਜੇ ਕਿਸੇ ਵਿਅਕਤੀ ਦੇ ਸਰੀਰ ਦਾ ਭਾਰ ਪਹਿਲਾਂ ਨਾਰਮਲ ਸੀ ਜਾਂ ਥੋੜ੍ਹਾ ਮੋਟਾਪਾ ਸੀ ਪਰ ਕੁਝ ਮਹੀਨਿਆਂ ਵਿਚ ਹੀ ਬਿਨਾਂ ਕਿਸੇ ਕਾਰਨ ਦੇ ਇਹ ਭਾਰ 6 ਕਿਲੋ ਘੱਟ ਗਿਆ ਤਾਂ ਸਮਝੋ ਕਿ ਕੋਈ ਸਮੱਸਿਆ ਹੈ। ਪਿਸ਼ਾਬ ਟੈਸਟ ਕਰਵਾਉਣ 'ਤੇ ਪਤਾ ਲੱਗਦਾ ਹੈ ਕਿ ਸ਼ੂਗਰ ਹੋ ਗਈ ਹੈ। ਜਦੋਂ ਇੰਸੁਲਿਨ (ਜੋ ਲਬਲਬੇ ਜਾਂ ਪੈਂਕ੍ਰਿਆਜ਼ ਵਿਚ ਬਣਦੀ ਹੈ) ਦੀ ਮਾਤਰਾ ਘੱਟ ਜਾਵੇ ਜਾਂ ਇਸ ਦਾ ਅਸਰ ਘੱਟ ਜਾਵੇ ਤਾਂ ਬੰਦੇ ਨੂੰ ਸ਼ੂਗਰ ਰੋਗ ਹੋ ਜਾਂਦਾ ਹੈ। ਟਾਈਪ 2 ਵਾਲਾ ਸ਼ੂਗਰ ਰੋਗ ਹੌਲੀ-ਹੌਲੀ ਸ਼ੁਰੂ ਹੁੰਦਾ ਹੈ। ਕਈਆਂ ਲੋਕਾਂ ਨੂੰ ਕਾਫੀ ਸਾਲਾਂ ਤਕ ਮਾੜੇ-ਮੋਟੇ ਲੱਛਣ ਦਿਸਦੇ ਹਨ ਜੋ ਅਣਗੌਲੇ ਹੋ ਜਾਂਦੇ ਹਨ। ਕਈ-ਕਈ ਸਾਲ ਡਾਇਗਨੋਸਿਸ ਹੀ ਨਹੀਂ ਬਣਦਾ ਪਰ ਕਈਆਂ ਵਿਚ ਵਧੇਰੇ ਭੁੱਖ, ਵਧੇਰੇ ਤ੍ਰੇਹ ਤੇ ਵਧੇਰੇ ਪਿਸ਼ਾਬ ਵਾਲੇ ਤਿੰਨੇ ਲੱਛਣਾਂ ਦੇ ਨਾਲ-ਨਾਲ ਥਕਾਵਟ, ਕਮਜ਼ੋਰੀ, ਭਾਰ ਦਾ ਘਟਣਾ, ਸੈਕਸ ਪ੍ਰਤੀ ਕਮਜ਼ੋਰੀ, ਨਜ਼ਰ ਘਟਣੀ, ਹੱਥਾਂ-ਪੈਰਾਂ ਵਿਚ ਕੀੜੀਆਂ ਤੁਰਨੀਆਂ ਆਦਿ ਲੱਛਣ ਨਾਲੋ-ਨਾਲ ਆ ਜਾਂਦੇ ਹਨ। ਭਾਰ ਘਟਣਾ ਅਤੇ ਬਾਕੀ ਲੱਛਣ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਪਿਸ਼ਾਬ ਅਤੇ ਖ਼ੂਨ ਵਿਚ ਗੁਲੂਕੋਜ਼ ਦਾ ਲੈਵਲ ਕਿੰਨਾ ਕੁ ਹੈ। ਜੇਕਰ ਇਹ ਲੈਵਲ ਕਾਫੀ ਸਮੇਂ ਤੋਂ ਵੱਧ ਹੈ ਤਾਂ ਇਹ ਲੱਛਣ ਵਧੇਰੇ ਹੋਣਗੇ। ਸੋ ਸ਼ੂਗਰ ਦੇ ਰੋਗੀਆਂ ਨੂੰ ਚਾਹੀਦਾ ਹੈ ਕਿ ਦਵਾਈਆਂ, ਪ੍ਰਹੇਜ਼ ਤੇ ਵਰਜਿਸ਼ ਨਾਲ ਆਪਣੇ ਸ਼ੂਗਰ ਦੇ ਲੈਵਲ ਨੂੰ ਕੰਟਰੋਲ ਵਿਚ ਰੱਖਣ।

ਬਾਕੀ ਕੰਮਾਂ ਦੇ ਨਾਲ-ਨਾਲ ਥਾਇਰਾਇਡ ਹਾਰਮੋਨ, ਬੇਸਲ ਮੈਟਾਬੋਲਿਕ ਰੇਟ (ਬੀ. ਐੱਮ. ਆਰ.) ਨੂੰ ਕੰਟਰੋਲ ਕਰਕੇ ਸਰੀਰ ਦੇ ਭਾਰ ਨੂੰ ਰੈਗੂਲੇਟ ਕਰਨਾ ਚਾਹੀਦਾ ਹੈ। ਜਿਨ੍ਹਾਂ ਵਿਅਕਤੀਆਂ ਵਿਚ ਇਸ ਹਾਰਮੋਨ ਦੀ ਕਮੀ (ਹਾਈਪੋ-ਥਾਇਰਾਇਡਿਜ਼ਮ) ਹੋ ਜਾਂਦੀ ਹੈ, ਉਨ੍ਹਾਂ ਦੀ ਭੁੱਖ ਘਟਣ ਦੇ ਬਾਵਜੂਦ ਭਾਰ ਵੱਧ ਜਾਂਦਾ ਹੈ, ਚਮੜੀ ਤੇ ਤਲੀਆਂ ਸਖਤ ਤੇ ਖੁਸ਼ਕ ਹੋ ਜਾਂਦੀਆਂ ਹਨ, ਨਬਜ਼ ਦੀ ਦਰ ਘੱਟ ਜਾਂਦੀ ਹੈ, ਮੁੜ੍ਹਕਾ ਘੱਟ ਆਉਂਦਾ ਹੈ, ਗਰਮੀ ਘੱਟ ਤੇ ਠੰਡ ਵਧੇਰੇ ਲੱਗਦੀ ਹੈ। ਜਦ ਇਹ ਹਾਰਮੋਨ ਜ਼ਿਆਦਾ ਬਣਨ ਲੱਗੇ (ਹਾਈਪਰ ਥਾਇਰਾਇਡਿਜ਼ਮ) ਤਾਂ ਨਬਜ਼ ਤੇਜ਼, ਜ਼ਿਆਦਾ ਭੁੱਖ, ਭਾਰ ਦਾ ਘਟਣਾ, ਚਮੜੀ ਤੇ ਤਲੀਆਂ ਗਰਮ ਤੇ ਸਿੱਲ੍ਹੀਆਂ, ਬਲੱਡ-ਪ੍ਰੈਸ਼ਰ ਜ਼ਿਆਦਾ, ਵਧੇਰੇ ਗਰਮੀ ਲੱਗਣੀ, ਦਿਲ ਧੱਕ-ਧੱਕ ਵੱਜਣਾ, ਭੁੱਖ ਜ਼ਿਆਦਾ ਤੇ ਭਾਰ ਘੱਟ ਜਾਣਾ।

ਕੈਂਸਰ : ਭਾਰ ਘਟਣ ਦਾ ਇਕ ਆਮ ਕਾਰਨ ਹੈ ਕੈਂਸਰ ਜੋ ਘਾਤਕ ਸਿੱਧ ਹੁੰਦਾ ਹੈ। ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਸਰੀਰ ਦਾ ਭਾਰ ਘੱਟ ਰਿਹਾ ਹੋਵੇ ਤਾਂ ਇਸ ਦੇ ਕੁੱਲ ਕਾਰਨਾਂ ਦਾ ਤੀਜਾ ਹਿੱਸਾ ਕੈਂਸਰ ਹੁੰਦਾ ਹੈ। ਇਹ ਹੈ-ਮਿਹਦੇ ਤੇ ਅੰਤੜੀਆਂ, ਗਦੂਦਾਂ (ਪ੍ਰੋਸਟੇਟ), ਜਿਗਰ, ਲਬਲਬੇ (ਪੈਂਕ੍ਰਿਆਜ਼), ਔਰਤਾਂ ਵਿਚ ਅੰਡਕੋਸ਼ (ਓਵਰੀ) ਤੇ ਫੇਫੜਿਆਂ ਜਾਂ ਖ਼ੂਨ ਦਾ ਕੈਂਸਰ। ਕੈਂਸਰ ਵਿਸ਼ੇ ਅੰਦਰ ਇਕ ਲਫਜ਼ ਆਉਂਦਾ ਹੈ ਕੈਂਸਰ ਕੇਕੈਕਸੀਆ । ਕੇਕੈਕਸੀਆ ਇਕ ਯੂਨਾਨੀ ਸ਼ਬਦ ਹੈ ਜਿਸ ਦਾ ਮਤਲਬ ਹੈ 'ਖੁਰ ਜਾਣਾ' ਜਾਂ ਹੌਲੀ-ਹੌਲੀ ਕਰਕੇ, ਘੱਟਦੇ-ਘੱਟਦੇ ਖਤਮ ਹੋ ਜਾਣਾ। ਕੈਂਸਰ ਦੇ ਰੋਗੀਆਂ ਵਿਚ ਸਰੀਰ ਦਾ ਭਾਰ ਘਟਦਾ ਹੈ ਕਿਉਂਕਿ ਭੁੱਖ ਵੀ ਘਟਦੀ ਹੈ, ਇਸ ਲਈ ਘੱਟ ਭੋਜਨ ਕਰਕੇ ਭਾਰ ਵਿਚ ਕਮੀ ਆਉਂਦੀ ਹੈ ਜਿਸ ਬਾਰੇ ਕੈਂਸਰ ਡਾਇਗਨੋਜ਼ ਹੋਣ ਤੋਂ ਪਹਿਲਾਂ ਵਿਅਕਤੀ ਨੂੰ ਪਤਾ ਹੀ ਨਹੀਂ ਲੱਗਦਾ। ਕਈ ਵਾਰ ਕੈਂਸਰ ਦੀ ਗਿਲਟੀ ਜਾਂ ਜੜ੍ਹਾਂ ਜਾਂ ਮੈਟਾ-ਸਟੇਸਿਸ (ਜੇ ਫੈਲ ਚੁੱਕਿਆ ਹੋਵੇ ਤਾਂ) ਸਰੀਰ ਦੇ ਐਸੇ ਅੰਗ ਜਾਂ ਥਾਂ 'ਤੇ ਹੁੰਦੀ ਹੈ ਜੋ ਭੋਜਨ ਦੇ ਰਸਤੇ ਵਿਚ ਰੁਕਾਵਟ ਬਣ ਰਿਹਾ ਹੋਵੇ ਜਿਵੇਂ ਮਿਹਦੇ ਦਾ ਜਾਂ ਅੰਤੜੀਆਂ ਦਾ, ਤਾਂ ਇਸ ਨਾਲ ਪੂਰਾ ਭੋਜਨ ਪਹੁੰਚਦਾ ਹੀ ਨਹੀਂ।

ਏਡਜ਼ : ਇਸ ਰੋਗ ਦੇ ਮਰੀਜ਼ਾਂ ਵਿਚ ਭਾਰ ਘਟਣ ਦੇ ਲੱਛਣ ਹੁੰਦੇ ਹਨ ਤੇ ਆਖਰੀ ਸਟੇਜ 'ਤੇ ਉਹ ਸਿਰਫ ਹੱਡੀਆਂ ਦੀ ਮੁੱਠ ਰਹਿ ਜਾਂਦਾ ਹੈ।

ਗੁਰਦਾ ਰੋਗ : ਗੁਰਦੇ ਫੇਲ ਹੋ ਜਾਣ ਤਾਂ ਭੁੱਖ ਘਟਣ ਅਤੇ ਉਲਟੀਆਂ ਆਉਣ ਕਰਕੇ ਸਰੀਰ ਦਾ ਭਾਰ ਘੱਟ ਜਾਂਦਾ ਹੈ। ਸੋ ਇਸ ਬਾਰੇ ਵੀ ਚੇਤੰਨ ਰਹੋ ਕਿ ਗੁਰਦਾ ਰੋਗ ਵੀ ਭਾਰ ਘਟਾਉਂਦਾ ਹੈ।

ਦਿਲ ਦੇ ਕੁਝ ਰੋਗ ਜਿਵੇਂ ਕੌਂਜੈਸਟਿਵ-ਹਾਰਟ ਫੇਲਿਓਰ, ਫੇਫੜਿਆਂ ਦੀਆਂ ਕੁਝ ਬੀਮਾਰੀਆਂ ਜਿਵੇਂ ਟੀ. ਬੀ. ਤੇ ਹੋਰ ਸਾਹ ਦੀ ਰੁਕਾਵਟ ਪੈਦਾ ਕਰਨ ਵਾਲੇ ਰੋਗ, ਕੁਝ ਨਿਊਰੋਲੋਜੀਕਲ ਬੀਮਾਰੀਆਂ ਜਿਵੇਂ ਡਿਮੈਂਸ਼ੀਆ ਆਦਿ ਨਾਲ ਵੀ ਸਰੀਰ ਦਾ ਭਾਰ ਘੱਟ ਜਾਂਦਾ ਹੈ।

ਵਧਦੀ ਉਮਰ ਭਾਵ ਬੁਢਾਪੇ ਵਾਲੀ ਉਮਰੇ, ਉਂਝ ਭਾਵੇਂ ਕੋਈ ਵੀ ਤਕਲੀਫ ਨਾ ਹੋਵੇ, ਏਜਿੰਗ ਪ੍ਰੋਸੈੱਸ ਨਾਲ ਵੀ ਭਾਰ ਘਟਦਾ ਹੈ। ਇਸ ਉਮਰ ਵਿਚ ਖ਼ੂਨ ਦੀਆਂ ਨਸਾਂ ਵਿਚ ਸੰਚਾਰ ਦੀ ਗਤੀ ਘੱਟ ਜਾਂਦੀ ਹੈ, ਸਰੀਰ ਦੇ ਪੱਠਿਆਂ ਤੇ ਸੈੱਲਾਂ ਨੂੰ ਮਿਲਣ ਵਾਲੀ ਪੌਸ਼ਟਿਕਤਾ ਦੇ ਘਟਣ ਕਾਰਨ ਕਮਜ਼ੋਰੀ ਰਹਿੰਦੀ ਹੈ, ਸਰੀਰ ਕਈ ਵਾਰ ਕੰਬਣ ਲੱਗਦਾ ਹੈ ਤੇ ਭਾਰ ਘੱਟਦਾ ਹੈ। ਸਰੀਰ ਅਤੇ ਦਿਮਾਗ 'ਤੇ ਕੋਈ ਬੋਝ ਹੋਵੇ ਉਹ ਵੀ ਭਾਰ ਘਟਾਉਂਦਾ ਹੈ, ਬੰਦਾ ਮਾੜਾ ਹੋ ਜਾਂਦਾ ਹੈ, ਰੋਗੀ ਹੋ ਜਾਂਦਾ ਹੈ।

ਅੱਜਕਲ ਦੀ ਮਾਡਰਨ ਜੀਵਨ ਸ਼ੈਲੀ ਤੇ ਖਾਣ-ਪੀਣ ਦੀਆਂ ਆਦਤਾਂ ਕਾਰਨ, ਮੋਟਾਪੇ ਜਾਂ ਵੱਧ ਭਾਰ ਤੋਂ ਚਿੰਤਤ ਕਈ ਲੋਕ ਭਾਰ ਘਟਾਉਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ। ਜੇ ਤੁਸੀਂ ਭਾਰ ਘਟਾਉਣ ਵਿਚ ਕਾਮਯਾਬ ਹੋ ਜਾਓ ਤਾਂ ਚੰਗੀ ਗੱਲ ਹੈ ਪਰ ਆਪਣੇ-ਆਪ ਬਿਨਾਂ ਵਰਜਿਸ਼, ਜਿਮ, ਪ੍ਰਹੇਜ਼, ਡਾਇਟਿੰਗ ਦੇ ਜੇਕਰ ਤੁਹਾਡਾ ਭਾਰ ਘੱਟਦਾ ਹੈ ਤਾਂ ਸੋਚੋ ਤੇ ਜਾਂਚ ਕਰਵਾਓ। ਉਪਰ ਦੱਸੀਆਂ ਬੀਮਾਰੀਆਂ 'ਚੋਂ ਵੀ ਕੋਈ ਹੋ ਸਕਦੀ ਹੈ। ਵੇਲੇ ਸਿਰ ਸਮੱਸਿਆ ਦਾ ਪਤਾ ਲੱਗ ਜਾਵੇ ਤਾਂ ਰੋਗ 'ਤੇ ਕਾਬੂ ਪਾਉਣਾ ਸੌਖਾ ਹੁੰਦਾ ਹੈ।

## ਸੰਪਾਦਕੀ

### ਵਧਦਾ ਤਾਪਮਾਨ

ਸਰਦੀਆਂ ਦੇ ਮੌਸਮ ਦਾ ਸਮਾਂ ਘਟਣਾ, ਸਰਦੀਆਂ ਦੌਰਾਨ ਮੁਕਾਬਲਤਨ ਵੱਧ ਤਾਪਮਾਨ ਅਤੇ ਸਰਦੀਆਂ ਦੇ ਮੌਸਮ ਤੋਂ ਬਾਅਦ ਤਾਪਮਾਨ 'ਚ ਅਚਾਨਕ ਵਾਧਾ ਤਿੱਖੀਆਂ ਮੌਸਮੀ ਤਬਦੀਲੀਆਂ ਨੂੰ ਦਰਸਾਉਂਦਾ ਹੈ। ਬਸੰਤ ਰੁੱਤ ਦਾ ਗਾਇਬ ਹੋਣਾ ਅਤੇ ਗਰਮੀਆਂ ਦੀ ਅਗੇਤੀ ਦਸਤਕ ਖੇਤਰੀ ਵਾਯੂਮੰਡਲੀ ਤਬਦੀਲੀਆਂ ਅਤੇ ਦੀਰਘਕਾਲੀ ਜਲਵਾਯੂ ਪਰਿਵਰਤਨ ਦਾ ਸਿੱਟਾ ਮੰਨਿਆ ਜਾ ਰਿਹਾ ਹੈ। ਜਲਵਾਯੂ ਪਰਿਵਰਤਨ ਦਾ ਜੀਵਨ ਅਤੇ ਰੋਜ਼ੀ-ਰੋਟੀ 'ਤੇ ਪ੍ਰਭਾਵ ਚਰਚਾ ਦਾ ਵਿਸ਼ਾ ਹੈ। ਮਾਹਿਰਾਂ ਵੱਲੋਂ ਉੱਤਰੀ ਭਾਰਤ ਦੇ ਖੇਤੀਬਾੜੀ ਵਾਲੇ ਖੇਤਰਾਂ 'ਤੇ ਵਧਦੇ ਤਾਪਮਾਨ ਦੇ ਪੈਣ ਵਾਲੇ ਆਰਥਿਕ ਪ੍ਰਭਾਵਾਂ ਬਾਰੇ ਚਿੰਤਾ ਪ੍ਰਗਟਾਈ ਜਾ ਰਹੀ ਹੈ। ਹਿਮਾਚਲ ਪ੍ਰਦੇਸ਼ ਦੇ ਸੇਬ ਦੇ ਬਾਗ਼ਾਂ ਵਿੱਚ ਠੰਢ ਘਟਣ ਕਾਰਨ ਫ਼ਲਾਂ ਦੀਆਂ ਫ਼ਸਲਾਂ ਦੇ ਕੁਦਰਤੀ ਚੱਕਰ ਵਿੱਚ ਵਿਗਾੜ ਪੈਦਾ ਹੋ ਰਿਹਾ ਹੈ। ਅਜਿਹੀ ਸਥਿਤੀ ਵਿੱਚ ਫਲਾਂ ਦੀ ਗੁਣਵੱਤਾ ਘਟਣ ਦੇ ਨਾਲ-ਨਾਲ ਇਨ੍ਹਾਂ ਦੀ ਪੈਦਾਵਾਰ ਵੀ ਘਟਣ ਦਾ ਖ਼ਦਸ਼ਾ ਹੈ। ਜੇਕਰ ਹਾਲਾਤ ਅਜਿਹੇ ਹੀ ਰਹੇ ਤਾਂ ਜਲਵਾਯੂ ਅਨੁਕੂਲ ਬਾਗ਼ਬਾਨੀ ਨੂੰ ਅਪਣਾਉਣਾ ਪਵੇਗਾ, ਜਿਸ ਨਾਲ ਸੇਬ ਪੱਟੀ ਹੋਰ ਉੱਚੇ ਖੇਤਰਾਂ 'ਤੇ ਤਬਦੀਲ ਹੋ ਜਾਵੇਗੀ। ਸੋਕਾ ਸਹਿਣ ਤੇ ਘੱਟ ਪਾਣੀ ਵਾਲੀਆਂ ਫ਼ਸਲਾਂ ਅਤੇ ਹੋਰ ਬਦਲਵੀਆਂ ਫ਼ਸਲਾਂ ਦੀ ਕਾਸ਼ਤ ਨੂੰ ਹੁਣ ਵਿਕਲਪ ਵਜੋਂ ਨਹੀਂ ਦੇਖਿਆ ਜਾ ਸਕਦਾ। ਇਸ ਲਈ ਸਪੱਸ਼ਟ ਰਣਨੀਤੀ ਬਣਾਉਣ ਦੀ ਲੋੜ ਹੈ।

ਮਾਰਚ ਦੇ ਪਹਿਲੇ ਹਫ਼ਤੇ ਵਿੱਚ ਤਾਪਮਾਨ ਦੀ ਚਿਤਾਵਨੀ ਸਪੱਸ਼ਟ ਸੰਕੇਤ ਹੈ ਕਿ ਆਉਂਦੇ ਦਿਨਾਂ 'ਚ ਮੌਸਮ ਦਾ ਮਿਜ਼ਾਜ ਕਿਹੋ ਜਿਹਾ ਹੋਵੇਗਾ। ਅਧਿਐਨਾਂ ਅਨੁਸਾਰ ਭਾਰਤ ਵਿੱਚ ਲੂ ਚੱਲਣ ਦੇ ਦਿਨਾਂ ਦੀ ਗਿਣਤੀ ਸਾਲ 1980 ਤੋਂ ਬਾਅਦ ਦੁੱਗਣੀ ਤੋਂ ਵੀ ਵਧ ਗਈ ਹੈ। ਅੰਨ੍ਹੇਵਾਹ ਸ਼ਹਿਰੀਕਰਨ, ਸੰਘਣੀ ਵਸੋਂ ਅਤੇ ਹਰੀਆਂ ਪੱਟੀਆਂ ਹੇਠਲਾ ਰਕਬਾ ਘਟਣ ਕਾਰਨ ਤਾਪਮਾਨ ਵਧ ਰਿਹਾ ਹੈ, ਜਿਸ ਕਾਰਨ ਭਵਿੱਖ ਵਿੱਚ ਜਲ ਤੇ ਊਰਜਾ ਸੰਕਟਾਂ ਨਾਲ ਨਜਿੱਠਣ ਲਈ ਫ਼ੌਰੀ ਤੌਰ 'ਤੇ ਯੋਜਨਾਵਾਂ ਬਣਾਉਣ ਤੇ ਲਾਗੂ ਕਰਨ ਦੀ ਲੋੜ ਹੈ। ਸਰਦੀਆਂ ਤੋਂ ਗਰਮੀਆਂ ਵਿੱਚ ਤੇਜ਼ੀ ਨਾਲ ਹੋਣ ਵਾਲੇ ਬਦਲਾਅ ਦੇ ਸੰਦਰਭ 'ਚ ਨਾਗਰਿਕਾਂ ਦੀਆਂ ਜ਼ਿੰਮੇਵਾਰੀਆਂ ਅਤੇ ਕਰਤੱਵਾਂ ਨੂੰ ਵੀ ਨਵੇਂ ਸਿਰਿਉਂ ਉਲੀਕਣ ਦੀ ਲੋੜ ਹੈ। ਹਾਲਾਂਕਿ ਇਸ ਸੰਕਟ ਨਾਲ ਨਜਿੱਠਣ ਲਈ ਸਰਕਾਰਾਂ ਦੀਆਂ ਯੋਜਨਾਵਾਂ ਦਾ ਖ਼ਾਕਾ ਨਾਗਰਿਕਾਂ ਦੀਆਂ ਜ਼ਿੰਮੇਵਾਰੀਆਂ ਤੈਅ ਕਰਨ ਨਾਲੋਂ ਵੱਧ ਮਹੱਤਵਪੂਰਨ ਹੈ। ਹਾਂ, ਇਹ ਵੀ ਹਕੀਕਤ ਹੈ ਕਿ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਦੀ ਰਣਨੀਤੀ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਵਾਲਾ ਦ੍ਰਿਸ਼ਟੀਕੋਣ ਮਹੱਤਵਪੂਰਨ ਸਾਬਿਤ ਹੋ ਸਕਦਾ ਹੈ। ਆਲਮੀ ਵਾਤਾਵਰਣਕ ਤਬਦੀਲੀਆਂ ਦੇ ਇਸ ਦੌਰ ਵਿੱਚ ਤਾਪਮਾਨ 'ਚ ਬਹੁਤ ਵਾਧਾ ਹੋ ਸਕਦਾ ਹੈ, ਜਿਸ ਕਾਰਨ ਪ੍ਰਸ਼ਾਸਕੀ ਯੋਜਨਾਵਾਂ ਫੇਲ੍ਹ ਹੋਣ ਦੀ ਸੰਭਾਵਨਾ ਵਧ ਸਕਦੀ ਹੈ। ਇਸ ਲਈ ਬਿਹਤਰ ਰਣਨੀਤੀ ਤਿਆਰ ਕਰਨੀ ਸਾਡੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਅਨੁਮਾਨਿਤ ਬਿਜਲੀ ਦੀ ਮੰਗ ਅਤੇ ਸਪਲਾਈ ਵਿਚਲੇ ਪਾੜੇ ਨੂੰ ਘਟਾਉਣ, ਸਮੇਂ ਸਿਰ ਸਿਹਤ ਸੰਭਾਲ ਲਈ ਚਿਤਾਵਨੀਆਂ ਜਾਰੀ ਕਰਨ ਅਤੇ ਮੌਸਮ ਦੇ ਮਾਰੂ ਪ੍ਰਭਾਵਾਂ ਨੂੰ ਘਟਾਉਣ ਲਈ ਸੁਝਾਵਾਂ ਦੀ ਬੇਹੱਦ ਲੋੜ ਹੋਵੇਗੀ। ਬਿਜਲੀ ਅਤੇ ਪਾਣੀ ਦੀ ਬਰਬਾਦੀ ਰੋਕਣ ਲਈ ਸਖ਼ਤੀ ਕਰਨੀ ਵੀ ਇਸ ਦਿਸ਼ਾ 'ਚ ਮਹੱਤਵਪੂਰਨ ਕਦਮ ਹੋਵੇਗਾ।

## ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਹਲਕੇ ਦੇ ਪਿੰਡਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਪਹੁੰਚਾਉਣ ਲਈ ਮੈਰਾਥਨ ਮੀਟਿੰਗ



**ਧੂਰੀ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਅੱਜ ਧੂਰੀ ਹਲਕੇ ਦੇ ਪਿੰਡਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦੇ ਮਾਮਲੇ ਸਬੰਧੀ ਟਿਊਬਵੈੱਲ ਕਾਰਪੋਰੇਸ਼ਨ, ਨਹਿਰੀ ਵਿਭਾਗ, ਸਿੰਚਾਈ ਵਿਭਾਗ, ਭੂਮੀ ਰੱਖਿਆ ਵਿਭਾਗ ਅਤੇ ਵੱਖ ਵੱਖ ਪਿੰਡਾਂ ਦੇ ਵਸਨੀਕਾਂ ਨਾਲ ਮੈਰਾਥਨ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਖੁਦ ਇਸ ਸਬੰਧੀ ਚੱਲ ਰਹੇ ਕੰਮਾਂ ਦੀ ਨਿਰੰਤਰ ਰਿਪੋਰਟ ਲੈ ਰਹੇ ਹਨ ਤਾਂ ਜੋ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ।

ਉਨ੍ਹਾਂ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਪਸੀ ਤਾਲਮੇਲ ਨਾਲ ਕੰਮ ਕਰਦੇ ਹੋਏ ਰਹਿੰਦੇ ਖੇਤਾਂ ਤੱਕ ਨਹਿਰੀ ਪਾਣੀ ਜਲਦ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਨਹਿਰੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਜਿੱਥੇ ਵੀ ਪਾਈਪ ਲਾਈਨਾਂ, ਨਕਿਆਂ ਜਾਂ ਬਰਾਂਚਾਂ ਦੇ ਕੰਮ ਲੋੜੀਂਦੇ ਹਨ, ਉਨ੍ਹਾਂ ਨੂੰ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਜਾਵੇ।ਮੀਟਿੰਗ ਦੌਰਾਨ ਪਿੰਡ ਨੱਤ, ਭੋਜੋਵਾਲੀ, ਘਨੌਰ ਕਲਾਂ, ਭੂਮਸੀ, ਸੁਲਤਾਨਪੁਰ, ਬੇਨੜਾ, ਬਰੜਵਾਲ, ਬੁੱਗਰਾ, ਮੂਲੋਵਾਲ, ਅਲਾਲ, ਪੁੰਨਾਵਾਲ, ਸਾਰੋ, ਭੁੱਲਰਹੇੜੀ, ਭੜੀ ਮਾਨਸਾ, ਬਮਾਲ, ਬਾਲੀਆਂ, ਮਾਨਵਾਲਾ, ਰਾਜੋਮਾਜਰਾ ਅਤੇ ਪੇਧਨੀ ਆਦਿ ਪਿੰਡਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਸਬੰਧੀ ਮਸਲਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਮੋਗਿਆ ਅਤੇ ਮੋਗਿਆ ਦੀਆਂ ਬਰਾਂਚਾਂ, ਪਾਈਪ ਲਾਈਨਾਂ ਅਤੇ ਨਕਿਆਂ ਦੇ ਕੰਮਾਂ ਸਬੰਧੀ ਵੀ ਸਮੀਖਿਆ ਕੀਤੀ ਗਈ।

ਇਸ ਮੌਕੇ ਮੁੱਖ ਮੰਤਰੀ ਫੀਲਡ ਅਫ਼ਸਰ ਅਰਵਿੰਦ ਕੁਮਾਰ ਅਤੇ ਰਮਨਦੀਪ ਸਿੰਘ ਸਮੇਤ ਟਿਊਬਵੈੱਲ ਕਾਰਪੋਰੇਸ਼ਨ, ਨਹਿਰੀ ਵਿਭਾਗ, ਸਿੰਚਾਈ ਵਿਭਾਗ ਅਤੇ ਭੂਮੀ ਰੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

## 13 ਮਾਰਚ ਨੂੰ ਘੁੱਦਾ ਵਿਖੇ ਵਿਸ਼ਾਲ ਰੋਜ਼ਗਾਰ ਮੇਲਾ : ਡਿਪਟੀ ਕਮਿਸ਼ਨਰ

**ਬਠਿੰਡਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਰੋਜ਼ਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਮਕਸਦ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਠਿੰਡਾ ਵੱਲੋਂ 13 ਮਾਰਚ ਦਿਨ ਸ਼ੁੱਕਰਵਾਰ ਨੂੰ ਪੰਜਾਬੀ ਯੂਨੀਵਰਸਿਟੀ ਕਾਲਜ ਨੇੜੇ ਸਪੋਰਟਸ ਸਕੂਲ ਘੁੱਦਾ ਵਿਖੇ ਵਿਸ਼ਾਲ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਬਠਿੰਡਾ ਸ਼੍ਰੀ ਰਾਜੇਸ਼ ਧੀਮਾਨ ਵੱਲੋਂ ਦਿੱਤੀ ਗਈ।



ਉਨ੍ਹਾਂ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਦਾ ਉਦੇਸ਼ ਨੌਜਵਾਨਾਂ ਨੂੰ ਵੱਖ-ਵੱਖ ਪ੍ਰਾਈਵੇਟ ਕੰਪਨੀਆਂ ਵਿੱਚ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਆਪਣੇ ਹੁਨਰ ਅਤੇ ਯੋਗਤਾ ਦੇ ਅਨੁਸਾਰ ਨੌਕਰੀ ਪ੍ਰਾਪਤ ਕਰ ਸਕਣ। ਇਸ ਮੇਲੇ ਵਿੱਚ ਐਲ.ਆਈ.ਸੀ. ਆਫ ਇੰਡੀਆ, ਵਿਜੈ ਰਾਜ ਜਿੰਦਲ ਐਂਡ ਕੰਪਨੀ, ਪੁਖਰਾਜ ਹੈਲਥ ਕੇਅਰ, ਐਕਸਪਰਟ ਸਲਿਊਸ਼ਨ, ਏ.ਵੀ.ਸੀ. ਮਹਿੰਦਰਾ, ਅਗਰਵਾਲ ਟਫਐਂਡ ਐਂਡ ਗਲਾਸਸ, ਚੈਕਮੇਟ ਸਕਿਓਰਿਟੀ ਸਰਵਿਸਜ਼, ਸਕਾਈ ਅਚੀਵਰਸ, ਅਥਰਵਾ ਟੈੱਕ ਪ੍ਰਾਈਵੇਟ ਲਿਮਟਿਡ, ਪੇਅਟੀਐਮ, ਐਸ.ਬੀ.ਆਈ. ਲਾਈਫ ਇੰਸ਼ੋਰੈਂਸ, ਅਗਰਵਾਲ ਗਲਾਸ ਵਰਕਸ, ਸ਼੍ਰੀਰਾਮ ਫਾਈਨਾਂਸ, ਇੰਦਰਾ ਇੰਨਫਰਾਟੈੱਕ ਪ੍ਰਾਈਵੇਟ ਲਿਮਟਿਡ, ਪੰਜਾਬ ਰੂਟਸ ਰਿਅਲਟੀ, ਦਵਾਰਾ ਲੋਨਸ ਅਤੇ ਗੋਲਡਨ ਸਕਿਓਰਿਟੀ ਸਰਵਿਸਜ਼ ਵਰਗੀਆਂ ਨਾਮਵਰ ਕੰਪਨੀਆਂ ਹਿੱਸਾ ਲੈਣਗੀਆਂ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਮ ਸੀ.ਈ.ਓ. ਡੀ.ਬੀ.ਈ.ਈ. ਬਠਿੰਡਾ ਮੈਡਮ ਕੰਚਨ ਨੇ ਦੱਸਿਆ ਕਿ ਵੱਖ-ਵੱਖ ਕੰਪਨੀਆਂ ਵੱਲੋਂ ਮਹਿਲਾ ਕਰੀਅਰ ਏਜੰਟ, ਟੈਲੀਕਾਲਰ, ਸਰਵਿਸ ਅਡਵਾਈਜ਼ਰ, ਬੈਕਐਂਡ ਆਫਿਸ ਐਗਜੀਕਿਊਟਿਵ, ਵੈਲਨੈਸ ਅਡਵਾਈਜ਼ਰ, ਟੀਮ ਲੀਡਰ, ਸੇਲਜ਼ ਐਗਜੀਕਿਊਟਿਵ, ਬਰਾਂਚ ਮੈਨੇਜਰ, ਡਿਵੈਲਪਮੈਂਟ ਮੈਨੇਜਰ, ਕੰਪਿਊਟਰ ਓਪਰੇਟਰ, ਅਕਾਊਂਟੈਂਟ, ਸਕਿਓਰਿਟੀ ਗਾਰਡ, ਪ੍ਰੋਸੈਸ ਕੋਆਰਡੀਨੇਟਰ ਅਤੇ ਰਿਲੇਸ਼ਨਸ਼ਿਪ ਮੈਨੇਜਰ ਆਦਿ ਅਸਾਮੀਆਂ ਲਈ ਚੋਣ ਕੀਤੀ ਜਾਵੇਗੀ।

ਕੈਰੀਅਰ ਕੌਂਸਲਰ ਸ਼੍ਰੀ ਵਿਸ਼ਾਲ ਚਾਵਲਾ ਨੇ ਦੱਸਿਆ ਕਿ ਇਨ੍ਹਾਂ ਅਸਾਮੀਆਂ ਲਈ ਉਮੀਦਵਾਰਾਂ ਨੂੰ ਯੋਗਤਾ ਅਤੇ ਕੰਪਨੀ ਦੇ ਨਿਯਮਾਂ ਅਨੁਸਾਰ ਲਗਭਗ 10,000 ਰੁਪਏ ਤੋਂ ਲੈ ਕੇ 30,000 ਰੁਪਏ ਪ੍ਰਤੀ ਮਹੀਨਾ ਤੱਕ ਤਨਖਾਹ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਰੋਜ਼ਗਾਰ ਮੇਲਾ ਨੌਜਵਾਨਾਂ ਲਈ ਆਪਣੀ ਯੋਗਤਾ ਅਨੁਸਾਰ ਨੌਕਰੀ ਪ੍ਰਾਪਤ ਕਰਨ ਦਾ ਇੱਕ ਸੁਨਹਿਰੀ ਮੌਕਾ ਸਾਬਤ ਹੋਵੇਗਾ।

ਇਸ ਮੌਕੇ ਪ੍ਰਬੰਧਕੀ ਸ਼ਾਖਾ ਤੋਂ ਸ਼੍ਰੀ ਬਲਤੇਜ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਾਹਵਾਨ ਉਮੀਦਵਾਰ ਆਪਣੇ ਨਾਲ ਘੱਟੋ-ਘੱਟ ਚਾਰ ਕਾਪੀਆਂ ਸੀ.ਵੀ. ਵਿਦਿਅਕ ਯੋਗਤਾ ਦੇ ਸਰਟੀਫਿਕੇਟ ਅਤੇ ਆਧਾਰ ਕਾਰਡ ਲੈ ਕੇ 13 ਮਾਰਚ ਨੂੰ ਸਵੇਰੇ 10 ਵਜੇ ਪੰਜਾਬੀ ਯੂਨੀਵਰਸਿਟੀ ਕਾਲਜ ਨੇੜੇ ਸਪੋਰਟਸ ਸਕੂਲ ਪਿੰਡ ਘੁੱਦਾ, ਬਠਿੰਡਾ ਵਿਖੇ ਪਹੁੰਚ ਸਕਦੇ ਹਨ। ਉਨ੍ਹਾਂ ਨੇ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਇੰਟਰਵਿਊ ਲਈ ਫਾਰਮਲ ਡਰੈੱਸ ਵਿੱਚ ਆਉਣਾ ਯਕੀਨੀ ਬਣਾਇਆ ਜਾਵੇ ਅਤੇ ਹੋਰ ਜਾਣਕਾਰੀ ਲਈ ਦਫਤਰ ਦੇ ਟੈਲੀਗ੍ਰਾਮ ਚੈਨਲ ਡੀ.ਬੀ.ਈ.ਈ. ਬਠਿੰਡਾ ਨੂੰ ਜੁਆਇਨ ਕੀਤਾ ਜਾ ਸਕਦਾ ਹੈ।

## ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਫਾਜ਼ਿਲਕਾ ਵਿਖੇ 13 ਮਾਰਚ ਨੂੰ ਅਪ੍ਰੈਂਟਿਸਸ਼ਿਪ ਮੇਲਾ ਦਾ ਕੀਤਾ ਜਾ ਰਿਹਾ ਹੈ ਆਯੋਜਨ

**ਫਾਜ਼ਿਲਕਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਰਾਸ਼ਟਰੀ ਅਪ੍ਰੈਂਟਿਸਸ਼ਿਪ ਮੇਲਾ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾ ਅਧੀਨ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਫਾਜ਼ਿਲਕਾ ਵਿਖੇ 13 ਮਾਰਚ 2026 ਸਵੇਰੇ 9 ਵਜੇ ਅਪ੍ਰੈਂਟਿਸਸ਼ਿਪ ਮੇਲਾ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੇਲੇ ਦਾ ਮੁੱਖ ਉਦੇਸ਼ ਆਈ.ਟੀ.ਆਈ. ਪਾਸ ਹੋਏ ਵਿਦਿਆਰਥੀਆਂ ਅਤੇ ਹੋਰ ਯੋਗ ਉਮੀਦਵਾਰਾਂ ਨੂੰ ਉਦਯੋਗਾਂ ਨਾਲ ਜੋੜ ਕੇ ਅਪ੍ਰੈਂਟਿਸਸ਼ਿਪ ਦੇ ਮੌਕੇ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਪ੍ਰੈਕਟੀਕਲ ਤਜਰਬਾ ਹਾਸਲ ਕਰ ਸਕਣ ਅਤੇ ਭਵਿੱਖ ਵਿੱਚ ਚੰਗੇ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰ ਸਕਣ।ਇਸ ਅਪ੍ਰੈਂਟਿਸਸ਼ਿਪ ਮੇਲੇ ਵਿੱਚ ਬਹੁਤ ਸਾਰੀਆਂ ਪ੍ਰਸਿੱਧ ਕੰਪਨੀਆਂ ਹਿੱਸਾ ਲੈਣਗੀਆਂ, ਜਿਵੇਂ ਕਿ ਮਹਿੰਦਰਾ ਐਂਡ ਮਹਿੰਦਰਾ, ਹੀਰੋ ਸਾਈਕਲਜ਼ (ਲੁਧਿਆਣਾ), ਡੇਲਮੋਂਟੇ ਫੂਡਜ਼ ਪ੍ਰਾਈਵੇਟ ਲਿਮਟਿਡ (ਲੁਧਿਆਣਾ), ਕੰਗਾਰੋ ਇੰਡਸਟਰੀਜ਼ ਲਿਮਟਿਡ, ਐਮਸਨ ਗੀਅਰ ਲਿਮਟਿਡ, ਜੀਐਨਏ. ਐਂਟਰਪ੍ਰਾਈਜ਼ਿਜ਼ ਲਿਮਟਿਡ, ਆਰ ਐਂਡ ਐਨ ਗੁਪਤਾ ਫੋਰਜਿੰਗ, ਮਾਈਕ੍ਰੋ ਸੀਮਲੈੱਸ, ਬੱਡੀ, ਜੀਐਮਪੀ. ਟੈਕਨਾਲੋਜੀ ਸਲਿਊਸ਼ਨਜ਼, ਓਗਨੀਬਿਨ ਪ੍ਰਾਈਵੇਟ ਲਿਮਟਿਡ, ਪੁਖਰਾਜ, ਸਵਾਮਿਨੀ ਲਾਈਫ ਕੰਪਨੀ, ਅਤੇ ਆਰ ਐਨ ਗੁਪਤਾ ਐਂਡ ਕੰਪਨੀ ਸਮੇਤ ਕਈ ਉਦਯੋਗ ਭਾਗ ਲੈਣਗੇ।

ਮੇਲੇ ਵਿੱਚ ਹਿੱਸਾ ਲੈਣ ਦੇ ਚਾਹਵਾਨ ਉਮੀਦਵਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਪਹਿਲਾਂ www.apprenticeshipindia.gov.in ਪੋਰਟਲ @ਤੇ ਆਪਣੇ ਆਪ ਨੂੰ ਰਜਿਸਟਰ ਕਰਵਾ ਲੈਣ ਕਰੋ।

ਸਾਰੇ ਉਮੀਦਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 13 ਮਾਰਚ 2026 ਨੂੰ ਸਵੇਰੇ 9:00 ਵਜੇ ਸਰਕਾਰੀ ਆਈ.ਟੀ.ਆਈ. ਫਾਜਿਲਕਾ ਵਿਖੇ ਆਪਣੀਆਂ ਯੋਗਤਾ ਸਬੰਧੀ ਦਸਤਾਵੇਜ਼ਾਂ ਦੀਆਂ ਕਾਪੀਆਂ ਨਾਲ ਲੈ ਕੇ ਪਹੁੰਚਣ।ਹੋਰ ਵਧੇਰੇ ਜਾਣਕਾਰੀ ਲਈ ਮੋਬਾਈਲ ਨੰਬਰਾਂ 9569283289, 9463873874, 9417009970 @ਤੇ ਸੰਪਰਕ ਕੀਤਾਜਾ ਸਕਦਾ ਹੈ। ਇਹ ਅਪ੍ਰੈਂਟਿਸਸ਼ਿਪ ਮੇਲਾ ਉਦਯੋਗਾਂ ਨਾਲ ਸਿੱਧੇ ਭੇਟ ਕਰਕੇ ਪ੍ਰਸ਼ਿਕਸਣ ਅਤੇ ਰੋਜਗਾਰ ਦੇ ਮੌਕੇ ਪ੍ਰਾਪਤ ਕਰਨ ਲਈ ਇੱਕ ਮਹੱਤਵਪੂਰਨ ਮੰਚ ਸਾਬਤ ਹੋਵੇਗਾ

## ਬੇਸਹਾਰਾ ਗਊਵੰਸ਼ ਸਮੱਸਿਆ ਦੇ ਰਾਸ਼ਟਰੀ ਪੱਧਰ 'ਤੇ ਸਮਾਧਾਨ ਹੇਠ ਪੀ ਐਮ ਮੋਦੀ ਨੂੰ ਭੇਜੀ ਕਾਰਜ-ਯੋਜਨਾ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੋਲਿਊਸ਼ਨ ਫ੍ਰੀ ਇੰਡੀਆ ਪ੍ਰੋਜੈਕਟ ਇੰਟੈਲੈਕਚੁਅਲ ਫੋਰਮ' ਦੇ ਸੰਸਥਾਪਕ ਅਤੇ ਅੰਤਰਰਾਸ਼ਟਰੀ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਭੇਜ ਕੇ ਰਾਸ਼ਟਰਵਿਆਪੀ 'ਪੰਚ-ਸੂਤਰੀ ਰਾਸ਼ਟਰੀ ਗਊ ਵੰਸ਼ ਰੱਖਿਆ ਮਾਡਲ' ਪ੍ਰਸਤੁਤ ਕੀਤਾ ਹੈ। ਇਹ ਕਾਰਜ-ਯੋਜਨਾ ਨਾ ਕੇਵਲ ਸੜਕਾਂ ਨੂੰ ਬੇਸਹਾਰਾ ਗਊਵੰਸ਼ ਤੋਂ ਮੁਕਤ ਕਰੇਗੀ, ਬਲਕਿ ਅਕਸ਼ੈ ਊਰਜਾ, ਰੁਜ਼ਗਾਰ ਅਤੇ ਵਾਤਾਵਰਣ ਸੰਭਾਲ ਦੇ ਖੇਤਰ ਵਿੱਚ ਵੀ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਦਾ ਮਾਰਗ ਪ੍ਰਸ਼ਸਤ ਕਰੇਗੀ। ਭਾਰਤੀ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਪੂਜਨੀਕ ਪਿਤਾ ਸਵਰਗੀ ਸ੍ਰੀ ਓਮਪ੍ਰਕਾਸ਼ ਕੌਸ਼ਿਸ਼ ਜੀ ਨੇ ਰਾਜਿੰਦਰਾ ਹਸਪਤਾਲ, ਪਟਿਆਲਾ ਵਿੱਚ ਲਾਵਾਰਿਸ ਮਰੀਜ਼ਾਂ ਅਤੇ ਗਊਵੰਸ਼ ਦੀ ਜੋ ਨਿਸ਼ਕਾਮ ਸੇਵਾ ਕੀਤੀ, ਉਸੇ ਪ੍ਰੇਰਨਾ ਨੇ ਉਨ੍ਹਾਂ ਨੂੰ ਇਸ ਗੁੰਝਲਦਾਰ ਸਮੱਸਿਆ ਦਾ ਵਿਗਿਆਨਕ ਸਮਾਧਾਨ ਖੋਜਣ ਲਈ ਪ੍ਰੇਰਿਤ ਕੀਤਾ ਹੈ।

?ਪ੍ਰਧਾਨ ਮੰਤਰੀ ਨੂੰ ਭੇਜੇ ਗਏ ਪੱਤਰ ਵਿੱਚ ਸ੍ਰੀ ਭਾਰਤੀ ਨੇ ਕ੍ਰਾਂਤੀਕਾਰੀ ਸੁਝਾਅ ਦਿੰਦੇ ਹੋਏ ਕਿਹਾ ਹੈ ਕਿ ਪੂਰੇ ਦੇਸ਼ ਵਿੱਚ ਗਊ-ਸੌਰ ਊਰਜਾ ਕਾਰੀਡੋਰ (ਗਊ-ਸੋਲਰ ਨੈਸ਼ਨਲ ਗ੍ਰਿਡ) ਬਣਾਏ ਜਾਣ। ਇਹਨਾਂ ਸਭ ਗਊਸ਼ਾਲਾਵਾਂ ਅਤੇ ਚਰਾਗਾਹਾਂ ਦੀਆਂ ਛੱਤਾਂ 'ਤੇ ਸੌਰ ਪੈਨਲ ਲਗਾ ਕੇ ਉਨ੍ਹਾਂ ਨੂੰ 'ਸੋਲਰ ਫਾਰਮਸ' ਵਿੱਚ ਬਦਲਿਆ ਜਾਵੇ। ਇਸ ਨਾਲ ਗਊਵੰਸ਼ ਨੂੰ ਛਾਂ ਮਿਲੇਗੀ ਅਤੇ ਪੈਦਾ ਹੋਈ ਬਿਜਲੀ ਨਾਲ ਗਊਸ਼ਾਲਾਵਾਂ ਆਰਥਿਕ ਤੌਰ 'ਤੇ ਆਤਮ-ਨਿਰਭਰ ਵੀ ਬਣਨਗੀਆਂ।

?'ਗਊ-ਕਾਸ਼ਠ' ਲਾਜ਼ਮੀ ਨੀਤੀ ਈਕੋ-ਫ੍ਰੈਂਡਲੀ ਕ੍ਰੀਮੇਸ਼ਨ ਸੂਤਰ ਦੇ ਬਾਰੇ ਵਾਤਾਵਰਣ ਪ੍ਰੇਮੀ ਭਾਰਤੀ ਨੇ ਦੱਸਿਆ ਕਿ ਪੂਰੇ ਦੇਸ਼ ਵਿੱਚ ਜੰਗਲਾਂ ਨੂੰ ਬਚਾਉਣ ਲਈ ਦਾਹ-ਸੰਸਕਾਰ ਵਿੱਚ ਲੱਕੜ ਦੀ ਥਾਂ ਗਊ-ਗੋਹੇ ਨਾਲ ਬਣੀ ਲੱਕੜ/ਪਾਥੀਆਂ ਦੀ ਵਰਤੋਂ ਨੂੰ 50% ਤੋਂ 100% ਤੱਕ ਲਾਜ਼ਮੀ ਕੀਤਾ ਜਾਵੇ। ਇਸ ਦੇ ਲਈ ਭਾਰਤੀ ਧਰਮ ਗ੍ਰੰਥਾਂ ਵਿੱਚ ਵਰਣਿਤ ਗਊ ਗੋਹੇ ਦੀ ਪਵਿੱਤਰਤਾ ਨੂੰ ਜਨ ਜਨ ਤੱਕ ਪਹੁੰਚਾਉਣਾ ਵੀ ਜ਼ਰੂਰੀ ਦੱਸਿਆ ਹੈ। ਇਹ ਕਾਰਜ-ਯੋਜਨਾ 'ਵੇਸਟ ਟੂ ਵੈਲਥ' ਦੀ ਵੀ ਸਟੀਕ ਉਦਾਹਰਣ ਸਿੱਧ ਹੋਵੇਗੀ।

?ਯੁਵਾ ਅਤੇ ਅਨੁਭਵੀ ਨਾਗਰਿਕਾਂ ਦਾ ਸੰਗਮ ਵੀ ਇਸ ਕਾਰਜ-ਯੋਜਨਾ ਦਾ ਇੱਕ ਅਟੁੱਟ ਅੰਗ ਹੋਵੇਗਾ ਕਿਉਂਕਿ ਇਸ ਪ੍ਰੋਜੈਕਟ ਦੇ ਮਾਧਿਅਮ ਨਾਲ ਐਗਰੀ-ਟੈਕ ਖੇਤਰ ਵਿੱਚ ਜਿੱਥੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ, ਉੱਥੇ ਹੀ ਸੇਵਾਮੁਕਤ ਅਤੇ ਅਨੁਭਵੀ ਸੀਨੀਅਰ ਨਾਗਰਿਕਾਂ ਨੂੰ ਆਨਰੇਰੀ ਸੁਪਰਵਾਈਜ਼ਰ ਦੇ ਰੂਪ ਵਿੱਚ ਪ੍ਰਬੰਧਨ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ। ਡਿਜੀਟਲ ਗਊ-ਟ੍ਰੈਕਿੰਗ ਅਤੇ ਕੇਂਦਰੀ ਡੈਸ਼ਬੋਰਡ ਵੀ ਇਸ ਕਾਰਜ-ਯੋਜਨਾ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ ਜਿਸ ਦੇ ਅੰਤਰਗਤ ਹਰੇਕ ਗਊਵੰਸ਼ ਦੀ ਯੂਨਿਕ ਆਈ.ਡੀ. ਅਤੇ ਜੀਓ-ਟੈਗਿੰਗ ਕੀਤੀ ਜਾਵੇ ਅਤੇ ਸਰਕਾਰਾਂ ਦੁਆਰਾ 'ਕਾਊ ਸੈੱਸ' ਦੇ ਨਾਮ 'ਤੇ ਇਕੱਠੇ ਕੀਤੇ ਜਾ ਰਹੇ ਅਪਾਰ ਧਨ ਦੇ ਪਾਰਦਰਸ਼ੀ ਉਪਯੋਗ ਹੇਠ ਇੱਕ ਕੇਂਦਰੀ ਡਿਜੀਟਲ ਡੈਸ਼ਬੋਰਡ ਬਣਾਇਆ ਜਾਵੇ। ਨੂਰਮਹਿਲ ਮਾਡਲ ਦਾ ਰਾਸ਼ਟਰੀ ਪੱਧਰ 'ਤੇ ਵਿਸਤਾਰ ਕਰਨ ਦੇ ਬਾਰੇ ਵਿੱਚ ਵੀ ਪੱਤਰ ਵਿੱਚ ਦੱਸਿਆ ਗਿਆ ਹੈ ਕਿ ਪੰਜਾਬ ਦੇ ਨੂਰਮਹਿਲ ਸਥਿਤ ਕਾਮਧੇਨੂ ਗਊਸ਼ਾਲਾ ਦੇ 'ਹਾਈ-ਟੈਕ' ਅਤੇ 'ਜ਼ੀਰੋ ਵੇਸਟ' ਮਾਡਲ ਦੀ ਵੀ ਸਟੱਡੀ ਕਰਕੇ ਇਸ ਨੂੰ ਪੂਰੇ ਦੇਸ਼ ਵਿੱਚ ਸਥਾਪਿਤ ਕੀਤੀ ਜਾਣ ਵਾਲੀ ਸਭ ਗਊਸ਼ਾਲਾਵਾਂ ਵਿੱਚ ਲਾਗੂ ਕੀਤਾ ਜਾਵੇ। ਸ੍ਰੀ ਭਾਰਤੀ ਨੇ ਪ੍ਰਸਤਾਵ ਦਿੱਤਾ ਕਿ ਇਸੇ ਵਿਗਿਆਨਕ ਪੱਧਤੀ (ਈ.ਟੀ.ਟੀ. ਤਕਨੀਕ) ਅਤੇ ਆਟੋਮੇਟਿਡ ਮੈਨੇਜਮੈਂਟ ਨੂੰ ਦੇਸ਼ ਭਰ ਵਿੱਚ ਲਾਗੂ ਕਰਨ ਨਾਲ ਦੇਸ਼ ਨੂੰ ਅਤੁਲਨੀਯ ਲਾਭ ਪ੍ਰਾਪਤ ਹੋਵੇਗਾ। ਵਿਕਸਿਤ ਭਾਰਤ ਵੱਲ ਇੱਕ ਕਦਮ ਦੱਸਦੇ ਹੋਏ ਅਨਿਲ ਭਾਰਤੀ ਨੇ ਪ੍ਰਧਾਨ ਮੰਤਰੀ ਜੀ ਤੋਂ ਅਪੀਲ ਕੀਤੀ ਹੈ ਕਿ ਇਹ ਯੋਜਨਾ ਉਨ੍ਹਾਂ ਦੇ 'ਵੋਕਲ ਫਾਰ ਲੋਕਲ' ਅਤੇ 'ਨੈੱਟ ਜ਼ੀਰੋ ਇਮਿਸ਼ਨ' ਦੇ ਵਿਜ਼ਨ ਨੂੰ ਧਰਾਤਲ 'ਤੇ ਉਤਾਰੇਗੀ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਸ ਕਾਰਜ-ਯੋਜਨਾ ਨੂੰ ਅਪਣਾਉਣ ਨਾਲ ਭਾਰਤ ਨਾ ਕੇਵਲ ਸਵੱਛ ਬਣੇਗਾ, ਬਲਕਿ ਗ੍ਰਾਮੀਣ ਆਰਥਿਕਤਾ ਵਿੱਚ ਇੱਕ ਨਵੀਂ ਕ੍ਰਾਂਤੀ ਦਾ ਸੂਤਰਪਾਤ ਵੀ ਕਰੇਗਾ।

## ਅਸੀਂ ਪੰਜਾਬ ਦੇ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕੀਤਾ ਅਤੇ ਭਵਿੱਖ ਵਿੱਚ ਵੀ ਹਰ ਵਾਅਦੇ ਨੂੰ ਪੂਰਾ ਕਰਾਂਗੇ: ਮੁੱਖ ਮੰਤਰੀ

**ਜਲੰਧਰ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ 'ਆਪ' ਦੀ ਪੰਜਾਬ ਸਰਕਾਰ ਨੇ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕੀਤਾ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਹਰ ਵਾਅਦੇ ਦਾ ਸਨਮਾਨ ਕਰਦੇ ਰਹਿਣਾ ਇਸੇ ਤਰ੍ਹਾਂ ਜਾਰੀ ਰਹੇਗਾ ਜੋ ਕਿ 'ਆਪ' ਸਰਕਾਰ ਦਾ ਇੱਕੋ- ਇੱਕ ਏਜੰਡਾ ਹੈ ਤਾਂ ਜੋ ਸੂਬੇ ਦੇ ਲੋਕਾਂ ਲਈ ਤਰੱਕੀ ਅਤੇ ਖੁਸ਼ਹਾਲੀ ਵਾਲਾ ਰੰਗਲਾ ਪੰਜਾਬ ਬਣਾਇਆ ਜਾ ਸਕੇ।



ਜਲੰਧਰ ਵਿੱਚ ਹੁਸ਼ਿਆਰਪੁਰ ਦੇ ਲੋਕਾਂ ਨਾਲ 'ਲੋਕ ਮਿਲਣੀ' ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਜਨਤਕ ਗੱਲਬਾਤ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸਿੱਧੇ ਤੌਰ 'ਤੇ ਹੱਲ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਿਨਾਂ ਦੇਰੀ ਦੇ ਨਿਪਟਾਉਣ ਲਈ ਪ੍ਰਭਾਵਸ਼ਾਲੀ ਢੰਗ ਵਜੋਂ ਉੱਭਰ ਰਹੀ ਹੈ।

ਪੰਜਾਬ ਸਰਕਾਰ ਵੱਲੋਂ ਲਏ ਗਏ ਲੋਕ-ਪੱਖੀ ਫੈਸਲਿਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਵਰਗੀਆਂ ਪਹਿਲਕਦਮੀਆਂ 'ਤੇ ਚਾਨਣਾ ਪਾਇਆ ਜਿਸ ਤਹਿਤ ਔਰਤਾਂ ਨੂੰ 1000 ਤੋਂ 1500 ਰੁਪਏ ਪ੍ਰਤੀ ਮਹੀਨਾ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਮੇਰੀ ਰਸੋਈ ਯੋਜਨਾ ਤਹਿਤ 40 ਲੱਖ ਪਰਿਵਾਰਾਂ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਕਣਕ ਤੋਂ ਇਲਾਵਾ ਮੁਫ਼ਤ ਰਸਦ ਕਿੱਟਾਂ ਪ੍ਰਾਪਤ ਹੋਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਬੇਰੁਜ਼ਗਾਰੀ ਨਾਲ ਨਜਿੱਠਣ ਲਈ ਯੋਜਨਾਬੱਧ ਯਤਨਾਂ ਦੇ ਹਿੱਸੇ ਵਜੋਂ ਨੌਜਵਾਨਾਂ ਨੂੰ 63000 ਤੋਂ ਵੱਧ ਸਰਕਾਰੀ ਨੌਕਰੀਆਂ ਦੀ ਪਾਰਦਰਸ਼ੀ ਵਿਵਸਥਾ ਕੀਤੀ ਗਈ ਹੈ।

ਲੋਕ ਮਿਲਣੀ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਲੋਕ ਮਿਲਣੀ ਇਕ ਵਿਲੱਖਣ ਪਹਿਲ ਹੈ ਜੋ ਸਰਕਾਰ ਨੂੰ ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਨ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਉਣ ਦੀ ਸਹੂਲਤ ਦਿੰਦੀ ਹੈ। ਮੁੱਖ ਮੰਤਰੀ ਨੇ ਕਿਹਾ," ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਵੇ, ।

ਮੁੱਖ ਮੰਤਰੀ ਨੇ ਕਿਹਾ, ਇਸ ਕਵਾਇਦ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਜਲਦ ਨਿਪਟਾਰਾ ਕੀਤਾ ਜਾਵੇ ਅਤੇ ਨਾਗਰਿਕ ਸੇਵਾਵਾਂ ਉਨ੍ਹਾਂ ਦੇ ਦਰ 'ਤੇ ਪਹੁੰਚਣ। ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਲੋਕ ਪੱਖੀ ਪਹਿਲ ਦੇ ਠੋਸ ਨਤੀਜੇ ਆਉਣ।

ਉਨ੍ਹਾਂ ਕਿਹਾ ਕਿ ਉਹ ਸਮੇਂ-ਸਮੇਂ 'ਤੇ ਮੀਟਿੰਗਾਂ ਵਿੱਚ ਸ਼ਿਕਾਇਤਾਂ ਦੀ ਸਥਿਤੀ ਅਤੇ ਪੈਂਡੈਂਸੀ ਦੀ ਨਿੱਜੀ ਤੌਰ 'ਤੇ ਸਮੀਖਿਆ ਕਰਨਗੇ।

ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਕੀਤੀਆਂ ਗਈਆਂ ਕਈ ਲੋਕ ਪੱਖੀ ਪਹਿਲਕਦਮੀਆਂ ਨੂੰ ਗਿਣਾਉਂਦਿਆਂ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦੀ ਸ਼ੁਰੂਆਤ ਦਾ ਜ਼ਿਕਰ ਕੀਤਾ। ਇਹ ਸਕੀਮ ਪੰਜਾਬ ਸਰਕਾਰ ਵੱਲੋਂ ਆਮ ਪਰਿਵਾਰਾਂ ਦੀ ਸਹਾਇਤਾ ਲਈ ਇਕ ਵੱਡਾ ਕਦਮ ਹੈ।

ਬਹੁਤ ਸਾਰੇ ਪਰਿਵਾਰਾਂ ਲਈ ਵਿਸ਼ੇਸ਼ ਕਰਕੇ ਆਰਥਿਕ ਤੌਰ 'ਤੇ ਸੰਘਰਸ਼ ਕਰ ਰਹੇ ਲੋਕਾਂ ਲਈ, ਹਰ ਮਹੀਨੇ 1000 ਤੋਂ 1500 ਰੁਪਏ ਮਹੱਤਵਪੂਰਨ ਰਾਸ਼ੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸਹਾਇਤਾ ਸਾਡੀਆਂ ਮਾਵਾਂ ਅਤੇ ਧੀਆਂ ਲਈ ਸਤਿਕਾਰ ਦਾ ਪ੍ਰਤੀਕ ਹੈ ਅਤੇ ਇਸ ਨਾਲ ਉਨ੍ਹਾਂ ਦੇ ਚਿਹਰਿਆਂ 'ਤੇ ਆਉਣ ਵਾਲੀ ਮੁਸਕਰਾਹਟ ਮੈਨੂੰ ਬਹੁਤ ਸੰਤੁਸ਼ਟੀ ਦਿੰਦੀ ਹੈ।

## ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਦੀਆਂ ਅਸਾਮੀਆਂ ਲਈ ਮਿਤੀ 10 ਮਾਰਚ 2026 ਤੋਂ ਆਨਲਾਈਨ ਰਜਿਸਟਰੇਸ਼ਨ ਸ਼ੁਰੂ ਕਰ ਦਿੱਤੀ

**ਤਰਨਤਾਰਨ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ,ਪੱਟੀ ਤਰਨ ਤਾਰਨ ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਦੀਆਂ ਅਸਾਮੀਆਂ ਲਈ ਮਿਤੀ 10 ਮਾਰਚ 2026 ਤੋਂ ਆਨਲਾਈਨ ਰਜਿਸਟਰੇਸ਼ਨ ਸ਼ੁਰੂ ਕਰ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਤਰਨ ਤਾਰਨ ਜ਼ਿਲ੍ਹੇ ਦੇ ਨੌਜਵਾਨਾਂ ਲਈ ਪੁਲਿਸ ਵਿਚ ਭਰਤੀ ਹੋਣ ਲਈ ਲਿਖਤੀ ਪੇਪਰ ਅਤੇ ਫਿਜ਼ੀਕਲ ਦੀ ਤਿਆਰੀ ਸੀ-ਪਾਈਟ ਕੈਂਪ, ਪੱਟੀ ਵਿਖੇ ਮਿਤੀ 16 ਮਾਰਚ 2026 ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਜਲਦੀ ਤੋਂ ਜਲਦੀ ਆਨ ਲਾਈਨ ਰਜਿਸਟਰੇਸ਼ਨ ਕਰਵਾ ਕੇ ਸੀ-ਪਾਈਟ ਕੈਂਪ, ਪੱਟੀ ਵਿਖੇ ਰਿਪੋਰਟ ਕਰਨ ਅਤੇ ਪੰਜਾਬ ਸਰਕਾਰ ਦੁਆਰਾ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਉਣ।

ਉਨ੍ਹਾਂ ਕਿਹਾ ਕਿ ਕੈਂਪ ਵਿਚ ਆਉਣ ਸਮੇਂ ਆਨਲਾਈਨ ਅਪਲਾਈ ਦੀ ਇਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ , 10+2 ਪਾਸ ਅਤੇ ਇਸ ਤੋਂ ਵੱਧ ਪੜ੍ਹਾਈ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜ਼ੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤੀ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ , ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖ਼ਾਤਾ ਚਾਲੂ ਹਾਲਤ ਵਿਚ ਹੋਵੇ ਅਤੇ ਦੋ ਪਾਸਪੋਰਟ ਸਾਈਜ਼ ਦੀਆਂ ਫੋਟੋ, ਇਕ ਕਾਪੀ, ਇਕ ਪੈੱਨ, ਖਾਣੇ ਲਈ ਬਰਤਨ , ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਕੈਂਪ ਵਿਚ ਆਉਣ ਦਾ ਸਮਾਂ ਸਵੇਰੇ 9:00 ਵਜੇ ਦਾ ਹੈ। ਉਨ੍ਹਾਂ ਕਿਹਾ ਕਿ ਕੈਂਪ ਵਿਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਤੇ ਲਿਖਤੀ ਪੇਪਰ ਦੀ ਤਿਆਰੀ ਦੀ ਕੋਈ ਵੀ ਫ਼ੀਸ ਨਹੀਂ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ 97818-91928 ਅਤੇ 98760-30372 ਨੰਬਰਾਂ @ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦਾਸਪੁਰ ਸ਼ਹਿਰ ਅੰਦਰ ਹਾਈਵੇ ਤੋਂ ਦੋਵੇਂ ਪਾਸੇ ਦੀ ਐਂਟਰੀ 'ਤੇ ਸ਼ਾਨਦਾਰ ਅਤੇ ਖੂਬਸੂਰਤ ਗੇਟਾਂ ਦੀ ਉਸਾਰੀ ਕਰਵਾਈ ਜਾਵੇਗੀ: ਚੇਅਰਮੈਨ ਰਾਜੀਵ ਸ਼ਰਮਾ

**ਗੁਰਦਾਸਪੁਰ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਸੂਬੇ ਦੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਲਈ ਉਪਰਾਲੇ ਕੀਤੇ ਗਏ ਹਨ, ਇਸੇ ਕੜੀ ਦੇ ਤਹਿਤ ਗੁਰਦਾਸਪੁਰ ਸ਼ਹਿਰ ਵਿਖੇ ਗੁਰਦਾਸਪੁਰ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ਼੍ਰੀ ਰਾਜੀਵ ਸ਼ਰਮਾ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸੁਚੱਜੇ ਸਹਿਯੋਗ ਸਦਕਾ ਗੁਰਦਾਸਪੁਰ ਸ਼ਹਿਰ ਨੂੰ ਹਰ ਤਰਫੋਂ ਨਵੀਂ ਦਿੱਖ ਦੇਣ ਲਈ ਸਫਲ ਉਪਰਾਲੇ ਕੀਤੇ ਜਾ ਰਹੇ ਹਨ।




ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਉਨਾਂ ਵੱਲੋਂ ਜਿੱਥੇ ਹੁਣ ਤੱਕ ਨਗਰ ਸੁਧਾਰ ਟਰੱਸਟ ਦੀਆਂ ਸਕੀਮਾਂ ਵਿੱਚ ਵੱਡੇ ਪੱਧਰ @ਤੇ ਕਈ ਯੋਜਨਾਵਾਂ ਉਲੀਕ ਕੇ ਉਹਨਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ ਅਤੇ ਉਹ ਦਿਨ ਰਾਤ ਗੁਰਦਾਸਪੁਰ ਅੰਦਰ ਵਿਕਾਸ ਕੰਮ ਕਰਵਾਉਣ ਲਈ ਯਤਨਸ਼ੀਲ ਹਨ।ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਸ਼ਹਿਰ ਅੰਦਰ ਹਾਈਵੇ ਤੋਂ ਦੋਵੇਂ ਪਾਸੇ ਦੀ ਐਂਟਰੀ @ਤੇ ਸ਼ਾਨਦਾਰ ਅਤੇ ਖੂਬਸੂਰਤ ਗੇਟ ਉਸਾਰਨ ਲਈ ਇਕ ਅਨੋਖੀ ਅਤੇ ਨਿਵਕਲੀ ਪਹਿਲਕਦਮੀ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਹ ਗੇਟ ਜਿੱਥੇ ਸ਼ਹਿਰ ਦੇ ਸੁਹੱਪਣ ਨੂੰ ਸ਼ਾਨਦਾਰ ਦਿੱਖ ਦੇਣਗੇ, ਉਥੇ ਨਾਲ ਦੀ ਨਾਲ ਆ ਰਹੇ ਲੋਕਾਂ ਨੂੰ ਜੀ ਆਇਆਂ ਕਹਿਣਗੇ। ਉਨ੍ਹਾਂ ਦੱਸਿਆ ਕਿ ਇਹਨਾਂ ਐਂਟਰੀ ਗੇਟਾਂ ਨੂੰ ਬਣਾਉਣ ਲਈ ਸਾਰਾ ਕੰਮ ਉਲੀਕਿਆ ਜਾ ਚੁੱਕਾ ਹੈ।

ਚੇਅਰਮੈਨ ਰਾਜੀਵ ਸ਼ਰਮੀ ਨੇ ਅੱਗੇ ਕਿਹਾ ਕਿ ਜਦੋਂ ਦੀ ਉਨ੍ਹਾਂ ਨੂੰ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੀ ਸੇਵਾ ਮਿਲੀ ਹੈ, ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਰਾਹੀਂ ਸ਼ਾਨਦਾਰ ਪਹਿਲਕਦਮੀਆਂ ਕੀਤੀਆਂ ਗਈਆਂ ਹਨ।

## ਡਿਪਟੀ ਕਮਿਸ਼ਨਰ ਨੇ ਗਊਸ਼ਾਲਾਵਾਂ ਦੇ ਪ੍ਰਬੰਧਨ ਅਤੇ ਸਾਂਭ-ਸੰਭਾਲ ਨੂੰ ਲੈ ਕੇ ਅਧਿਕਾਰੀਆਂ ਤੇ ਆੜ੍ਹਤੀਏ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ




**ਫਾਜ਼ਿਲਕਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਨੇ ਜ਼ਿਲ੍ਹੇ ਦੀਆਂ ਗਊਸ਼ਾਲਾਵਾਂ ਦੇ ਸੁਚਾਰੂ ਪ੍ਰਬੰਧਨ ਅਤੇ ਗਊਆਂ ਲਈ ਚਾਰੇ ਦੀ ਵਿਵਸਥਾ ਦੇ ਸਥਾਈ ਹੱਲ ਲਈ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਉਨ੍ਹਾਂ ਨੇ ਗਊਸ਼ਾਲਾਵਾਂ ਦੀ ਕਾਰਜਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਸੁਧਾਰ ਲਿਆਉਣ ਲਈ ਇੱਕ ਸਾਂਝੀ ਕਮੇਟੀ ਦਾ ਗਠਨ ਕਰਨ ਲਈ ਕਿਹਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜਗਵਿੰਦਰਜੀਤ ਸਿੰਘ ਗਰੇਵਾਲ ਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਹਰਜਿੰਦਰ ਸਿੰਘ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਆਗਾਮੀ ਸੀਜ਼ਨ ਨੂੰ ਦੇਖਦੇ ਹੋਏ ਗਊਸ਼ਾਲਾਵਾਂ ਵਿੱਚ ਸਾਲ ਭਰ ਦੇ ਚਾਰੇ ਅਤੇ ਤੂੜੀ ਦੇ ਸਟਾਕ ਨੂੰ ਸੁਰੱਖਿਅਤ ਕਰਨ ਦੇ ਨਿਰਦੇਸ਼ ਦਿੱਤੇ ਤੇ ਮੌਕੇ ਦਾ ਨਿਰੀਖਣ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਜ਼ਿਲ੍ਹਾ ਵਿਕਾਸ ਪੰਚਾਇਤ ਅਫਸਰ ਨੂੰ ਕਿਹਾ ਤੇ ਤਾਜ਼ਾ ਹਾਲਾਤਾਂ ਦੀ ਰਿਪੋਰਟ ਦੇਣ ਨੂੰ ਕਿਹਾ॥ ਉਨ੍ਹਾਂ ਨੇ ਜ਼ਿਲ੍ਹੇ ਦੇ ਕਿਸਾਨਾਂ ਅਤੇ ਸਮਾਜ ਸੇਵਕਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਦੀ ਕਟਾਈ ਤੋਂ ਬਾਅਦ ਗਊਸ਼ਾਲਾਵਾਂ ਲਈ ਆਪਣੀ ਇੱਛਾ ਅਨੁਸਾਰ ਜਿੱਥੇ ਤੂੜੀ ਦਾਨ ਕਰਨ ਉੱਥੇ ਹੀ ਆਪਣੀ ਇੱਛਾ ਅਨੁਸਾਰ ਹਰਾ ਚਾਰਾ ਵੀ ਦਾਨ ਕਰਨ॥ ਉਨ੍ਹਾਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨੂੰ ਆਪਣੇ ਪੰਚਾਇਤ ਅਫਸਰ ਤੇ ਪੰਚਾਇਤ ਸੈਕਟਰੀਆਂ ਦੀਆਂ ਡਿਊਟੀਆਂ ਲਗਾ ਕੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਇਸ ਪੁੰਨ ਦੇ ਕੰਮ ਵਿੱਚ ਆਪਣਾ ਸਹਿਯੋਗ ਕਰਨ ਲਈ ਪ੍ਰੇਰਿਤ ਕਰਨ ਲਈ ਕਿਹਾ।ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਹਰਪ੍ਰੀਤਪਾਲ ਕੌਰ, ਸਾਧਕ ਅਫਸਰ ਕੌਂਸਲ ਵਿਕਰਮ ਧੂੜੀਆ, ਕਾਰਜ ਸਾਧਕ ਅਫਸਰ ਨਗਰ ਪੰਚਾਇਤ ਅਰਨੀਵਾਲਾ ਬਲਵਿੰਦਰ ਸਿੰਘ, ਨਗਰ ਕੌਂਸਲ ਜਲਾਲਾਬਾਦ ਕਾਰਜ ਸਾਧਕ ਅਫਸਰ ਰਾਮ ਪ੍ਰਤਾਪ, ਮੈਨੇਜਰ ਕੈਟਲ ਪਾਊਂਡ ਸੋਨੂੰ ਕੁਮਾਰ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਗੋਲਡੀ ਸਚਦੇਵਾ, ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਸਾਜਨ ਗੁਗਲਾਨੀ, ਸੈਕਟਰੀ ਮੰਡੀ ਬੋਰਡ ਮਨਦੀਪ ਕਾਮਰਾ ਸਮੇਤ ਕੈਟਲ ਪਾਊਂਡ ਤੋਂ ਰਾਕੇਸ਼ ਕੁਮਾਰ ਵੀ ਹਾਜ਼ਰ ਸਨ।

## ਵਿਧਾਨ ਸਭਾ ਸੈਸ਼ਨ ਵਿੱਚ ਵਿਧਾਇਕ ਫਾਜ਼ਿਲਕਾ ਨੇ ਕਿਰਤੀਆਂ ਦੀ ਭਲਾਈ ਲਈ ਚੁੱਕੀ ਆਵਾਜ਼

**ਫਾਜ਼ਿਲਕਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਵਿੱਚ ਫਾਜ਼ਿਲਕਾ ਹਲਕੇ ਵਿੱਚ ਵੱਖ-ਵੱਖ ਭਲਾਈ ਸਕੀਮਾਂ ਅਧੀਨ ਬੀ.ਓ.ਸੀ.ਡਬਲਿਊ ਵੈਲਫੇਅਰ ਬੋਰਡ ਵੱਲੋਂ ਕੁੱਲ 47.38 ਕਰੋੜ ਰੁਪਏ ਦੀ ਰਕਮ ਕਿਰਤੀਆਂ ਨੂੰ ਦਿੱਤੀ ਜਾ ਚੁੱਕੀ ਹੈ। ਵੱਖ-ਵੱਖ ਭਲਾਈ ਸਕੀਮਾਂ ਅਧੀਨ ਉਸਾਰੀ ਕਿਰਤੀਆਂ ਵੱਲੋਂ ਹੁਣ ਤੱਕ 87 ਹਜ਼ਾਰ 557 ਅਰਜੀਆਂ ਪ੍ਰਾਪਤ ਹੋਈਆਂ ਹਨ, ਇਨ੍ਹਾਂ ਦਾ ਨਿਪਟਾਰਾ ਦੋ ਮਹੀਨਿਆਂ ਵਿੱਚ ਕੀਤਾ ਜਾਵੇਗਾ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਤਰੁਣਪ੍ਰੀਤ ਸਿੰਘ ਸੌਂਦ ਨੇ ਵਿਧਾਨ ਸਭਾ ਸੈਸ਼ਨ ਵਿੱਚ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਦੇ ਸਵਾਲ ਦੇ ਜਵਾਬ ਵਿੱਚ ਕਿਹਾ!

ਇਸ ਦੌਰਾਨ ਵਿਧਾਇਕ ਸਵਨਾ ਨੇ ਕਿਹਾ ਕਿ ਸਾਡੇ ਹਲਕੇ ਦੇ ਕਿਰਤੀ ਕਾਮਿਆਂ ਨੂੰ ਆਪਣੇ ਦਫ਼ਤਰੀ ਕੰਮ ਨੂੰ ਲੈ ਕੇ ਕਈ ਵਾਰ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਗੇੜੇ ਮਾਰਨੇ ਪੈਂਦੇ ਹਨ, ਸੋ ਸਾਡੇ ਕਾਮਿਆ ਦੇ ਕੰਮ ਨੂੰ ਹੋਰ ਸੁਖਾਲਾ ਬਣਾਉਣ ਲਈ ਵਿਭਾਗ ਵੱਲੋਂ ਕੁਝ ਅਹਿਮ ਕਦਮ ਚੁੱਕੇ ਜਾਣ ਜਿਵੇਂ ਕਿ ਪਿੰਡਾਂ ਤੇ ਵਾਰਡਾਂ ਵਿੱਚ ਕੈਂਪ ਲਗਾ ਕੇ ਦਫਤਰੀ ਕਿਰਤ ਵਿਭਾਗ ਨਾਲ ਸੰਬੰਧਿਤ ਸਰਕਾਰੀ ਸਕੀਮਾਂ ਬਾਰੇ ਜਾਗਰੂਕ ਕੀਤਾ ਜਾਵੇ।

ਕੈਬਨਿਟ ਮੰਤਰੀ ਪੰਜਾਬ ਤਰੁਣਪ੍ਰੀਤ ਸਿੰਘ ਸੌਂਦ ਨੇ ਅੱਗੇ ਕਿਹਾ ਕਿ ਪੰਜਾਬ ਵੈਲਫੇਅਰ ਬੋਰਡ ਵੱਲੋਂ ਫਾਜ਼ਿਲਕਾ ਵਿੱਚ ਲਗਭਗ 40 ਲੱਖ ਰੁਪਇਆ 185 ਉਦਯੋਗਿਕ ਕਿਰਤੀ ਕਾਮਿਆ ਨੂੰ ਦਿਤੇ ਜਾ ਚੁੱਕੇ ਹਨ! ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚੌਥੇ ਸਾਲ ਕਿਰਤ ਵਿਭਾਗ ਨਾਲ ਸੰਬੰਧਿਤ 45 ਹਜ਼ਾਰ 578 ਲਾਭਪਾਤਰੀਆਂ ਨੂੰ 146.77 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਪਹਿਲਾਂ ਕਿਰਤੀ ਕਾਮਿਆ ਦੀਆਂ ਪ੍ਰਾਪਤ ਅਰਜ਼ੀਆਂ ਤੇ ਕਰਵਾਈ ਕਰਨ ਦਾ ਸਮਾਂ 165 ਦਿਨ ਸੀ ਪਰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਰਜੀਆਂ ਤੇ ਕਾਰਵਾਈ ਕਰਨ ਦਾ ਸਮਾਂ ਘਟਾ ਕੇ 65 ਦਿਨ ਦਾ ਕਰ ਦਿੱਤਾ ਗਿਆ ਹੈ ਜੋ ਕਿ ਕਾਫੀ ਸਲਾਹਣਯੋਗ ਕਾਰਜ ਹੈ!

# ਡਿਪਟੀ ਕਮਿਸ਼ਨਰ ਨੇ ਕੌਮਾਂਤਰੀ ਔਰਤ ਦਿਵਸ ਮੌਕੇ ਵਧੀਆ ਕਾਰਗੁਜ਼ਾਰੀ ਵਾਲੀਆਂ 23 ਔਰਤ ਬੀ.ਐਲ.ਓਜ ਨੂੰ ਸਨਮਾਨਿਆ



ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਕੌਮਾਂਤਰੀ ਔਰਤ ਦਿਵਸ ਮੌਕੇ ਬਿਹਤਰ ਕਾਰਗੁਜ਼ਾਰੀ ਵਾਲੀਆਂ ਬੀ.ਐਲ.ਓਜ ਨੂੰ ਸਨਮਾਨਤ ਕਰਦੇ ਹੋਏ। ਉਨ੍ਹਾਂ ਦੇ ਨਾਲ ਏ.ਡੀ.ਸੀ. ਸਿਮਰਪ੍ਰੀਤ ਕੌਰ ਤੇ ਹੋਰ ਨਜ਼ਰ ਆ ਰਹੇ ਹਨ।

**ਪਟਿਆਲਾ, 13 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਰਜੀਤ ਵਾਲੀਆ ਨੇ ਕੌਮਾਂਤਰੀ ਔਰਤ ਦਿਵਸ ਨੂੰ ਸਮਰਪਿਤ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੀਆਂ 23 ਬੂਥ ਲੈਵਲ ਅਫ਼ਸਰ (ਬੀ.ਐਲ.ਓਜ) ਨੂੰ ਸਨਮਾਨਤ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ, ਲੋਕਤੰਤਰ ਦੀਆਂ ਜੜ੍ਹਾਂ ਚੋਣਾਂ 'ਚ ਤੇ ਚੋਣਾਂ ਦਾ ਕੰਮ ਬਿਹਤਰ ਢੰਗ ਨਾਲ ਕਰਨ ਵਾਲਿਆਂ ਦਾ ਦੇਸ਼ ਦੀ ਬੁਨਿਆਦ ਨੂੰ ਮਜ਼ਬੂਤ 'ਚ ਯੋਗਦਾਨ ਸ਼ਲਾਘਾਯੋਗ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਏ.ਡੀ.ਸੀ. ਸਿਮਰਪ੍ਰੀਤ ਕੌਰ ਤੇ ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ ਵੀ ਮੌਜੂਦ ਸਨ।

ਵਰਜੀਤ ਵਾਲੀਆ ਨੇ ਦੱਸਿਆ ਕਿ ਦੇਸ਼ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਪੰਜਾਬ ਦੇ ਮੁੱਖ ਚੋਣ ਅਫ਼ਸਰ ਦੇ ਨਿਰਦੇਸ਼ਾਂ ਮੁਤਾਬਕ ਕੌਮਾਂਤਰੀ ਔਰਤ ਦਿਵਸ ਮੌਕੇ ਜ਼ਿਲ੍ਹੇ ਦੇ ਹਰ ਵਿਧਾਨ ਸਭਾ ਹਲਕੇ ਵਿੱਚੋਂ ਚੋਣਾਂ ਦਾ ਕੰਮ ਕਰਨ ਵਾਲੀਆਂ ਤਿੰਨ-ਤਿੰਨ ਬਿਤਹਰ ਔਰਤ ਬੀ.ਐਲ.ਓਜ ਦੀ ਚੋਣ ਸਬੰਧਤ ਐਸ.ਡੀ.ਐਮਜ ਵੱਲੋਂ ਕੀਤੀ ਗਈ, ਜਿਨ੍ਹਾਂ ਨੂੰ ਅੱਜ ਸਨਮਾਨਤ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਸਨਮਾਨਿਤ ਹੋਣ ਵਾਲੀਆਂ ਔਰਤ ਬੀ.ਐਲ.ਓਜ ਨੂੰ ਵਧਾਈ ਦਿੰਦਿਆਂ ਕਿਹਾ ਕਿ ਮਹਿਲਾ ਸ਼ਕਤੀ ਦਾ ਸਾਡੇ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਕਰਨ 'ਚ ਅਹਿਮ ਯੋਗਦਾਨ ਹੈ।

ਉਨ੍ਹਾਂ ਕਿਹਾ ਕਿ ਚੋਣਾਂ ਦਾ ਕੰਮ ਬਿਹਤਰ ਢੰਗ ਨਾਲ ਕਰਨਾ ਦੇਸ਼ ਦੇ ਲੋਕਤੰਤਰ ਦੀ ਨੀਂਹ ਨੂੰ ਮਜ਼ਬੂਤ ਕਰਨ ਦਾ ਕੰਮ ਹੈ ਅਤੇ ਇਨ੍ਹਾਂ ਬੀ.ਐਲ.ਓਜ ਨੇ ਸੰਵਿਧਾਨ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਬਾਖੂਬੀ ਢੰਗ ਨਾਲ ਨਿਭਾਉਂਦਿਆਂ ਆਪਣੀ ਡਿਊਟੀ ਬਹੁਤ ਸ਼ਾਨਦਾਰ ਢੰਗ ਨਾਲ ਨਿਭਾਈ ਹੈ।

ਇਸ ਮੌਕੇ ਸਵੀਪ ਇੰਚਾਰਜ ਨਰਿੰਦਰ ਸਿੰਘ ਢੀਂਡਸਾ ਤੇ ਮੋਹਿਤ ਕੌਸ਼ਲ ਸਮੇਤ ਸਨਮਾਨਤ ਹੋਣ ਵਾਲੀਆਂ ਬੀ.ਐਲ.ਓਜ ਅੰਮ੍ਰਿਤਬੀਰ ਕੌਰ, ਬੇਅੰਤ ਕੌਰ, ਆਗਿਆਪਾਲ ਕੌਰ, ਜਸਪ੍ਰੀਤ ਕੌਰ, ਵੰਦਨਾ ਰਾਣੀ, ਗੁਰਪ੍ਰੀਤ ਕੌਰ, ਪਰਵਿੰਦਰ ਕੌਰ, ਮੀਨੂ ਜੈਨ, ਰਾਜਨਜੀਤ ਕੌਰ, ਰਜਨੀ ਕੌਰ, ਅਮਨਦੀਪ ਕੌਰ, ਹਰਬੰਸ ਕੌਰ, ਰਾਜਵੰਤ ਕੌਰ, ਜਸਵਿੰਦਰ ਕੌਰ, ਕੁਸਮ ਲਤਾ, ਕਿਰਨ ਰਾਣੀ, ਨੀਲਮ ਸ਼ਰਮਾ, ਪੂਜਾ ਰਾਣੀ, ਊਸ਼ਾ ਰਾਣੀ, ਸੁਰਿੰਦਰ ਕੌਰ, ਮਨਦੀਪ ਕੌਰ, ਪੁਸ਼ਪਾ ਕੁਮਾਰੀ ਤੇ ਸੰਦੀਪ ਕੌਰ ਵੀ ਮੌਜੂਦ ਸਨ।

# ਪਟਿਆਲਾ ਵਿਖੇ ਡੀਐਲਆਰਸੀ ਅਤੇ ਡੀਐਲਐਸਸੀ ਮੀਟਿੰਗਾਂ ਹੋਈਆਂ; ਜ਼ਿਲ੍ਹੇ ਨੇ 2025-26 ਲਈ ਸਾਲਾਨਾ ਕਰਜ਼ਾ ਯੋਜਨਾ ਦਾ 103% ਪ੍ਰਾਪਤ ਕੀਤਾ




**ਪਟਿਆਲਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਲਈ ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ (ਡੀਐਲਆਰਸੀ) ਦੀ ਮੀਟਿੰਗ ਲੀਡ ਬੈਂਕ ਦਫ਼ਤਰ, ਪਟਿਆਲਾ ਦੁਆਰਾ ਸ਼੍ਰੀ ਦਮਨਜੀਤ ਸਿੰਘ ਮਾਨ, ਵਧੀਕ ਡਿਪਟੀ ਕਮਿਸ਼ਨਰ (ਏਡੀਸੀ), ਪੇਂਡੂ ਵਿਕਾਸ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਬੈਂਕਾਂ, ਸਰਕਾਰੀ ਵਿਭਾਗਾਂ ਦੇ ਪ੍ਰਤੀਨਿਧੀਆਂ ਅਤੇ ਜ਼ਿਲ੍ਹੇ ਵਿੱਚ ਬੈਂਕਿੰਗ ਅਤੇ ਵਿਕਾਸ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿੱਚ ਸ਼ਾਮਲ ਹੋਰ ਹਿੱਸੇਦਾਰਾਂ ਨੇ ਸ਼ਿਰਕਤ ਕੀਤੀ।

ਮੀਟਿੰਗ ਦੌਰਾਨ, ਇਹ ਉਜਾਗਰ ਕੀਤਾ ਗਿਆ ਕਿ ਪਟਿਆਲਾ ਜ਼ਿਲ੍ਹੇ ਨੇ ਵਿੱਤੀ ਸਾਲ 2025-26 ਲਈ ਆਪਣੇ ਸਾਲਾਨਾ ਕਰਜ਼ਾ ਯੋਜਨਾ (ਏਸੀਪੀ) ਟੀਚੇ ਦਾ 103% ਸਫਲਤਾਪੂਰਵਕ ਪ੍ਰਾਪਤ ਕੀਤਾ ਹੈ। ਇਹ ਪ੍ਰਾਪਤੀ ਖੇਤੀਬਾੜੀ, ਐਮਐਸਐਮਈ, ਸਿੱਖਿਆ ਅਤੇ ਰਿਹਾਇਸ਼ ਵਰਗੇ ਤਰਜੀਹੀ ਖੇਤਰਾਂ ਵਿੱਚ ਢੁਕਵੇਂ ਕਰਜ਼ੇ ਦੇ ਪ੍ਰਵਾਹ ਨੂੰ ਯਕੀਨੀ ਬਣਾਉਣ ਵਿੱਚ ਬੈਂਕਾਂ ਅਤੇ ਸਰਕਾਰੀ ਵਿਭਾਗਾਂ ਦੇ ਤਾਲਮੇਲ ਵਾਲੇ ਯਤਨਾਂ ਨੂੰ ਦਰਸਾਉਂਦੀ ਹੈ। ਚੇਅਰ ਦੁਆਰਾ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ, ਜਿਨ੍ਹਾਂ ਨੇ ਜ਼ਿਲ੍ਹੇ ਦੇ ਕਰਜ਼ਾ ਟੀਚਿਆਂ ਨੂੰ ਪੂਰਾ ਕਰਨ ਵਿੱਚ ਸਾਰੇ ਹਿੱਸੇਦਾਰਾਂ ਦੀ ਸਮੂਹਿਕ ਵਚਨਬੱਧਤਾ ਅਤੇ ਟੀਮ ਵਰਕ ਨੂੰ ਸਵੀਕਾਰ ਕੀਤਾ।

ਲੀਡ ਜ਼ਿਲ੍ਹਾ ਮੈਨੇਜਰ ਸ੍ਰੀ ਸੰਜੀਵ ਅਗਰਵਾਲ ਨੇ ਮੀਟਿੰਗ ਦਾ ਏਜੰਡਾ ਪੇਸ਼ ਕੀਤਾ ਅਤੇ ਵੱਖ-ਵੱਖ ਸਰਕਾਰੀ ਸਪਾਂਸਰਡ ਸਕੀਮਾਂ ਅਤੇ ਤਰਜੀਹੀ ਖੇਤਰ ਦੇ ਉਧਾਰ ਪ੍ਰੋਗਰਾਮਾਂ ਅਧੀਨ ਬੈਂਕਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਕਰਜ਼ੇ ਵੰਡਣ ਅਤੇ ਲਾਭਪਾਤਰੀਆਂ ਦੀ ਸਹਾਇਤਾ ਕਰਨ ਵਿੱਚ ਬੈਂਕਾਂ ਦੁਆਰਾ ਕੀਤੀ ਗਈ ਪ੍ਰਗਤੀ ਬਾਰੇ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ।

ਸ਼੍ਰੀਮਤੀ ਪ੍ਰਾਚੀ ਸਿੰਘ, ਲੀਡ ਜ਼ਿਲ੍ਹਾ ਅਧਿਕਾਰੀ (ਐਲਡੀਓ), ਭਾਰਤੀ ਰਿਜ਼ਰਵ ਬੈਂਕ, ਅਤੇ ਸ਼੍ਰੀਮਤੀ ਪਰਵਿੰਦਰ ਨਾਗਰਾ, ਜ਼ਿਲ੍ਹਾ ਵਿਕਾਸ ਮੈਨੇਜਰ (ਡੀਡੀਐਮ), ਨਾਬਾਰਡ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ। ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਵਿੱਤੀ ਸਮਾਵੇਸ਼ ਨੂੰ ਮਜ਼ਬੂਤ ਕਰਨ ਅਤੇ ਬੈਂਕਿੰਗ ਸੇਵਾਵਾਂ ਤੱਕ ਪਹੁੰਚ ਵਧਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸ਼੍ਰੀ ਮਾਨ ਨੇ ਬੈਂਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਲੰਬਿਤ ਕਰਜ਼ੇ ਦੀਆਂ ਅਰਜ਼ੀਆਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕਰਨ ਦੀ ਸਲਾਹ ਦਿੱਤੀ ਤਾਂ ਜੋ ਯੋਗ ਲਾਭਪਾਤਰੀਆਂ ਨੂੰ ਸਮੇਂ ਸਿਰ ਵਿੱਤੀ ਸਹਾਇਤਾ ਮਿਲ ਸਕੇ।

ਡੀਐਲਆਰਸੀ ਮੀਟਿੰਗ ਤੋਂ ਬਾਅਦ, ਜ਼ਿਲ੍ਹੇ ਵਿੱਚ ਬੈਂਕਾਂ ਦੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ ਜ਼ਿਲ੍ਹਾ ਪੱਧਰੀ ਸੁਰੱਖਿਆ ਕਮੇਟੀ (ਡੀਐਲਐਸਸੀ) ਦੀ ਮੀਟਿੰਗ ਵੀ ਕੀਤੀ ਗਈ। ਐਸਐਸਪੀ ਦਫ਼ਤਰ, ਪਟਿਆਲਾ ਤੋਂ ਇੰਸਪੈਕਟਰ ਸ੍ਰੀ ਪ੍ਰਿਤਪਾਲ ਸਿੰਘ ਨੇ ਹਿੱਸਾ ਲਿਆ ਅਤੇ ਬੈਂਕ ਸ਼ਾਖਾਵਾਂ ਅਤੇ ਏਟੀਐਮ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਉਪਾਵਾਂ 'ਤੇ ਚਰਚਾ ਕੀਤੀ। ਬੈਂਕਾਂ ਅਤੇ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਹੋਏ।

# ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਆਰੰਭ, ਭਾਈ ਮਹਾਂਵੀਰ ਸਿੰਘ ਹਜ਼ੂਰੀ ਰਾਗੀ ਨੇ ਭਰੀ ਹਾਜ਼ਰੀ




**ਲੁਧਿਆਣਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਬਾਣੀ, ਪੁਰਾਤਨ ਗੁਰਮਤਿ ਸੰਗੀਤ ਅਤੇ ਸਿੱਖੀ ਦੇ ਪ੍ਰਚਾਰ-ਪਸਾਰ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਆਰੰਭ ਹੋਇਆ ਜੋ 14 ਮਾਰਚ ਤੱਕ ਜਾਰੀ ਰਹੇਗਾ। ਇਸ ਦੌਰਾਨ ਸਵੇਰੇ ਤੋਂ ਸ਼ਾਮ ਤੱਕ ਗੁਰਬਾਣੀ ਨਿੱਤਨੇਮ, ਸੁਖਮਨੀ ਸਾਹਿਬ ਦੇ ਪਾਠ ਅਤੇ ਨਾਮ ਸਿਮਰਨ ਹੋਵੇਗਾ, ਜਦਕਿ ਸ਼ਾਮ 7:30 ਤੋਂ 9 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਕੀਰਤਨੀ ਜਥੇ ਹਾਜ਼ਰੀ ਭਰਨਗੇ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਨੇ ਕਿਹਾ ਕਿ ਜੋ ਮਨੁੱਖ ਅਕਾਲ ਪੁਰਖ ਦੇ ਨਾਮ ਨਾਲ ਜੁੜਦਾ ਹੈ ਉਹ ਕਦੇ ਵੀ ਕੂੜ ਦੇ ਰਸਤੇ 'ਤੇ ਨਹੀਂ ਪੈਂਦਾ। ਉਨ੍ਹਾਂ ਕਿਹਾ ਕਿ ਭਗਤੀ, ਪਿਆਰ, ਸੇਵਾ, ਪਰਉਪਕਾਰ, ਸੰਤੋਖ ਅਤੇ ਸੱਚਾਈ ਧਰਮ ਦੇ ਮੂਲ ਆਧਾਰ ਹਨ ਅਤੇ ਮਨੁੱਖ ਨੂੰ ਫੋਕਟ ਕਰਮਕਾਂਡਾਂ ਦੀ ਬਜਾਏ ਸੱਚਾਈ ਤੇ ਨੇਕ ਕਰਮਾਂ ਵਾਲਾ ਜੀਵਨ ਅਪਣਾਉਣਾ ਚਾਹੀਦਾ ਹੈ। ਸਮਾਗਮ ਦੇ ਅੰਤ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਭਾਈ ਮਹਾਂਵੀਰ ਸਿੰਘ ਹਜ਼ੂਰੀ ਰਾਗੀ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ

**ਮਲੇਰਕੋਟਲਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਜ਼ਿਲ੍ਹੇ ਵਿੱਚ ਵੱਖ-ਵੱਖ ਸਰਕਾਰੀ ਯੋਜਨਾਵਾਂ ਤਹਿਤ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਜ਼ਿਲੇ ਵਿੱਚ ਚੱਲ ਰਹੇ ਵਿਕਾਸ ਕਾਰਜ ਨਿਰਧਾਰਿਤ ਸਮੇਂ ਅੰਦਰ ਪੂਰੇ ਕੀਤੇ ਜਾਣ। ਉਨ੍ਹਾਂ ਹਦਾਇਤ ਕੀਤੀ ਕਿ ਜਿਨ੍ਹਾਂ ਪ੍ਰੋਜੈਕਟਾਂ ਦਾ ਕੰਮ ਪੂਰਾ ਹੋ ਚੁੱਕਾ ਹੈ, ਉਨ੍ਹਾਂ ਦੇ ਵਰਤੋਂ ਸਰਟੀਫਿਕੇਟ ਤੁਰੰਤ ਤਿਆਰ ਕਰਕੇ ਸੰਬੰਧਿਤ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਜਾਣ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਐਮ.ਪੀ.ਲੈਂਡ ਸਕੀਮਾਂ ਹੇਠ ਵੱਖ-ਵੱਖ ਵਿਭਾਗਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਗਰਾਂਟਾਂ ਅਤੇ ਉਨ੍ਹਾਂ ਦੇ ਤਹਿਤ ਚੱਲ ਰਹੇ ਕੰਮਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਹਰੇਕ ਯੋਗ ਨਾਗਰਿਕ ਤੱਕ ਪਹੁੰਚਾਉਣਾ ਸਾਰੇ ਵਿਭਾਗਾਂ ਦੀ ਸਾਂਝੀ ਜ਼ਿੰਮੇਵਾਰੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਿਕਾਸ ਕਾਰਜਾਂ ਦੀ ਯੋਜਨਾ ਬਣਾਉਂਦੇ ਸਮੇਂ ਲੋਕ ਹਿਤ ਨੂੰ ਪ੍ਰਮੁੱਖਤਾ ਦਿੱਤੀ ਜਾਵੇ ਅਤੇ ਕੰਮਾਂ ਦੀ ਗੁਣਵੱਤਾ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਪ੍ਰੋਜੈਕਟ ਵਿੱਚ ਬੇਵਜ੍ਹਾ ਦੇਰੀ ਜਾਂ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੰਬੰਧਿਤ ਅਧਿਕਾਰੀ ਸਰਕਾਰ ਵੱਲੋਂ ਜਾਰੀ ਕੀਤੀ ਗਈ ਰਕਮ ਦੀ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਨਿੱਜੀ ਤੌਰ 'ਤੇ ਚੱਲ ਰਹੇ ਕੰਮਾਂ ਦਾ ਨਿਰੀਖਣ ਕਰਨ ਅਤੇ ਮੁਕੰਮਲ ਹੋ ਚੁੱਕੇ ਵਿਕਾਸ ਕਾਰਜਾਂ ਦੇ ਵਰਤੋਂ ਸਰਟੀਫਿਕੇਟ ਤੁਰੰਤ ਜਮ੍ਹਾਂ ਕਰਵਾਉਣ ਨੂੰ ਯਕੀਨੀ ਬਣਾਉਣ।

# ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੰਜਾਬੀ ਟਾਈਪ, ਸ਼ਾਰਟਹੈਂਡ, ਤੇਜ਼ਗਤੀ ਦੀ ਪ੍ਰੀਖਿਆ ਸਬੰਧੀ ਮਿਤੀ ਦਾ ਐਲਾਨ

**ਪਟਿਆਲਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵੱਲੋਂ ਪੰਜਾਬੀ ਟਾਈਪ, ਸ਼ਾਰਟਹੈਂਡ, ਤੇਜ਼ਗਤੀ ਦੀ ਪ੍ਰਾਈਵੇਟ ਪ੍ਰੀਖਿਆ ਮਿਤੀ 25 ਅਪ੍ਰੈਲ, 2026 ਨੂੰ ਕਰਵਾਈ ਜਾਵੇਗੀ। ਜਾਣਕਾਰੀ ਦਿੰਦਿਆਂ ਡਾ. ਮਨਜਿੰਦਰ ਸਿੰਘ, ਖੋਜ ਅਫ਼ਸਰ, ਪਟਿਆਲਾ ਨੇ ਕਿਹਾ ਕਿ ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ ਵਿਖੇ ਸਥਿਤ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵਿਖੇ ਕਰਵਾਈ ਜਾਣ ਵਾਲੀ ਪ੍ਰੀਖਿਆ ਸਬੰਧੀ ਪ੍ਰੀਖਿਆ ਫਾਰਮ 1 ਮਾਰਚ, 2026 ਤੋਂ ਸਵੇਰੇ 9.30 ਤੋਂ 5.00 ਵਜੇ ਤੱਕ ਪ੍ਰਾਪਤ ਕੀਤੇ ਜਾ ਰਹੇ ਹਨ ਅਤੇ ਸੰਪੂਰਨ ਤੌਰ ਤੇ ਫਾਰਮ ਭਰ ਕੇ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਸ ਸਬੰਧੀ ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ 1 ਮਾਰਚ ਤੋਂ 20 ਮਾਰਚ ਤੱਕ (ਬਿਨਾਂ ਲੇਟ ਫੀਸ) ਪੰਜਾਬੀ ਟਾਈਪ ਲਈ 200 ਰੁਪਏ ਅਤੇ ਪੰਜਾਬੀ ਸ਼ਾਰਟਹੈਂਡ/ਤੇਜ਼ਗਤੀ ਲਈ 300 ਰੁਪਏ ਫੀਸ ਭਰ ਕੇ ਫਾਰਮ ਭਰਿਆ ਜਾ ਸਕਦਾ ਹੈ, 21 ਮਾਰਚ ਤੋਂ 31 ਮਾਰਚ ਤੱਕ (50 ਰੁਪਏ ਲੇਟ ਫੀਸ ਨਾਲ) ਪੰਜਾਬੀ ਟਾਈਪ ਲਈ 250 ਰੁਪਏ ਅਤੇ ਪੰਜਾਬੀ ਸ਼ਾਰਟਹੈਂਡ/ਤੇਜ਼ਗਤੀ ਲਈ 350 ਰੁਪਏ ਫੀਸ ਭਰ ਕੇ ਫਾਰਮ ਭਰਿਆ ਜਾ ਸਕਦਾ ਹੈ ਅਤੇ 01 ਅਪ੍ਰੈਲ ਤੋਂ 10 ਅਪ੍ਰੈਲ ਤੱਕ (100 ਰੁਪਏ ਲੇਟ ਫੀਸ ਨਾਲ) ਪੰਜਾਬੀ ਟਾਈਪ ਲਈ 300 ਰੁਪਏ ਅਤੇ ਪੰਜਾਬੀ ਸ਼ਾਰਟਹੈਂਡ/ਤੇਜ਼ਗਤੀ ਲਈ 400 ਰੁਪਏ ਫੀਸ ਭਰ ਕੇ ਫਾਰਮ ਭਰਿਆ ਜਾ ਸਕਦਾ ਹੈ। ਇਸ ਤੋਂ ਬਾਅਦ ਕੋਈ ਵੀ ਬੇਨਤੀ ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ। ਸਹੀ ਸਮੇਂ ਤੇ ਫੀਸ ਭਰਨ ਵਾਲੇ ਵਿਦਿਆਰਥੀਆਂ ਦੀ ਪ੍ਰੀਖਿਆ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵਿਖੇ ਮਿਤੀ 25 ਅਪ੍ਰੈਲ, 2026 ਨੂੰ ਕਰਵਾਈ ਜਾਵੇਗੀ।

# ਹੈਲਥ ਅਵੇਅਰਨੈਸ ਸੁਸਾਇਟੀ ਨੇ ਬਾਰਾਦਰੀ ਗਾਰਡਨਜ਼ ਵਿਖੇ ਇਸਤਰੀ ਦਿਵਸ ਮਨਾਇਆ



**ਪਟਿਆਲਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹੈਲਥ ਅਵੇਅਰਨੈਸ ਸੁਸਾਇਟੀ ਬਾਰਾਦਰੀ ਗਾਰਡਨਜ਼ ਰਜਿ: ਅਤੇ ਯੋਗਾ ਪਰਿਵਾਰ ਗਰੁੱਪ ਵੱਲੋਂ ਅੰਤਰ ਰਾਸ਼ਟਰੀ ਇਸਤਰੀ ਦਿਵਸ ਸ੍ਰ. ਜ਼ਸਵੰਤ ਸਿੰਘ ਕੌਲੀ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਸਮਾਗਮ ਦੀ ਮੁੱਖ ਮਹਿਮਾਨ ਡਾ. ਕਰਾਂਤੀ ਗਰਗ ਪ੍ਰੋਫੈਸਰ ਟੀ.ਬੀ. ਹਸਪਤਾਲ ਸਨ। ਇਸ ਸਮਾਗਮ ਵਿੱਚ 19 ਔਰਤਾਂ ਨੂੰ ਬਾਰਾਦਰੀ ਗਾਰਡਨਜ਼ ਦੇ ਵੱਖ—ਵੱਖ 24 ਗਰੁਪਾਂ ਚੋਂ ਚੋਣ ਕੀਤੀ ਗਈਅਤੇ ਸਨਮਾਨਿਤ ਕੀਤਾ ਗਿਆ। ਹਰ ਔਰਤ ਨੂੰ ਫੁੱਲਾਂ ਦਾ ਹਾਰ, ਸ਼ਾਲ ਅਤੇ ਯਾਦਗਾਰੀ ਚਿੰਨ ਨਾਲ ਨਿਵਾਜਿਆ ਗਿਆ।

ਮੁੱਖ ਮਹਿਮਾਨ ਨੇ ਰਾਸ਼ਟਰ ਨਿਰਮਾਣ ਹਿੱਤ ਹਰ ਔਰਤ ਨੂੰ ਸਮਾਜ ਪ੍ਰਤੀ ਸੇਵਾ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਕਿਹਾ ਕਿ ਮਹਿਲਾ ਸ਼ਕਤੀ ਅਤੇ ਸਮਾਜ ਪ੍ਰਤੀ ਯੋਗਦਾਨ ਹੀ ਰਾਸ਼ਟਰ ਸ਼ਕਤੀ ਹੈ। ਸਨਮਾਨਿਤ ਔਰਤਾਂ ਵਿੱਚ ਡਾ. ਕਰਾਂਤੀ ਗਰਗ, ਹਰਜੀਤ ਕੌਰ ਰੰਜੀ, ਇੰਦਰਜੀਤ ਕੌਰ, ਜ਼ਸਵਿੰਦਰ ਕੌਰ, ਸੋਨੀਆ ਵਰਮਾ, ਹਰਪ੍ਰੀਤ ਕੌਰ ਅੱਜੀ, ਨਰਾਇਣ ਬਾਲਾ, ਸੁਮਨ, ਮਿਸਿਜ਼ ਉਬਰਾਏ, ਰਾਜ ਕੌਰ, ਮਮਤਾ ਮਲਹੋਤਰਾ, ਸਿੰਮੀ ਭਾਟੀਆ, ਰਾਧਾ ਰਾਨੀ, ਦਰਸ਼ਨਾ ਗੋਗੀਆ, ਜਗਜੀਤ ਕੌਰ, ਗਗਨਦੀਪ ਕੌਰ, ਆਸ਼ੂ ਬਾਂਸਲ, ਮਿਸਿਜ਼ ਪੂਰਨ ਸਵਾਮੀ, ਆਦਿ ਹਾਜਰ ਸਨ।

ਇਸ ਸਮਾਗਮ ਵਿੱਚ ਡਾ. ਹਰਿੰਦਰਪਾਲ ਸਿੰਘ ਅਸਿਸਟੈਂਟ ਡਾਇਰੈਕਟਰ ਬਾਗਬਾਨੀ ਵਿਭਾਗ, ਸ੍ਰੀ ਵਿਨੋਦ ਸ਼ਰਮਾ ਜਨਰਲ ਸਕੱਤਰ ਜਨਹਿੱਤ, ਐਡਵੋਕੇਟ ਤਾਰਾ ਸਿੰਘ ਭਮਰਾ, ਡਾ. ਜੀ.ਐਸ. ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਐਸ., ਸ੍ਰ. ਐਮ.ਐਸ. ਜੱਗੀ ਕਵੀ, ਉਪਕਾਰ ਸਿੰਘ ਡੀ.ਈ.ਓ. ਰਿਟਾਇਰਡ, ਵਿਸ਼ੇਸ਼ ਮਹਿਮਾਨ ਤੌਰ ਤੇ ਹਾਜਰ ਹੋਏ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਐਡਵੋਕੇਟ ਤਾਰਾ ਸਿੰਘ ਭਮਰਾ ਦਾ ਪੂਰਾ ਯੋਗਦਾਨ ਰਿਹਾ।

ਉਪਰੰਤ ਕਚੋਰੀਆਂ, ਛੋਲੇ, ਮਿਠਾਈ, ਕੌਫੀ ਆਦਿ ਦਾ ਸੇਵਨ ਕੀਤਾ ਗਿਆ।

# ਪ੍ਰਵਾਸੀ ਮਜ਼ਦੂਰ ਵੱਲੋਂ ਫਾਹਾ ਲੈ ਕੇ ਖੁਦਕਸ਼ੀ

**ਸਮਾਣਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਸਬ-ਡਵੀਜ਼ਨ ਦੇ ਅਧੀਨ ਪੈਂਦੇ ਪਿੰਡ ਹਰਿਆਊ ਖੁਰਦ ਦੇ ਇੱਕ ਖੇਤ ਵਿੱਚ ਕੰਮ ਕਰਦੇ ਪ੍ਰਵਾਸੀ ਮਜ਼ਦੂਰ ਵੱਲੋਂ ਫਾਹਾ ਲੈ ਕੇ ਖੁਦਕਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸੂਚਨਾ ਮਿਲਣ 'ਤੇ ਪਹੁੰਚੀ ਪੁਲਿਸ ਨੇ ਘਟਨਾ ਸਥਾਨ ਦਾ ਜਾਇਜ਼ਾ ਲਿਆ ਅਤੇ ਮ੍ਰਿਤਕ ਦੀ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਪਾਤੜਾਂ ਪੁਲਿਸ ਦੇ ਏ.ਐੱਸ.ਆਈ. ਤੇਜਾ ਸਿੰਘ ਨੇ ਦੱਸਿਆ ਕਿ ਮ੍ਰਿਤਕ ਰਵੀ ਸ਼ੰਕਰ (33), ਨਿਵਾਸੀ ਪਿੰਡ ਦੇਵਰੀਆ (ਜ਼ਿਲਾ ਸੀਤਾਪੁਰ, ਉੱਤਰ ਪ੍ਰਦੇਸ਼) ਦੇ ਭਰਾ ਉਮਾਸ਼ੰਕਰ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ,ਉਸ ਦਾ ਭਰਾ ਪਿਛਲੇ 9 ਮਹੀਨਿਆਂ ਤੋਂ ਪਿੰਡ ਹਰਿਆਊ ਖੁਰਦ ਦੇ ਇੱਕ ਕਿਸਾਨ ਦੇ ਖੇਤ ਵਿੱਚ ਬਤੌਰ ਮਜ਼ਦੂਰ ਕੰਮ ਕਰ ਰਿਹਾ ਸੀ ਅਤੇ ਦੋ ਦਿਨ ਪਹਿਲਾਂ ਹੀ ਆਪਣੇ ਪਿੰਡ ਤੋਂ ਵਾਪਸ ਆਇਆ ਸੀ। 7 ਮਾਰਚ ਦੀ ਸ਼ਾਮ ਨੂੰ ਉਸ ਨੇ ਖੇਤ ਵਿੱਚ ਬਣੇ ਪਸ਼ੂਆਂ ਦੇ ਸ਼ੈਡ ਵਿੱਚ ।ਰੱਸੀ ਨਾਲ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।

ਅਧਿਕਾਰੀ ਅਨੁਸਾਰ, ਦਰਜ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 194 ਤਹਿਤ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ। ਮ੍ਰਿਤਕ ਅਣਵਿਆਹਿਆ ਸੀ।

# ਰਾਸ਼ਟਰੀ ਲੋਕ ਅਦਾਲਤ 14 ਮਾਰਚ 2026 ਨੂੰ ਆਯੋਜਿਤ ਕੀਤੀ ਜਾਵੇਗੀ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਅਰੁਣ ਕੁਮਾਰ ਅਗਰਵਾਲ, ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ-ਅਤੇ-ਮੈਂਬਰ ਸਕੱਤਰ, ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ, ਯੂ.ਟੀ. ਚੰਡੀਗੜ੍ਹ ਨੇ ਅੱਜ ਸ਼੍ਰੀ ਸੁਨੀਲ ਕੁਮਾਰ, ਚੀਫ਼ ਜੁਡੀਸ਼ਲ ਮੈਜਿਸਟਰੇਟ-ਅਤੇ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਚੰਡੀਗੜ੍ਹ ਨਾਲ ਮਿਲ ਕੇ 14 ਮਾਰਚ 2026 ਨੂੰ ਆਯੋਜਿਤ ਹੋਣ ਵਾਲੀ ਆਗਾਮੀ ਰਾਸ਼ਟਰੀ ਲੋਕ ਅਦਾਲਤ ਬਾਰੇ ਇੱਕ ਮੀਡੀਆ ਬ੍ਰੀਫਿੰਗ ਕੀਤੀ। ਸ਼੍ਰੀ ਅਰੁਣ ਕੁਮਾਰ ਅਗਰਵਾਲ ਨੇ ਲੋਕ ਅਦਾਲਤਾਂ ਦੇ ਮਹੱਤਵ ਅਤੇ ਫਾਇਦਿਆਂ 'ਤੇ ਪ੍ਰਕਾਸ਼ ਪਾਉਂਦੇ ਹੋਏ ਦੱਸਿਆ ਕਿ ਲੋਕ ਅਦਾਲਤ ਵਿਵਾਦਾਂ ਦੇ ਜਲਦੀ, ਸੁਲਭ ਅਤੇ ਘੱਟ ਖਰਚ ਵਿੱਚ ਸੁਹਿਰਦ ਸਮਾਧਾਨ ਦਾ ਪ੍ਰਭਾਵੀ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਲੋਕ ਅਦਾਲਤਾਂ ਦੇ ਜ਼ਰੀਏ ਮੁਕੱਦਮੇਬਾਜ਼ ਆਪਸੀ ਸਹਿਮਤੀ ਨਾਲ ਆਪਣੇ ਕੇਸਾਂ ਦਾ ਨਿਪਟਾਰਾ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਦਾ ਕੀਮਤੀ ਸਮਾਂ ਅਤੇ ਮੁਕੱਦਮੇਬਾਜ਼ੀ 'ਤੇ ਹੋਣ ਵਾਲਾ ਖਰਚ ਦੋਵੇਂ ਬਚਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਲੋਕ ਅਦਾਲਤਾਂ ਵਿੱਚ ਪਾਸ ਕੀਤੇ ਗਏ ਫ਼ੈਸਲਿਆਂ ਦਾ ਕਾਨੂੰਨੀ ਦਰਜਾ ਸਿਵਲ ਅਦਾਲਤ ਦੇ ਫ਼ਰਮਾਨ ਦੇ ਸਮਾਨ ਹੁੰਦਾ ਹੈ ਅਤੇ ਇਹ ਅੰਤਿਮ ਅਤੇ ਦੋਹਾਂ ਧਿਰਾਂ 'ਤੇ ਬਾਇੰਡਿੰਗ ਹੁੰਦੇ ਹਨ, ਅਪੀਲ ਦੀ ਕੋਈ ਵਿਵਸਥਾ ਨਹੀਂ ਹੁੰਦੀ। ਉਨ੍ਹਾਂ ਨੇ ਅੱਗੇ ਦੱਸਿਆ ਕਿ ਲੋਕ ਅਦਾਲਤਾਂ ਵਿੱਚ ਕੇਸਾਂ ਦਾ ਨਿਪਟਾਰਾ ਕਰਨ ਦਾ ਇੱਕ ਵੱਡਾ ਫਾਇਦਾ ਇਹ ਹੈ ਕਿ ਧਿਰਾਂ ਦੁਆਰਾ ਅਦਾ ਕੀਤੀ ਗਈ ਕੋਰਟ ਫੀਸ ਨਿਯਮਾਂ ਅਨੁਸਾਰ ਵਾਪਸ ਕੀਤੀ ਜਾਂਦੀ ਹੈ। ਇਸ ਦੀ ਪ੍ਰਕਿਰਿਆ ਸਰਲ, ਗ਼ੈਰ-ਰਸਮੀ ਅਤੇ ਦੋਸਤਾਨਾ ਹੁੰਦੀ ਹੈ, ਜਿਸ ਨਾਲ ਵਿਵਾਦਾਂ ਦਾ ਸਮਾਧਾਨ ਆਪਸੀ ਸਦਭਾਵ ਬਣਾਈ ਰੱਖਦੇ ਹੋਏ ਕੀਤਾ ਜਾ ਸਕਦਾ ਹੈ। ਸ਼੍ਰੀ ਸੁਨੀਲ ਕੁਮਾਰ, ਸੀਜੇਐੱਮ-ਅਤੇ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਚੰਡੀਗੜ੍ਹ ਨੇ ਦੱਸਿਆ ਕਿ ਲੋਕ ਅਦਾਲਤ ਦੌਰਾਨ ਵੱਡੀ ਗਿਣਤੀ ਵਿੱਚ ਕੇਸ, ਜਿਨ੍ਹਾਂ ਵਿੱਚ ਅਦਾਲਤਾਂ ਵਿੱਚ ਲੰਬਿਤ ਮਾਮਲੇ ਅਤੇ ਮੁਕੱਦਮੇਬਾਜ਼ੀ ਤੋਂ ਪਹਿਲਾਂ ਦੇ ਵਿਵਾਦ ਸ਼ਾਮਲ ਹਨ, ਨੂੰ ਵਿਚਾਰਨ ਦਾ ਪ੍ਰਸਤਾਵ ਹੈ। ਇਨ੍ਹਾਂ ਵਿੱਚ ਬੈਂਕ ਰਿਕਵਰੀ, ਮੋਟਰ ਦੁਰਘਟਨਾ ਦੇ ਦਾਅਵਿਆਂ, ਵਿਵਾਹਿਕ ਵਿਵਾਦ, ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੇ ਤਹਿਤ ਚੈੱਕ ਬਾਊਂਸ ਮਾਮਲੇ, ਲੇਬਰ ਵਿਵਾਦ, ਬਿਜਲੀ ਅਤੇ ਪਾਣੀ ਦੇ ਬਿਲਾਂ ਅਤੇ ਹੋਰ ਕੰਪਾਊਂਡੇਬਲ ਮਾਮਲੇ ਸ਼ਾਮਲ ਹਨ।

# ਕਿਸਾਨ ਜਾਗ੍ਰਿਤੀ ਯਾਤਰਾ ਦੇ ਆਗੂਆਂ ਵੱਲੋਂ ਧਰਮ ਯੁੱਧ ਮੋਰਚੇ 'ਚ ਸ਼ਮੂਲੀਅਤ



**ਸਮਾਣਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੰਨਿਆ - ਕੁਮਾਰੀ ਤੋਂ ਕਸ਼ਮੀਰ ਲਈ ਕਿਸਾਨੀ 1 ਮੰਡਲ ਨੂੰ ਲੈ ਕੇ ਕਿਸਾਨ , ਆਗੂ ਜਗਜੀਤ ਸਿੰਘ - ਡੱਲੇਵਾਲ ਦੀ ਅਗਵਾਈ 1 ਹੇਠ ਸ਼ੁਰੂ ਕੀਤੀ ਕਿਸਾਨ । ਜਾਗ੍ਰਿਤੀ ਯਾਤਰਾ ਸਮਾਣਾ ਦੇ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿੱਚ ਲੱਗੇ ਧਾਰਮਿਕ ਮੋਰਚੇ - ਵਿੱਚ ਪਹੁੰਚੀ।

ਜਿੱਥੇ ਕਿਸਾਨ ਆਗੂ ਸ. ਡੱਲੇਵਾਲ ਨੇ ਧਰਮ ਯੁੱਧ ਮੋਰਚੇ ਵੱਲੋਂ ਸਮੂਹ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਨੂੰ ਰੋਕਣ ਲਈ ਸਰਕਾਰ ਵੱਲੋਂ ਸਖਤ ਕਾਨੂੰਨ ਬਣਾਉਣ ਦੀ ਕੀਤੀ ਮੰਗ ਦਾ ਸਮਰਥਨ ਕੀਤਾ ਤੇ ਕਿਹਾ ਕਿ ਸਰਕਾਰਾਂ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਖੁਦ ਬੇਅਦਬੀਆਂ ਕਰਾਉਂਦੀਆਂ ਹਨ। ਉਹਨਾਂ ਦੱਸਿਆ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਦੇਸ਼ ਦੇ ਸਾਰੇ ਕਿਸਾਨਾਂ-ਮਜ਼ਦੂਰਾਂ ਨੂੰ ਉਹਨਾਂ ਦੀਆਂ ਮੰਗਾਂ ਪ੍ਰਤੀ ਜਾਗ੍ਰਿਤੀ ਯਾਤਰਾ ਕੱਢੀ ਜਾ ਰਹੀ ਹੈ ਜੋ ਦੇਸ਼ ਦੇ ਵੱਖ-ਵੱਖ ਪੜਾਵਾਂ ਵਿੱਚੋਂ ਹੁੰਦੀ ਹੋਈ 13 ਮਾਰਚ ਨੂੰ ਕਸ਼ਮੀਰ ਵਿਖੇ ਪਹੁੰਚੇਗੀ। ਦੁਪਹਿਰ ਬਾਅਦ ਯਾਤਰਾ ਸਮਾਣਾ ਤੋਂ ਫਤਿਹਗੜ੍ਹ ਸਾਹਿਬ ਲਈ ਰਵਾਨਾ ਹੋ ਗਈ।

# ਮਿਸ਼ਨ ਪ੍ਰਗਤੀ ਤਹਿਤ ਨੌਕਰੀਆਂ ਲਈ ਤਿਆਰੀ ਕਰ ਰਹੇ ਨੌਜਵਾਨਾਂ ਲਈ ਮੁਫ਼ਤ ਫਿਜ਼ੀਕਲ ਟ੍ਰੇਨਿੰਗ ਸ਼ੁਰੂ

**ਬਠਿੰਡਾ,13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਵੱਲੋਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਤਿਆਰ ਕਰਨ ਦੇ ਉਦੇਸ਼ ਨਾਲ ਮਿਸ਼ਨ ਪ੍ਰਗਤੀ ਹੇਠ ਜ਼ਿਲ੍ਹਾ ਖੇਡ ਸਟੇਡੀਅਮ ਵਿੱਚ ਫਿਜ਼ੀਕਲ ਟ੍ਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਪ੍ਰੋਗਰਾਮ ਵਿੱਚ ਲਗਭਗ 80 ਲੜਕੇ ਤੇ ਲੜਕੀਆਂ ਹਿੱਸਾ ਲੈ ਰਹੇ ਹਨ ਅਤੇ ਉਨ੍ਹਾਂ ਨੂੰ ਇਹ ਟ੍ਰੇਨਿੰਗ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਇਹ ਪਹਿਲ ਖ਼ਾਸ ਕਰਕੇ ਉਨ੍ਹਾਂ ਉਮੀਦਵਾਰਾਂ ਦੀ ਮਦਦ ਲਈ ਹੈ ਜੋ ਪੰਜਾਬ ਪੁਲਿਸ ਸਮੇਤ ਵੱਖ-ਵੱਖ ਭਰਤੀ ਪ੍ਰੀਖਿਆਵਾਂ ਦੇ ਫਿਜ਼ੀਕਲ ਟੈਸਟਾਂ ਲਈ ਤਿਆਰੀ ਕਰ ਰਹੇ ਹਨ।

ਜ਼ਿਲ੍ਹਾ ਪ੍ਰਸ਼ਾਸਨ ਦੀ ਫਲੈਗਸ਼ਿਪ ਪਹਿਲ ਮਿਸ਼ਨ ਪ੍ਰਗਤੀ ਤਹਿਤ ਪਹਿਲਾਂ ਹੀ 5 ਜਨਵਰੀ 2026 ਤੋਂ ਜ਼ਿਲ੍ਹਾ ਲਾਇਬ੍ਰੇਰੀ ਬਠਿੰਡਾ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਮੁਫ਼ਤ ਕੋਚਿੰਗ ਦਿੱਤੀ ਜਾ ਰਹੀ ਹੈ। ਹੁਣ ਇਸ ਦੇ ਨਾਲ ਫਿਜ਼ੀਕਲ ਟ੍ਰੇਨਿੰਗ ਨੂੰ ਵੀ ਜੋੜਿਆ ਗਿਆ ਹੈ ਤਾਂ ਜੋ ਉਮੀਦਵਾਰ ਆਪਣੀ ਤਿਆਰੀ ਹੋਰ ਮਜ਼ਬੂਤ ਕਰ ਸਕਣ।

ਟ੍ਰੇਨਿੰਗ ਦੌਰਾਨ ਦੌੜ, ਸਟੈਮੀਨਾ ਵਧਾਉਣ, ਲਾਂਗ ਜੰਪ ਦੀ ਪ੍ਰੈਕਟਿਸ ਅਤੇ ਬੇਸਿਕ ਡਿਸ਼ਪਲਿਨ ਅਤੇ ਡ੍ਰਿਲ ਉੱਤੇ ਖ਼ਾਸ ਧਿਆਨ ਦਿੱਤਾ ਜਾਵੇਗਾ। ਇਸ ਲਈ ਪੰਜਾਬ ਪੁਲਿਸ ਦੇ ਟ੍ਰੇਨਰ, ਖੇਡ ਕੋਚ ਮਦਦ ਕਰ ਰਹੇ ਹਨ, ਜਦਕਿ ਸੀਪਾਈਟ ਇੰਸਟੀਚਿਊਟ ਕਾਲਝਰਾਣੀ ਦੇ ਟ੍ਰੇਨਰ ਵੀ ਸਮੇਂ-ਸਮੇਂ 'ਤੇ ਗੈਸਟ ਸੈਸ਼ਨ ਲੈਣਗੇ। ਇਸ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਡੀਆਈਜੀ ਹਰਜੀਤ ਸਿੰਘ ਅਤੇ ਐਸਐਸਪੀ ਡਾ. ਜਯੋਤੀ ਯਾਦਵ ਬੈਂਸ ਨੇ ਸਟੇਡੀਅਮ ਪਹੁੰਚ ਕੇ ਉਮੀਦਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਮਿਹਨਤ ਨਾਲ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਲਈ ਵਧੀਆ ਮੌਕੇ ਪੈਦਾ ਕਰਨ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ ਅਤੇ ਮਿਸ਼ਨ ਪ੍ਰਗਤੀ ਵਰਗੀਆਂ ਪਹਿਲਾਂ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰ ਨੌਜਵਾਨ ਨੂੰ ਸਰਕਾਰੀ ਨੌਕਰੀਆਂ ਲਈ ਤਿਆਰੀ ਕਰਨ ਲਈ ਢੁੱਕਵੇਂ ਮੌਕੇ ਅਤੇ ਸਹੂਲਤਾਂ ਮਿਲ ਸਕਣ।

ਇਸ ਪਹਿਲ ਨਾਲ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਭਰਤੀ ਪ੍ਰੀਖਿਆਵਾਂ ਵਿੱਚ ਬਿਹਤਰ ਪ੍ਰਦਰਸ਼ਨ ਕਰਨ ਵਿੱਚ ਮਦਦ ਮਿਲੇਗੀ ਅਤੇ ਉਹਨਾਂ ਦੀ ਸਰੀਰਕ ਤੰਦਰੁਸਤੀ ਵੀ ਹੋਰ ਮਜ਼ਬੂਤ ਹੋਵੇਗੀ।

# ਬਿਜਲੀ ਕਾਮਿਆਂ ਨੇ ਬਿਜਲੀ ਬਿੱਲ 2025 ਵਿਰੁੱਧ ਸਬ ਡਵੀਜ਼ਨ ਪੱਧਰ ਤੇ ਰੈਲੀਆਂ ਕਰਕੇ ਕਾਪੀਆਂ ਸਾੜੀਆਂ



**ਪਟਿਆਲਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਸੇਖੋਂ ਅਤੇ ਸਰਕਲ ਸਕੱਤਰ ਬਿਰੇਸ਼ ਕੁਮਾਰ ਨੇ ਬਿਆਨ ਰਾਹੀ ਦੱਸਿਆ ਕਿ ਨੈਸ਼ਨਲ ਕੁਆਰਡੀਨੇਸ਼ਨ ਕਮੇਟੀ ਅਤੇ ਟੈਕਨੀਕਲ ਸਰਵਿਸ ਯੂਨੀਅਨ ਪੰਜਾਬ ਦੇ ਸੱਦੇ ਤੇ ਬਿਜਲੀ ਬਿੱਲ 2025 ਜ਼ੋ ਕਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਮੋਦੀ ਸਰਕਾਰ ਸ਼ੈਸ਼ਨ ਵਿੱਚ ਪੇਸ਼ ਕਰ ਰਹੀ ਹੈ। ਉਸ ਵਿਰੁੱਧ ਸਾਰੀਆਂ ਸਬ ਡਵੀਜਨਾਂ ਵਿੱਚ ਰੈਲੀਆਂ ਕੀਤੀਆਂ ਗਈਆਂ ਅਤੇ ਕਾਪੀਆਂ ਸਾੜੀਆਂ ਗਈਆਂ। ਸਿਵਲ ਲਾਇਨ ਸਬ ਡਵੀਜਨ ਪਟਿਆਲਾ ਵਿੱਚ ਜਤਿੰਦਰ ਸਿੰਘ ਚੱਢਾ, ਵਿਜੇ ਕੁਮਾਰ ਨੇ ਅਗਵਾਈ ਕੀਤੀ, ਨੌਰਥ ਸਬ ਡਵੀਜਨ ਪਟਿਆਲਾ ਵਿੱਚ ਇੰਦਰਜੀਤ ਸਿੰਘ ਅਤੇ ਮੰਗਲ ਸਿੰਘ ਨੇ ਅਗਵਾਈ ਕੀਤੀ। ਵੈਸਟ ਸਬ ਡਵੀਜਨ ਪਟਿਆਲਾ ਵਿੱਚ ਦਰਸ਼ਨ ਕੁਮਾਰ ਅਤੇ ਦਲਬੀਰ ਸਿੰਘ ਨੇ ਅਗਵਾਈ ਕੀਤੀ। ਈਸਟ ਟੈਕ ਸਬ ਡਵੀਜਨ ਪਟਿਆਲਾ ਵਿੱਚ ਮਹੇਸ਼ ਕੁਮਾਰ ਨੇ ਅਗਵਾਈ ਕੀਤੀ। ਰੀਠਖੇੜੀ, ਬਲਬੇੜਾ, ਬਹਾਦਰਗੜ੍ਹ, ਦੇਵੀਗੜ੍ਹ, ਕੈਂਟ ਸਬ ਡਵੀਜਨ ਪਟਿਆਲਾ, ਵਿਖੇ ਪਟਿਆਲਾ ਦੇ ਬਿਜਲੀ ਕਾਮਿਆਂ ਨੇ ਨਹਿਰੂ ਪਾਰਕ ਵਿੱਚ ਮੀਟਿੰਗ ਕਰਨ ਉਪਰੰਤ ਈਸਟ ਡਵੀਜਨ ਪਟਿਆਲਾ ਅੱਗੇ ਇਕੱਠੇ ਹੋ ਕੇ ਬਿਜਲੀ ਬਿੱਲ ਸੋਧ ਦੀ ਕਾਪੀ ਸਾੜੀ।

ਇਸ ਦੀ ਅਗਵਾਈ ਹਰਜੀਤ ਸਿੰਘ ਸੇਖੋਂ, ਬਿਰੇਸ਼ ਕੁਮਾਰ, ਕਰਮਜੀਤ ਸਿੰਘ, ਵਿਜੇ ਦੇਵ, ਬਿੱਕਰ ਸਿੰਘ, ਹਰਮੀਤ ਸਿੰਘ ਨੇ ਕੀਤੀ। ਕੇਂਦਰ ਸਰਕਾਰ ਨੂੰ ਤਾੜਨਾ ਕੀਤੀ ਕਿ ਜੇਕਰ ਬਿਜਲੀ ਬਿੱਲ 2025 ਲਿਆਦਾ ਗਿਆ ਤਾਂ ਬਿਜਲੀ ਕਾਮੇ ਲੰਬਾ ਸੰਘਰਸ਼ ਉਲੀਕਣ ਲਈ ਅਤੇ ਹੜਤਾਲ ਕਰਨ ਲਈ ਮਜਬੂਰ ਹੋਣਗੇ।

# ਸਮਾਣਾ ਦਾ ਇਨਵਾਇਰਮੈਂਟ ਪਾਰਕ ਬਣਿਆ ਨਸ਼ੇੜੀਆਂ ਤੇ ਆਸ਼ਕਾਂ ਦਾ ਅੱਡਾ

**ਸਮਾਣਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਸ਼ਹਿਰ ਦਾ ਇਨਵਾਇਰਮੈਂਟ ਪਾਰਕ, ਜੋ ਲੋਕਾਂ ਨੂੰ ਸਾਫ-ਸੁਥਰਾ ਮਾਹੌਲ ਅਤੇ ਸੈਰ ਸਪਾਟੇ ਲਈ ਬਣਾਇਆ ਗਿਆ ਸੀ, ਅੱਜਕੱਲ੍ਹ ਨਸ਼ੇੜੀਆਂ ਅਤੇ ਆਸ਼ਕਾਂ ਦਾ ਅੱਡਾ ਬਣਦਾ ਜਾ ਰਿਹਾ ਹੈ। ਪਾਰਕ ਵਿੱਚ ਕੈਮਰੇ ਲਗਾਏ ਜਾਣ ਅਤੇ ਪੁਲਿਸ ਦੀ ਸਵੇਰੇ ਅਤੇ ਸ਼ਾਮ ਦੀ ਸੈਰ ਲਈ ਆਉਣ ਰੈਗੂਲਰ ਪੈਟਰੋਲਿੰਗ ਕਰਵਾਈ ਜਾਵੇ ਵਾਲੇ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਤਾਂ ਜੋ ਪਾਰਕ ਦਾ ਮਾਹੌਲ ਫਿਰ ਤੋਂ ਸੁਧਰ ਸਾਹਮਣਾ ਕਰਨਾ ਪੈ ਰਿਹਾ ਹੈ। ਸਕੇ ਅਤੇ ਲੋਕ ਬਿਨਾਂ ਡਰ ਦੇ ਇੱਥੇ ਜਾਣਕਾਰੀ ਅਨੁਸਾਰ ਪਾਰਕ ਦੇ ਕਈ ਆ ਸਕਣ। ਇਸ ਦੇ ਨਾਲ ਹੀ ਜੇਕਰ ਕੋਨਿਆਂ ਵਿੱਚ ਨੌਜਵਾਨ ਨਸ਼ਾ ਕਰਦੇ ਪਾਰਕ ਦੀ ਸਾਫ਼ ਸਫ਼ਾਈ ਦੀ ਗੱਲ ਕੀਤੀ ਨਜ਼ਰ ਆਉਂਦੇ ਹਨ ਅਤੇ ਕੁਝ ਲੋਕ ਜਾਵੇ ਤਾਂ ਪਾਰਕ ਚ ਹਰ ਪਾਸੇ ਗੰਦਗੀ ਪਾਰਕ ਨੂੰ ਗਲਤ ਕੰਮਾਂ ਲਈ ਵਰਤ ਹੀ ਗੰਦਗੀ ਫੈਲੀ ਨਜ਼ਰ ਆਉਂਦੀ ਹੈ, ਰਹੇ ਹਨ।ਇਸ ਪਾਰਕ ਵਿੱਚ ਜਿੱਥੇ ਦਿਨ ਜਿੱਥੇ ਪਾਰਕ 'ਚ ਹਰ ਪਾਸੇ ਸ਼ਰਾਬ, ਭਰ ਨਬਾਲਗ ਨੌਜਵਾਨ ਮੁੰਡੇ ਕੁੜੀਆਂ ਪਾਣੀ ਅਤੇ ਕੋਲਡ ਡਰਿੰਕ ਆਦਿ ਦੀਆਂ ਫਿਰਦੇ ਦੇਖੇ ਜਾ ਸਕਦੇ ਹਨ ਉੱਥੇ ਹੀ ਬੋਤਲਾਂ ਅਤੇ ਲਿਫ਼ਾਫ਼ੇ ਪਏ ਨਜ਼ਰ ਸ਼ਾਮ ਨੂੰ ਥਾਂ-ਥਾਂ ਤੇ ਸ਼ਰਾਬੀਆਂ ਦੀ ਵੀ ਆਉਂਦੇ ਹਨ ਉੱਥੇ ਹੀ ਪਾਰਕਾਂ ਘਾਹ ਮਹਿਫ਼ਲ ਲੱਗਦੀ ਹੈ। ਇਸ ਕਾਰਨ ਆਮ ਬੂਟੀ, ਟੁੱਟੇ ਹੋਏ ਡਸਟਵੀਨ, ਦਰੱਖਤਾਂ ਲੋਕਾਂ ਨੂੰ ਇੱਥੇ ਆਉਣਾ ਅਸੁਰੱਖਿਅਤ ਦੇ ਪੱਤੇ ਤੇ ਕੁੱਤਿਆਂ ਦਾ ਗੰਦ ਵੀ ਆਮ ਮਹਿਸੂਸ ਹੋ ਰਿਹਾ ਹੈ। ਲੋਕਾਂ ਨੇ ਪ੍ਰਸ਼ਾਸਨ ਦੇਖਣ ਨੂੰ ਮਿਲਦਾ ਹੈ।

ਦੱਸ ਦਈਏ ਕਿ ਅਤੇ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਜੇ ਸਮੇਂ-ਸਿਰ ਕਾਰਵਾਈ ਨਾ ਕੀਤੀ ਕਿ ਪਾਰਕ ਵਿੱਚ ਸੁਰੱਖਿਆ ਦੇ ਪੱਕੇ ਗਈ ਤਾਂ ਇਹ ਪਾਰਕ ਪੂਰੀ ਤਰ੍ਹਾਂ ਗਲਤ ਇੰਤਜ਼ਾਮ ਕੀਤੇ ਜਾਣ, ਸੀਸੀਟੀਵੀ ਤੱਤਾਂ ਦੇ ਕਬਜ਼ੇ ਵਿੱਚ ਚਲਾ ਜਾਵੇਗਾ।

# ਅੱਜ ਦੀ ਔਰਤ ਨੇ ਬੁਲੰਦੀ ਦੇ ਹਰ ਖੇਤਰ ਨੂੰ ਛੋਹਿਆ: ਡਾ. ਵਰਿੰਦਰ ਗਰਗ



**ਪਟਿਆਲਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਰਜਿ: ਪਟਿਆਲਾ ਵੱਲੋਂ ਸੁਸਾਇਟੀ ਦੇ ਪ੍ਰਧਾਨ ਸ੍ਰ. ਉਪਕਾਰ ਸਿੰਘ ਦੀ ਅਗਵਾਈ ਵਿੱਚ ਮੁਸਾਫਿਰ ਸੈਂਟਰਲ ਸਟੇਟ ਪਬਲਿਕ ਲਾਇਬ੍ਰੇਰੀ ਪਟਿਆਲਾ ਵਿਖੇ ਕਰਵਾਏ ਗਏ ਅੰਤਰ ਰਾਸ਼ਟਰੀ ਇਸਤਰੀ ਦਿਵਸ ਸਮਾਗਮ ਸਮਾਰੋਹ ਵਿੱਚ ਵੱਖ—ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੀਆਂ 31 ਔਰਤ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਡਾ. ਵਰਿੰਦਰ ਗਰਗ, ਐਮ.ਡੀ. ਰੈਡੀਅਲੋਜੀ, ਓ.ਐਸ.ਡੀ. ਟੂ ਪ੍ਰੈਜੀਡੈਂਟ ਪੀ.ਜੀ.ਆਈ. ਚੰਡੀਗੜ੍ਹ ਵਲੋਂ ਬਤੌਰ ਮੁੱਖ ਮਹਿਮਾਨ ਸ਼ਮੂਲੀਅਤ ਕੀਤੀ ਗਈ ਤਾਂ ਸਾਇਨਾ ਕਪੂਰ ਜਿਲ੍ਹਾ ਬਲਾਕ ਸੁਰੱਖਿਆ ਅਫਸਰ ਪਟਿਆਲਾ ਵੱਲੋਂ ਸਮਾਗਮ ਦੀ ਪ੍ਰਧਾਨਗੀ ਕੀਤੀ ਗਈ। ਸ਼੍ਰੀਮਤੀ ਰੰਜੀਤਾ ਪੰਨੂ ਅਤੇ ਡਾ. ਸਿਲਕੀ ਗਰਗ ਵਲੋਂ ਬਤੌਰ ਵਿਸ਼ੇਸ਼ ਮਹਿਮਾਨ ਹਾਜਰੀ ਲਗਵਾਈ ਗਈ।

ਸ੍ਰੀ ਕੁੰਦਨ ਗੋਗੀਆ, ਮੇਅਰ ਪਟਿਆਲਾ ਵਲੋਂ ਬਤੌਰ ਗੈਸਟ ਆਫ ਆਨਰ ਸ਼ਮੂਲੀਅਤ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਤੇ ਡਾ. ਹਰਨੇਕ ਸਿੰਘ ਢੋਟ, ਸਾਬਕਾ ਸਹਾਇਕ ਡਾਇਰੈਕਟਰ (ਰਜਿ:) ਭਾਸ਼ਾ ਵਿਭਾਗ, ਪੰਜਾਬ ਵੱਲੋਂ ਆਏ ਮਹਿਮਾਨਾਂ ਅਤੇ ਪ੍ਰਧਾਨਗੀ ਮੰਡਲ ਨੂੰ ਜੀ ਆਇਆ ਕਿਹਾ ਗਿਆ।

ਉਸ ਉਪਰੰਤ ਸ੍ਰ. ਉਪਕਾਰ ਸਿੰਘ ਨੇ ਸੁਸਾਇਟੀ ਦੇ ਕੰਮਾਂ ਬਾਰੇ ਚਾਨਣਾ ਪਾਇਆ ਗਿਆ। ਪ੍ਰਸਿੱਧ ਕਵੀ ਸ੍ਰ. ਬਰਿੰਦਰ ਠਾਕੁਰ ਅਤੇ ਸ਼ਤੀਸ਼ ਵਿਦਰੋਹੀ ਨੇ ਆਪਣੀਆਂ ਮਜਾਹੀਆਂ ਕਵਿਤਾਵਾਂ ਦੀ ਪੇਸ਼ਕਾਰੀ ਨਾਲ ਸਰੋਤਿਆਂ ਦਾ ਮਨੋਰੰਜਨ ਕੀਤਾ। ਸਨਮਾਨਤ ਕੀਤੀਆਂ ਗਈਆਂ ਸ਼ਖਸ਼ੀਅਤਾਂ ਵਿੱਚ ਸ਼ਾਮਲ ਸਨ ਸ਼੍ਰੀਮਤੀ ਅਮ੍ਰਿਤ ਕੌਰ (ਸਮਾਜ ਸੇਵਿਕਾ), ਜ਼ਗਦੀਪ ਕੌਰ (ਮੋਦੀ ਕਾਲਜ), ਬਿੱਟੂ ਧੀਮਾਨ (ਪੱਤਰਕਾਰ), ਸਪਨਾ ਠਾਕੁਰ ਅਧਿਆਪਕ, ਸੈਫਾਲੀ ਗੋਇਲ (ਸਪੈਸ਼ਲ ਐਜੂਕੇਟਰ), ਕੁਲਜੀਤ ਕੌਰ (ਲੇਖਿਕਾ), ਰਿਤਿਕਾ ਮਿਸ਼ਰਾ (ਪ੍ਰੋਫੈਸਰ), ਕਮਲਜੀਤ ਕੌਰ (ਹਿੰਦੀ ਅਧਿਆਪਕਾ), ਦੀਪਤੀ ਸਿੰਗਲਾ ਪ੍ਰੋਫੈਸਰ, ਗੁਰਪ੍ਰੀਤ ਕੌਰ ਅਧਿਆਪਕ, ਨਵਨੀਤ ਕੌਰ (ਅਧਿਆਪਿਕਾ), ਨੀਰੂ ਬਾਲਾ ਹੈਡ ਮਿਸਟ੍ਰੈਸ, ਬਲਜੀਤ ਸ਼ਰਮਾ (ਪੰਜਾਬੀ ਲੈਕਚਰਾਰ), ਪਾਹੁਲ ਸ਼ਰਮਾ (ਸਮਾਜ ਸੇਵੀ) ਡਿੰਪਲ ਗਰਗ (ਭਵਿੱਖ ਵਿਗਿਆਨ) ਸੰਗੀਤਾ (ਸਾਇੰਸ ਮਿਸਟ੍ਰੈਸ), ਨੰਦਿਤਾ (ਪ੍ਰੋਫੈਸਰ), ਅਮਨਪ੍ਰੀਤ ਕੌਰ (ਐਨ.ਸੀ.ਸੀ.), ਅੰਜਲੀ ਜਿੰਦਲ (ਉੱਦਮੀ), ਨੇਹਾ ਗਰੋਵਰ (ਸਪੈਸ਼ਲ ਐਜੂਕੇਟਰ), ਮਨਦੀਪ ਕੌਰ ਗਰੇਵਾਲ (ਸਮਾਜ ਸੇਵਿਕਾ), ਭਾਵਨਾ ਸ਼ਰਮਾ (ਅਧਿਆਪਕਾ), ਡਾ. ਕਰਾਂਤੀ ਗਰਗ (ਡਾਕਟਰ), ਸੁਚੇਤਾ ਜ਼ੋਸ਼ੀ (ਏ.ਪੀ.ਆਰ.ਓ.), ਰਮਨਦੀਪ ਕੌਰ ਅਧਿਆਪਕਾ, ਗੁਰਵਿੰਦਰ ਕੌਰ ਗਾਇਕਾ, ਡਾ. ਮੋਨਿਕਾ ਪ੍ਰੋਫੈਸਰ। ਸਨਮਾਨ ਦੀ ਰਸਮ ਤੋਂ ਬਾਅਦ ਮੁੱਖ ਮਹਿਮਾਨ ਡਾ. ਵਰਿੰਦਰ ਗਰਗ ਨੇ ਆਪਣੇ ਭਾਸ਼ਣ ਵਿੱਚ ਬੋਲਦਿਆਂ ਸੁਸਾਇਟੀ ਦੇ ਕੰਮਾਂ ਦੀ ਸਲਾਘਾ ਕੀਤੀ ਅਤੇ ਉਹਨਾਂ ਕਿਹਾ ਕਿ ਔਰਤਾਂ ਨੇ ਅੱਜ ਹਰ ਖੇਤਰ ਵਿੱਚ ਬੁਲੰਦੀਆਂ ਨੂੰ ਛੋਹਿਆ ਹੈ। ਡਾ. ਸਾਇਨਾ ਕਪੂਰ, ਡਾ. ਸਿਲਪੀ ਗਰਗ ਅਤੇ ਸ੍ਰੀ ਕੁੰਦਨ ਗੋਗੀਆ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਪ੍ਰਸਿੱਧ ਸਮਾਜ ਸੇਵੀ ਸੁਮਨ ਬੱਤਰਾ ਨੇ ਵੀ ਆਪਣੇ ਵਿਚਰ ਪੇਸ਼ ਕੀਤੇ। ਸ਼੍ਰੀਮਤੀ ਕਿਰਨ ਕੌਰ ਭੱਟੀ ਨੇ ਸਟੇਜ਼ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ। ਸਨਮਾਨ ਦੀ ਰਸਮ ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲੀ ਵਲੋਂ ਨਿਭਾਈ ਗਈ। ਸਾਈਟੇਸ਼ਨਾਂ ਪੜਨ ਦੀ ਜਿੰਮੇਵਾਰੀ ਪ੍ਰਸਿੱਧ ਕਵਿਤਰੀ ਆਸ਼ਾ ਸ਼ਰਮਾ, ਜੁਗਰੀਤ ਕੌਰ ਢੋਟ ਅਤੇ ਡਾ. ਰਸਮੀ ਕੋਹਲੀ ਵਲੋਂ ਨਿਭਾਈ ਗਈ। ਸ੍ਰ. ਚਰਨਪਾਲ ਸਿੰਘ, ਗੁਰਿੰਦਰ ਸੰਧੂ, ਬਲਵਿੰਦਰ ਕੌਰ, ਮੋਹਨ ਖੰਨਾ, ਰਾਜ ਕੁਮਾਰ ਪਿੰਟੂ ਨੇ ਸਮੁੱਚਾ ਪ੍ਰਬੰਧ ਕੀਤਾ। ਇਸ ਮੌਕੇ ਤੇ ਸਤਿੰਦਰ ਸਿੰਘ ਨੰਦਾ ਰਿਟਾਇਰਡ ਡਿਪਟੀ ਡਾਇਰੈਕਟਰ, ਭਗਵਾਨ ਦਾਸ ਗੁਪਤਾ (ਸਮਾਜ ਸੇਵਕ), ਸਤੀਸ਼ ਕੁਮਾਰ ਪ੍ਰਿੰਸੀਪਲ, ਸ੍ਰੀ ਬਲਰਾਜ ਉਬਰਾਏ ਪ੍ਰਸਿੱਧ ਸਮਾਜ ਸੇਵਕ, ਸ੍ਰ. ਰਾਜਬੰਸ ਸਿੰਘ, ਪਰਮਿੰਦਰ ਭਲਵਾਨ ਅਤੇ ਜਸਵਿੰਦਰ ਗਰੇਵਾਲ, ਜ਼ੋਰਾ ਸਿੰਘ ਪ੍ਰਸਿੱਧ ਨਾਟਕਕਾਰ, ਮੈਡਮ ਰਾਣਾ ਸਿੱਧੂ, ਮੁਰਾਰੀ ਲਾਲ ਸ਼ਰਮਾ ਪ੍ਰਸਿੱਧ ਸਮਾਜ ਸੇਵੀ, ਜ਼ਸਵੰਤ ਸਿੰਘ ਕੌਲੀ ਵਲੋਂ ਵਿਸ਼ੇਸ਼ ਰੂਪ ਵਿੱਚ ਸ਼ਮੂਲੀਅਤ ਕੀਤੀ ਗਈ। ਅਖੀਰ ਵਿੱਚ ਮਨਜੀਤ ਕੌਰ ਨੇ ਆਏ ਮਹਿਮਾਨਾਂ ਦਾ ਸੁਸਾਇਟੀ ਵਲੋਂ ਧੰਨਵਾਦ ਕੀਤਾ ਗਿਆ।

# ਇਰਾਨ ਵੱਲੋਂ ਜਹਾਜ਼ਾਂ ’ਤੇ ਹਮਲਿਆਂ ਕਾਰਨ ਸਪਲਾਈ ਚਿੰਤਾਵਾਂ ਵਧੀਆਂ; ਕੱਚਾ ਤੇਲ 100 ਡਾਲਰ ਪ੍ਰਤੀ ਬੈਰਲ ਤੋਂ ਪਾਰ

## ਤੇਲ ਦੀ ਘਾਟ ਪੂਰੀ ਕਰਨ ਲਈ ਦੇਸ਼ਾਂ ਨੇ ਸੁਰੱਖਿਅਤ ਭੰਡਾਰਾਂ ਦਾ ਲਿਆ ਸਹਾਰਾ

**ਬੈਂਕਾਕ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਤਰਰਾਸ਼ਟਰੀ ਮਿਆਰ ਅਨੁਸਾਰ ਬ੍ਰੈਂਟ ਕਰੂਡ ਤੇਲ ਦੀ ਕੀਮਤ ਵੀਰਵਾਰ ਤੜਕੇ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਪਹੁੰਚ ਗਈ, ਜੋ ਕਿ ਕੁਝ ਦਿਨ ਪਹਿਲਾਂ ਹੀ 120 ਡਾਲਰ ਦੇ ਨੇੜੇ ਪਹੁੰਚੀ ਸੀ। ਹੋਰਮੁਜ਼ ਦੇ ਜਲਡਮਰੂ (Strait of Hormuz) ਦੇ ਆਲੇ-ਦੁਆਲੇ ਵਪਾਰਕ ਜਹਾਜ਼ਾਂ ’ਤੇ ਈਰਾਨੀ ਹਮਲਿਆਂ ਨਾਲ ਸਪਲਾਈ ਦੀਆਂ ਚਿੰਤਾਵਾਂ ਹੋਰ ਗੰਭੀਰ ਹੋਣ ਕਾਰਨ ਤੇਲ ਦੀਆਂ ਕੀਮਤਾਂ ਵਿੱਚ 9% ਤੋਂ ਵੱਧ ਦਾ ਉਛਾਲ ਆਇਆ ਹੈ। ਇਸ ਦੇ ਨਾਲ ਹੀ ਅਮਰੀਕੀ ਬੈਂਚਮਾਰਕ ਕਰੂਡ ਤੇਲ ਦੀ ਕੀਮਤ ਵਧ ਕੇ ਲਗਪਗ 95 ਡਾਲਰ ਪ੍ਰਤੀ ਬੈਰਲ ਹੋ ਗਈ ਹੈ। ਜਹਾਜ਼ਾਂ ਦੀ ਆਵਾਜਾਈ ਅਤੇ ਊਰਜਾ ਬੁਨਿਆਦੀ ਢਾਂਚੇ ’ਤੇ ਇਰਾਨ ਦੇ ਨਿਰੰਤਰ ਹਮਲਿਆਂ ਨੇ ਵੀਰਵਾਰ ਨੂੰ ਤੇਲ ਦੀ ਕੀਮਤ 100 ਅਮਰੀਕੀ ਡਾਲਰ ਪ੍ਰਤੀ ਬੈਰਲ ਤੋਂ ਉੱਪਰ ਪਹੁੰਚਾ ਦਿੱਤੀ ਹੈ, ਕਿਉਂਕਿ ਅਮਰੀਕੀ ਅਤੇ ਇਜ਼ਰਾਈਲੀ ਹਮਲਿਆਂ ਨੇ ਇਸਲਾਮੀ ਗਣਰਾਜ (ਇਰਾਨ) ’ਤੇ ਬੰਬਾਰੀ ਕੀਤੀ ਅਤੇ ਯੁੱਧ ਦੇ ਖਤਮ ਹੋਣ ਦਾ ਕੋਈ ਸੰਕੇਤ ਨਜ਼ਰ ਨਹੀਂ ਆ ਰਿਹਾ।




ਇਰਾਨ ਨੇ ਦੁਬਈ ਦੇ ਤੱਟ ’ਤੇ ਇੱਕ ਕੰਟੇਨਰ ਜਹਾਜ਼ ਨੂੰ ਨਿਸ਼ਾਨਾ ਬਣਾਇਆ, ਬਹਿਰੀਨ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਅੱਗ ਲਗਾਈ, ਇੱਕ ਡਰੋਨ ਹਮਲੇ ਨਾਲ ਸਾਊਦੀ ਅਰਬ ਦੇ ਇੱਕ ਵੱਡੇ ਤੇਲ ਖੇਤਰ ਨੂੰ ਨਿਸ਼ਾਨਾ ਬਣਾਇਆ ਅਤੇ ਫਾਰਸ ਦੀ ਖਾੜੀ ਵਿੱਚ ਬਸਰਾ ਬੰਦਰਗਾਹ ’ਤੇ ਹਮਲੇ ਤੋਂ ਬਾਅਦ ਇਰਾਕ ਨੂੰ ਦੇਸ਼ ਦੇ ਸਾਰੇ ਤੇਲ ਟਰਮੀਨਲਾਂ ’ਤੇ ਕੰਮ ਰੋਕਣ ਲਈ ਮਜਬੂਰ ਕਰ ਦਿੱਤਾ।

ਇਰਾਨ ਨੇ ਆਪਣੇ ਖਾੜੀ ਗੁਆਂਢੀਆਂ ’ਤੇ ਹਮਲੇ ਰੋਕਣ ਦੀ ਮੰਗ ਕਰਨ ਵਾਲੇ ਪਿਛਲੇ ਦਿਨ ਦੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮਤੇ ਦੀ ਉਲੰਘਣਾ ਕੀਤੀ ਅਤੇ ਕੁਵੈਤ ਤੇ ਸੰਯੁਕਤ ਅਰਬ ਅਮੀਰਾਤ ਵਿੱਚ ਵੀ ਨਵੇਂ ਹਮਲਿਆਂ ਦੀ ਖਬਰ ਮਿਲੀ ਹੈ। ਯਰੂਸ਼ਲਮ ਵਿੱਚ ਸਵੇਰ ਹੋਣ ਤੋਂ ਪਹਿਲਾਂ ਸਾਈਰਨ ਵੱਜਣ ਲੱਗੇ, ਜਦੋਂ ਇਜ਼ਰਾਈਲ ਨੇ ਕਿਹਾ ਕਿ ਉਹ ਇਰਾਨ ਤੋਂ ਦਾਗੀਆਂ ਗਈਆਂ ਮਿਜ਼ਾਈਲਾਂ ਨੂੰ ਰੋਕਣ ਲਈ ਕੰਮ ਕਰ ਰਿਹਾ ਹੈ।

ਦੇਸ਼ ਨੇ ਇਹ ਵੀ ਐਲਾਨ ਕੀਤਾ ਕਿ ਉਸ ਨੇ ਤਿਹਰਾਨ ’ਤੇ ਵੱਡੇ ਪੱਧਰ ’ਤੇ ਹਮਲਿਆਂ ਦੀ ਲਹਿਰ ਸ਼ੁਰੂ ਕਰ ਦਿੱਤੀ ਹੈ। ਲਿਬਨਾਨ ਵਿੱਚ, ਜਿੱਥੇ ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਇਰਾਨ ਨਾਲ ਸਬੰਧਤ ਹਿਜ਼ਬੁੱਲਾ ਅਤਿਵਾਦੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਸਵੇਰ ਵੇਲੇ ਹੋਏ ਦੋ ਹਮਲਿਆਂ ਵਿੱਚ 11 ਲੋਕ ਮਾਰੇ ਗਏ।

ਇਰਾਕ ਦੇ ਨੇੜੇ ਇੱਕ ਅਮਰੀਕੀ ਮਲਕੀਅਤ ਵਾਲੇ ਤੇਲ ਟੈਂਕਰ ’ਤੇ ਇਰਾਨ ਵੱਲੋਂ ਕੀਤੇ ਗਏ ਆਤਮਘਾਤੀ ਕਿਸ਼ਤੀ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੇ ਮਾਰੇ ਜਾਣ ਦੀ ਖ਼ਬਰ ਹੈ। ਸੂਤਰਾਂ ਮੁਤਾਬਿਕ ਅਮਰੀਕੀ ਮਲਕੀਅਤ ਵਾਲੇ ਅਤੇ ਮਾਰਸ਼ਲ ਆਈਲੈਂਡ ਦੇ ਝੰਡੇ ਵਾਲੇ ਤੇਲ ਟੈਂਕਰ ‘ਸੇਫਸੀ ਵਿਸ਼ਨੂੰ’ ’ਤੇ ਇਰਾਕ ਦੇ ਖੇਤਰੀ ਪਾਣੀਆਂ ਦੇ ਅੰਦਰ ਖੋਰ ਅਲ ਜ਼ੁਬੈਰ ਬੰਦਰਗਾਹ ਦੇ ਕੋਲ ਇੱਕ ਇਰਾਨੀ ÷ਆਤਮਘਾਤੀ÷ ਕਿਸ਼ਤੀ ਵੱਲੋਂ ਹਮਲਾ ਕੀਤਾ ਗਿਆ ਸੀ। ਸੂਤਰਾਂ ਅਨੁਸਾਰ, ਇਸ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਹੈ, ਜਿਸ ਦਾ ਨਾਮ ਫਿਲਹਾਲ ਗੁਪਤ ਰੱਖਿਆ ਗਿਆ ਹੈ, ਜਦੋਂ ਕਿ ਤੇਲ ਟੈਂਕਰ ’ਤੇ ਸਵਾਰ ਬਾਕੀ 27 ਕਰੂ ਮੈਂਬਰਾਂ ਅਤੇ ਕਰਮਚਾਰੀਆਂ ਨੂੰ ਬਚਾ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਬਸਰਾ ਲਿਜਾਇਆ ਗਿਆ ਹੈ।

# ਲੋਕ ਸਭਾ ਨਿਯਮਾਂ ਅਧੀਨ ਚਲਦੀ ਹੈ, ਨਿਰਪੱਖਤਾ ਨਾਲ ਚਲਦੀ ਰਹੇਗੀ: ਬਿਰਲਾ

**ਨਵੀਂ ਦਿੱਲੀ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਵੀਰਵਾਰ ਨੂੰ ਕਿਹਾ ਕਿ ਸਦਨ ਪੂਰੀ ਤਰ੍ਹਾਂ ਆਪਣੇ ਨਿਯਮਾਂ ਅਤੇ ਕਾਇਦੇ-ਕਾਨੂੰਨਾਂ ਅਨੁਸਾਰ ਚੱਲਦਾ ਹੈ ਅਤੇ ਅੱਗੇ ਵੀ ਅਜਿਹਾ ਕਰਨਾ ਜਾਰੀ ਰੱਖੇਗਾ, ਚਾਹੇ ਇਹ ਕਿਸੇ ਮੈਂਬਰ ਨੂੰ ਸਵੀਕਾਰ ਹੋਵੇ ਜਾਂ ਨਾ, ਅਤੇ ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਸਦਨ ਦੀ ਕਾਰਵਾਈ ਪੂਰੀ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਚਲਾਉਣਗੇ।

ਉਨ੍ਹਾਂ ਨੂੰ ਸਪੀਕਰ ਦੇ ਅਹੁਦੇ ਤੋਂ ਹਟਾਉਣ ਦੇ ਪ੍ਰਸਤਾਵ ਦੇ ਸਦਨ ਵਿੱਚ ਡਿੱਗ ਜਾਣ ਤੋਂ ਇੱਕ ਦਿਨ ਬਾਅਦ, ਬਿਰਲਾ ਨੇ ਇਹ ਵੀ ਕਿਹਾ ਕਿ ਸਪੀਕਰ ਦੀ ਕੁਰਸੀ ਕਿਸੇ ਇੱਕ ਵਿਅਕਤੀ ਦੀ ਨਹੀਂ ਹੁੰਦੀ ਸਗੋਂ ਇਹ ਸਦਨ ਦੇ ਮਾਣ-ਸਨਮਾਨ ਦਾ ਪ੍ਰਤੀਕ ਹੈ।



ਬਿਰਲਾ ਨੇ ਕਿਹਾ ਕਿ ਉਹ ਬਹਿਸ ਦੌਰਾਨ ਉਨ੍ਹਾਂ ਵਿੱਚ ਪ੍ਰਗਟਾਏ ਗਏ ਭਰੋਸੇ ਲਈ ਸਦਨ ਦੇ ਮੈਂਬਰਾਂ ਦੇ ਧੰਨਵਾਦੀ ਹਨ ਅਤੇ ਉਨ੍ਹਾਂ ਨੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਜੋ ਉਨ੍ਹਾਂ ਦੇ ਹੱਕ ਵਿੱਚ ਅਤੇ ਵਿਰੋਧ ਵਿੱਚ ਬੋਲੇ। ਸੱਤਾਧਾਰੀ ਪੱਖ ਦੇ ਮੈਂਬਰਾਂ ਵੱਲੋਂ ਡੈਸਕ ਥਪਥਪਾਉਣ ਦੇ ਵਿਚਕਾਰ ਉਨ੍ਹਾਂ ਕਿਹਾ, ਸਦਨ ਨਿਯਮਾਂ ਅਤੇ ਕਾਇਦੇ-ਕਾਨੂੰਨਾਂ ਨਾਲ ਚੱਲ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਚੱਲਦਾ ਰਹੇਗਾ, ਚਾਹੇ ਇਹ ਕਿਸੇ ਮੈਂਬਰ ਨੂੰ ਸਵੀਕਾਰ ਹੋਵੇ ਜਾਂ ਨਾ। ਮੈਂ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਨਿਭਾਉਂਦਾ ਰਹਾਂਗਾ।

ਬਜਟ ਸੈਸ਼ਨ ਦੇ ਪਹਿਲੇ ਹਿੱਸੇ ਦੌਰਾਨ ਬੇਭਰੋਸਗੀ ਦਾ ਨੋਟਿਸ ਦਿੱਤੇ ਜਾਣ ਤੋਂ ਬਾਅਦ ਵੀਰਵਾਰ ਪਹਿਲੀ ਵਾਰ ਸੀ ਜਦੋਂ ਬਿਰਲਾ ਸਦਨ ਦੀ ਕਾਰਵਾਈ ਚਲਾਉਣ ਲਈ ਆਏ ਸਨ, ਜੋ ਕਿ 13 ਫਰਵਰੀ ਨੂੰ ਖਤਮ ਹੋਇਆ ਸੀ। ਸੈਸ਼ਨ ਦਾ ਦੂਜਾ ਹਿੱਸਾ 9 ਮਾਰਚ ਨੂੰ ਸ਼ੁਰੂ ਹੋਇਆ ਸੀ। ਸਪੀਕਰ ਨੇ ਕਿਹਾ ਕਿ ਪਿਛਲੇ ਦੋ ਦਿਨਾਂ ਦੀ ਬਹਿਸ ਦੌਰਾਨ ਕੁਝ ਮੈਂਬਰਾਂ ਨੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਨੂੰ ਬੋਲਣ ਦੇ ਲੋੜੀਂਦੇ ਮੌਕੇ ਨਹੀਂ ਦਿੱਤੇ ਜਾਂਦੇ ਅਤੇ ਉਨ੍ਹਾਂ ਨੂੰ ਜਦੋਂ ਵੀ ਉਹ ਚਾਹੁਣ ਅਤੇ ਕਿਸੇ ਵੀ ਵਿਸ਼ੇ ’ਤੇ ਬੋਲਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਬਿਰਲਾ ਨੇ ਕਿਹਾ ਕਿ ਸੰਸਦ ਮੈਂਬਰਾਂ ਨੂੰ ਸਦਨ ਵਿੱਚ ਬੋਲਣ ਦੀ ਆਜ਼ਾਦੀ ਹੈ, ਪਰ ਉਨ੍ਹਾਂ ਨੂੰ ਨਿਯਮਾਂ ਅਤੇ ਕਾਇਦੇ-ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ। ਉਨ੍ਹਾਂ ਨੇ ਉਨ੍ਹਾਂ ਦੋਸ਼ਾਂ ਦਾ ਵੀ ਜਵਾਬ ਦਿੱਤਾ ਕਿ ਜਦੋਂ ਕੁਝ ਮੈਂਬਰ ਬੋਲਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੇ ਮਾਈਕ੍ਰੋਫੋਨ ਬੰਦ ਕਰ ਦਿੱਤੇ ਜਾਂਦੇ ਹਨ।

ਉਨ੍ਹਾਂ ਕਿਹਾ, ÷ਮੇਰੇ ਕੋਲ ਮਾਈਕ ਚਾਲੂ ਜਾਂ ਬੰਦ ਕਰਨ ਦਾ ਕੋਈ ਸਵਿੱਚ ਨਹੀਂ ਹੈ। ਮਾਈਕ ਉਦੋਂ ਚਾਲੂ ਹੁੰਦਾ ਹੈ ਜਦੋਂ ਕਿਸੇ ਮੈਂਬਰ ਨੂੰ ਸਪੀਕਰ ਦੁਆਰਾ ਬੋਲਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ।÷ ਆਪਣੇ ਭਾਸ਼ਣ ਤੋਂ ਤੁਰੰਤ ਬਾਅਦ ਬਿਰਲਾ ਨੇ ਸਦਨ ਦੀ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ।

# ਮੀਤ ਹੇਅਰ ਬਣਨਗੇ PCA ਦੇ ਨਵੇਂ ਸਕੱਤਰ; ਐਲਾਨ 21 ਮਾਰਚ ਨੂੰ



**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਜਲਦੀ ਹੀ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਨਵੇਂ ਸੈਕਟਰੀ ਬਣਨਗੇ। 36 ਸਾਲਾ ਹੇਅਰ ਇਸ ਅਹੁਦੇ ਲਈ ਨਾਮਜ਼ਦਗੀ ਭਰਨ ਵਾਲੇ ਇਕਲੌਤੇ ਉਮੀਦਵਾਰ ਸਨ ਕਿਉਂਕਿ ਬੀਤੇ ਕੱਲ੍ਹ ਨਾਮਜ਼ਦਗੀ ਦੀ ਮਿਆਦ ਖਤਮ ਹੋਣ ਤੱਕ ਕਿਸੇ ਹੋਰ ਨੇ ਫਾਰਮ ਨਹੀਂ ਭਰਿਆ। ਉਨ੍ਹਾਂ ਦੇ ਨਾਮ ਦੀ ਪੇਸ਼ਕਸ਼ ਗੁਰਦਾਸਪੁਰ ਕ੍ਰਿਕਟ ਐਸੋਸੀਏਸ਼ਨ ਵੱਲੋਂ ਕੀਤੀ ਗਈ ਸੀ ਅਤੇ ਇਸ ਸਬੰਧੀ ਰਸਮੀ ਐਲਾਨ 21 ਮਾਰਚ ਨੂੰ ਕੀਤਾ ਜਾਵੇਗਾ। ਇਹ ਅਹੁਦਾ ਪਿਛਲੇ ਸਾਲ 25 ਜੁਲਾਈ 2025 ਨੂੰ ਉਸ ਸਮੇਂ ਖਾਲੀ ਹੋਇਆ ਸੀ ਜਦੋਂ ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਆਪਣੀਆਂ ਹੋਰ ਜ਼ਿੰਮੇਵਾਰੀਆਂ ਦਾ ਹਵਾਲਾ ਦਿੰਦੇ ਹੋਏ ਅਸਤੀਫ਼ਾ ਦੇ ਦਿੱਤਾ ਸੀ।

ਮੀਤ ਹੇਅਰ ਦੇ ਸੈਕਟਰੀ ਵਜੋਂ ਚਾਰਜ ਸੰਭਾਲਣ ਨਾਲ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸਾਰੇ ਮੁੱਖ ਅਹੁਦਿਆਂ ਉੱਤੇ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਦਬਦਬਾ ਪੂਰੀ ਤਰ੍ਹਾਂ ਕਾਇਮ ਹੋ ਜਾਵੇਗਾ। ਮੌਜੂਦਾ ਪ੍ਰਧਾਨ ਅਮਰਜੀਤ ਸਿੰਘ ਪਹਿਲਾਂ ਪਾਰਟੀ ਦੇ ਪੰਜਾਬ ਯੂਨਿਟ ਦੇ ਸਕੱਤਰ ਅਤੇ ਬੁਲਾਰੇ ਰਹਿ ਚੁੱਕੇ ਹਨ। ਇਸੇ ਤਰ੍ਹਾਂ ਸੰਸਥਾ ਦੇ ਮੀਤ ਪ੍ਰਧਾਨ ਦੀਪਕ ਬਾਲੀ ‘ਆਪ’ ਦੇ ਸੂਬਾ ਜਨਰਲ ਸਕੱਤਰ ਹਨ। ਜੁਆਇੰਟ ਸੈਕਟਰੀ ਸਿਧਾਂਤ ਸ਼ਰਮਾ ਸੁਪਰੀਮ ਕੋਰਟ ਵਿੱਚ ਪੰਜਾਬ ਸਰਕਾਰ ਦੇ ਵਕੀਲ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਖ਼ਜ਼ਾਨਚੀ ਸੁਨੀਲ ਗੁਪਤਾ ਸੂਬਾ ਯੋਜਨਾ ਬੋਰਡ ਪੰਜਾਬ ਦੇ ਡਿਪਟੀ ਚੇਅਰਮੈਨ ਹਨ।

# ਵਿਧਾਇਕ ਸੁਖਪਾਲ ਖਹਿਰਾ ਦੀ ਥਾਂ ਉਨ੍ਹਾਂ ਦੇ ਵਕੀਲ ਹੋਏ ਮਹਿਲਾ ਕਮਿਸ਼ਨ ਕੋਲ ਪੇਸ਼

**ਮੁਹਾਲੀ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਮਹਿਲਾਵਾਂ ਨੂੰ 1000-1500 ਦਿੱਤੇ ਜਾਣ ਸਬੰਧੀ ਵਿਧਾਇਕ ਸੁਖਪਾਲ ਖਹਿਰਾ ਦੀ ਕਥਿਤ ਪੋਸਟ ਨੂੰ ਲੈ ਕੇ ਮਹਿਲਾ ਕਮਿਸ਼ਨ ਵੱਲੋਂ ਤਲਬ ਕੀਤਾ ਗਿਆ ਸੀ। ਇਸ ਸਬੰਧੀ ਵੀਰਵਾਰ ਨੂੰ ਖਹਿਰਾ ਦਾ ਪੁੱਤਰ ਐਡਵੋਕੇਟ ਮਹਿਤਾਬ ਸਿੰਘ ਖਹਿਰਾ ਅਤੇ ਐਡਵੋਕੇਟ ਕੰਵਰ ਸਿੱਧੂ ਅੱਜ ਸਵੇਰੇ 11.10 ਵਜੇ ਦੇ ਕਰੀਬ ਮੁਹਾਲੀ ਵਿਖੇ ਮਹਿਲਾ ਕਮਿਸ਼ਨ ਸਾਹਮਣੇ ਪੇਸ਼ ਹੋਏ। ਮਹਿਲਾ ਕਮਿਸ਼ਨ ਦੇ ਦਫ਼ਤਰ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਮਹਿਲਾ ਕਮਿਸ਼ਨ ਤੋਂ ਇੱਕ ਹਫ਼ਤੇ ਦਾ ਸਮਾਂ ਜਵਾਬ ਦੇਣ ਲਈ ਮੰਗਿਆ ਗਿਆ ਹੈ। ਉਨ੍ਹਾਂ ਵੱਲੋਂ ਦਲੀਲ ਦਿੱਤੀ ਗਈ ਹੈ ਕਿ ਐੱਸ ਐੱਸ ਪੀ ਕਪੂਰਥਲਾ ਨੂੰ ਨੋਟਿਸ ਭੇਜ ਕੇ ਵਿਧਾਇਕ ਖਹਿਰਾ ਦੀ ਸਟੇਟਸ ਰਿਪੋਰਟ ਮੰਗੀ ਗਈ ਹੈ ਜਦ ਕਿ ਵਿਧਾਇਕ ਖਹਿਰਾ ਨੂੰ ਸਿੱਧਾ ਕੋਈ ਨੋਟਿਸ ਨਹੀਂ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਉਹ ਸਿਰਫ ਸੋਸ਼ਲ ਮੀਡੀਆ ਤੇ ਜਾਰੀ ਨੋਟਿਸ ਨੂੰ ਪੜ੍ਹ ਕੇ ਅੱਜ ਪੱਖ ਰੱਖਣ ਲਈ



ਆਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਮਹਿਲਾ ਕਮਿਸ਼ਨ ਤੋਂ ਐੱਸ ਐੱਸ ਪੀ ਕਪੂਰਥਲਾ ਦੀ ਸਟੇਟਸ ਸਪੋਰਟ ਦੀ ਕਾਪੀ ਮੰਗੀ ਗਈ ਹੈ।ਵਕੀਲਾਂ ਨੇ ਦਾਅਵਾ ਕੀਤਾ ਕਿ ਮਹਿਲਾ ਕਮਿਸ਼ਨ ਵੱਲੋਂ ਸੁਖਪਾਲ ਸਿੰਘ ਖਹਿਰਾ ਨੂੰ ਇੱਕ ਹਫਤੇ ਦਾ ਸਮਾਂ ਆਪਣਾ ਜਵਾਬ ਦਾਖਲ ਕਰਨ ਲਈ ਦਿੱਤਾ ਗਿਆ ਹੈ।

# ਸੁਪਰੀਮ ਕੋਰਟ ਵੱਲੋਂ ਕਸ਼ਮੀਰੀ ਵੱਖਵਾਦੀ ਆਗੂ ਸ਼ਬੀਰ ਸ਼ਾਹ ਨੂੰ ਟੈਰਰ ਫੰਡਿੰਗ ਕੇਸ ਵਿੱਚ ਜ਼ਮਾਨਤ

**ਨਵੀਂ ਦਿੱਲੀ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਵੀਰਵਾਰ ਨੂੰ ਕਸ਼ਮੀਰੀ ਵੱਖਵਾਦੀ ਆਗੂ ਸ਼ਬੀਰ ਅਹਿਮਦ ਸ਼ਾਹ ਨੂੰ ਟੈਰਰ ਫੰਡਿੰਗ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਹੈ, ਜਿਸ ਵਿੱਚ ਉਸ ਨੂੰ 4 ਜੂਨ 2019 ਨੂੰ ਰਾਸ਼ਟਰੀ ਜਾਂਚ ਏਜੰਸੀ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਸ਼ਾਹ ’ਤੇ ਕੁਝ ਸਖ਼ਤ ਸ਼ਰਤਾਂ ਨਾਲ ਇੱਕ ਵਿਸਥਾਰਪੂਰਵਕ ਹੁਕਮ ਜਾਰੀ ਕੀਤਾ ਜਾਵੇਗਾ।

ਅਦਾਲਤ ਨੇ ਸ਼ਾਹ ਦੇ ਸੀਨੀਅਰ ਵਕੀਲ Colin Gonsalves ਅਤੇ NIA ਦੇ ਵਕੀਲ ਸਿਧਾਰਥ ਲੂਥਰਾ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਫੈਸਲਾ ਸੁਣਾਇਆ। ਸੁਣਵਾਈ ਦੌਰਾਨ ਬੈਂਚ ਨੇ ਟਰਾਇਲ ਵਿੱਚ ਕਈ ਖਾਮੀਆਂ ਵੱਲ ਇਸ਼ਾਰਾ ਕੀਤਾ ਅਤੇ ਸ਼ਾਹ ਦੇ ਲੰਬੇ ਸਮੇਂ ਤੋਂ ਜੇਲ੍ਹ ਵਿੱਚ ਹੋਣ ਦਾ ਜ਼ਿਕਰ ਕੀਤਾ। ਇਸ ਤੋਂ ਪਹਿਲਾਂ 4 ਸਤੰਬਰ ਨੂੰ ਅਦਾਲਤ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਦਿੱਲੀ ਹਾਈ ਕੋਰਟ ਦੇ 12 ਜੂਨ 2025 ਦੇ ਫੈਸਲੇ ’ਤੇ ©91 ਨੂੰ ਨੋਟਿਸ ਜਾਰੀ ਕੀਤਾ ਸੀ।



ਹਾਈ ਕੋਰਟ ਨੇ ਪਹਿਲਾਂ ਇਹ ਕਹਿ ਕੇ ਜ਼ਮਾਨਤ ਰੱਦ ਕਰ ਦਿੱਤੀ ਸੀ ਕਿ ਸ਼ਾਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। 2017 ਵਿੱਚ ©91 ਨੇ 12 ਲੋਕਾਂ ਵਿਰੁੱਧ ਪੱਥਰਬਾਜ਼ੀ, ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਅਤੇ ਦੇਸ਼ ਵਿਰੁੱਧ ਜੰਗ ਛੇੜਨ ਲਈ ਫੰਡ ਇਕੱਠਾ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਸੀ। ਸ਼ਾਹ ’ਤੇ ਦੋਸ਼ ਹੈ ਕਿ ਉਸ ਨੇ ਕਸ਼ਮੀਰ ਵਿੱਚ ਵੱਖਵਾਦੀ ਲਹਿਰ ਨੂੰ ਉਤਸ਼ਾਹਿਤ ਕਰਨ, ਹਵਾਲਾ ਰਾਹੀਂ ਪੈਸੇ ਲੈਣ ਅਤੇ ਮਾਰੇ ਗਏ ਅਤਿਵਾਦੀਆਂ ਨੂੰ ਸ਼ਹੀਦ ਕਹਿ ਕੇ ਲੋਕਾਂ ਨੂੰ ਭੜਕਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ।

# ਏਡੀਐੱਮ ਅਮਨਦੀਪ ਸਿੰਘ ਭੱਟੀ ਨੇ ਕੋਵਿਡ ਦੇ ਕਾਰਨ ਅਨਾਥ ਹੋਏ ਬੱਚਿਆਂ ਨਾਲ ਗੱਲਬਾਤ ਕੀਤੀ



**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

: ਸ਼੍ਰੀ ਅਮਨਦੀਪ ਸਿੰਘ ਭੱਟੀ, ਐਡੀਸ਼ਨਲ ਜ਼ਿਲ੍ਹਾ ਮੈਜਿਸਟ੍ਰੇਟ, ਚੰਡੀਗੜ੍ਹ ਨੇ ਉਨ੍ਹਾਂ ਬੱਚਿਆਂ ਨਾਲ ਗੱਲਬਾਤ ਕੀਤੀ ਜਿਨ੍ਹਾਂ ਨੇ ਕੋਵਿਡ-19 ਮਹਾਮਾਰੀ ਦੇ ਦੌਰਾਨ ਆਪਣੇ ਮਾਪਿਆਂ ਨੂੰ ਗੁਆ ਦਿੱਤਾ ਸੀ। ਇਹ ਗੱਲਬਾਤ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਚੰਡੀਗੜ੍ਹ ਦੁਆਰਾ ਆਯੋਜਿਤ ਕੀਤੀ ਗਈ ਸੀ।

ਇਸ ਦੌਰਾਨ, ਐਡੀਸ਼ਨਲ ਜ਼ਿਲ੍ਹਾ ਮੈਜਿਸਟ੍ਰੇਟ ਨੇ ਯੋਜਨਾ ਦੇ ਤਹਿਤ ਰਜਿਸਟਰਡ 13 ਬੱਚਿਆਂ ਨਾਲ ਵਿਸਤ੍ਰਿਤ ਚਰਚਾ ਕੀਤੀ ਅਤੇ ਉਨ੍ਹਾਂ ਦੀ ਕੁਸ਼ਲਖੇਮ, ਅਕਾਦਮਿਕ ਪ੍ਰਗਤੀ, ਸਿਹਤ ਸਥਿਤੀ ਅਤੇ ਪਰਿਵਾਰਿਕ ਵਾਤਾਵਰਣ ਬਾਰੇ ਜਾਣਕਾਰੀ ਲਈ। ਮੀਟਿੰਗ ਦੇ ਦੌਰਾਨ ਬੱਚਿਆਂ ਨੇ ਆਪਣੇ ਅਨੁਭਵ ਅਤੇ ਭਵਿੱਖ ਦੀਆਂ ਇੱਛਾਵਾਂ ਵੀ ਸਾਂਝੀਆਂ ਕੀਤੀਆਂ।

ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਸ਼੍ਰੀ ਅਮਨਦੀਪ ਸਿੰਘ ਭੱਟੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੀ ਭਲਾਈ ਅਤੇ ਸਮੁੱਚੇ ਵਿਕਾਸ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹੈ। ਉਨ੍ਹਾਂ ਨੇ ਬੱਚਿਆਂ ਨੂੰ ਆਪਣੀ ਪੜ੍ਹਾਈ ਅਤੇ ਭਵਿੱਖ ਦੇ ਲਕਸ਼ਾਂ ’ਤੇ ਧਿਆਨ ਕੇਂਦ੍ਰਿਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਪ੍ਰਸ਼ਾਸਨ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਪ੍ਰਦਾਨ ਕਰੇਗਾ।

ਸ਼੍ਰੀ ਭੱਟੀ ਨੇ ਕਿਹਾ, ਜ਼ਿਲ੍ਹਾ ਪ੍ਰਸ਼ਾਸਨ ਇਹ ਸੁਨਿਸ਼ਚਿਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਗਾ ਕਿ ਹਰੇਕ ਬੱਚੇ ਨੂੰ ਜੀਵਨ ਵਿੱਚ ਅੱਗੇ ਵਧਣ ਲਈ ਜ਼ਰੂਰੀ ਅਵਸਰ ਅਤੇ ਸਹਿਯੋਗ ਪ੍ਰਾਪਤ ਹੋਵੇ। ਜੇਕਰ ਕਿਸੇ ਬੱਚੇ ਨੂੰ ਸਿੱਖਿਆ, ਪੇਸ਼ੇਵਰ ਕੋਰਸਾਂ, ਕੌਸ਼ਲ ਵਿਕਾਸ ਜਾਂ ਕਿਸੇ ਹੋਰ ਪ੍ਰਕਾਰ ਦੀ ਸਹਾਇਤਾ ਦੀ ਜ਼ਰੂਰਤ ਹੋਵੇ, ਤਾਂ ਉਹ ਕਿਸੇ ਵੀ ਸਮੇਂ ਪ੍ਰਸ਼ਾਸਨ ਨਾਲ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਨੇ ਜ਼ਿਲ੍ਹਾ ਬਾਲ ਸੁਰੱਖਿਆ ਇਕਾਈ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਬੱਚਿਆਂ ਨਾਲ ਹਰੇਕ ਤਿਮਾਹੀ ਗੱਲਬਾਤ ਮੀਟਿੰਗਾਂ ਆਯੋਜਿਤ ਕੀਤੀਆਂ ਜਾਣ, ਤਾਕਿ ਉਨ੍ਹਾਂ ਦੀ ਸਿੱਖਿਆ, ਸਿਹਤ ਅਤੇ ਸਮੁੱਚੇ ਵਿਕਾਸ ਵਿੱਚ ਨਿਯਮਿਤ ਤੌਰ ’ਤੇ ਨਿਗਰਾਨੀ ਕੀਤੀ ਜਾ ਸਕੇ ਅਤੇ ਜ਼ਰੂਰਤ ਪੈਣ ’ਤੇ ਉਨ੍ਹਾਂ ਨੂੰ ਜ਼ਰੂਰੀ ਸਹਾਇਤਾ ਉਪਲਬਧ ਕਰਵਾਈ ਜਾ ਸਕੇ।

ਇਸ ਸੰਵਾਦ ਪ੍ਰੋਗਰਾਮ ਦਾ ਸਮਾਪਨ ਪ੍ਰਸ਼ਾਸਨ ਵੱਲੋਂ ਬੱਚਿਆਂ ਨੂੰ ਨਿਰੰਤਰ ਮਾਰਗਦਰਸ਼ਨ ਅਤੇ ਸਹਿਯੋਗ ਪ੍ਰਦਾਨ ਕਰਨ ਦੀ ਆਪਣੀ ਪ੍ਰਤੀਬੱਧਤਾ ਦੁਹਰਾਉਂਦੇ ਹੋਏ ਹੋਇਆ ਤਾਕਿ ਉਹ ਸੁਰੱਖਿਅਤ, ਆਤਮਵਿਸ਼ਵਾਸੀ ਅਤੇ ਸਫ਼ਲ ਜੀਵਨ ਜੀ ਸਕਣ।

# ਵਿਧਾਇਕਾਂ ਨੂੰ ਬੰਧੂਆ ਮਜ਼ਦੂਰ ਕਹਿਣ ’ਤੇ ਖਹਿਰਾ ਖ਼ਿਲਾਫ਼ ਕਾਰਵਾਈ ਲਈ ਮਤਾ ਪੇਸ਼

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਅੱਜ ਛੇਵੇਂ ਦਿਨ ਸ਼ੁਰੂ ਹੋ ਗਿਆ ਹੈ। ਬਜਟ ਇਜਲਾਸ ਦੀ ਸ਼ੁਰੂਆਤ ਵਿੱਚ ਪ੍ਰਸ਼ਨ ਕਾਲ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਲੈਕਚਰਾਰਾਂ ਤੇ ਭਰਤੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਲੈਕਚਰਾਰਾਂ ਦੀ ਭਰਤੀ ਦਾ ਮਾਮਲਾ ਵੀ ਵਿਚਕਾਰ ਲਟਕ ਰਿਹਾ ਹੈ ਉਸ ਨੂੰ ਵੀ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਵਿਸ਼ਿਆਂ ਦੇ ਅਧਿਆਪਕਾਂ ਨੂੰ ਛੱਡ ਕੇ ਹੀ ਹੋਰਨਾਂ ਵਿਸ਼ਿਆਂ ਦੇ ਅਧਿਆਪਕਾਂ ਦੀ ਲੋੜ ਪੈਣ ਤੇ ਹੀ ਸਰਕਾਰੀ ਕੰਮਕਾਜ ਲਈ ਡਿਊਟੀਆਂ ਲਗਾਈਆਂ ਜਾਣਗੀਆਂ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪ੍ਰਸ਼ਨ ਕਾਲ ਦੌਰਾਨ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਸਕੂਲ ਲਿਜਾਉਣ ਲਈ ਦਿੱਤੀ ਜਾਣ ਵਾਲੀ ਟ੍ਰਾਂਸਪੋਰਟ ਸਹੂਲਤ ਨੂੰ ਸੂਬੇ ਵਿੱਚ ਹੋਰ ਵਧਾਇਆ ਜਾਵੇਗਾ। ਇਸ ਲਈ ਉਹਨਾਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਚ ਨੂੰ ਅਪੀਲ ਕੀਤੀ ਕਿ ਉਹ ਇਸ ਸਬੰਧੀ ਪ੍ਰੋਪੋਜਲ ਤਿਆਰ ਕਰਨ ਤਾਂ ਜੋ ਹੋਰਨਾ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਇਸ ਦਾ ਲਾਭ ਦਿੱਤਾ ਜਾ ਸਕੇ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੇ 200 ਸਰਕਾਰੀ ਸਕੂਲਾਂ ਵਿੱਚ ਮੌਜੂਦਾ ਸਮੇਂ ਟ੍ਰਾਂਸਪੋਰਟੇਸ਼ਨ ਦੀ ਸਫਲ ਦਿੱਤੀ ਜਾ ਰਹੀ ਹੈ।

ਇਸ ਤੋਂ ਪਹਿਲਾਂ ਬੁੱਧਵਾਰ ਨੂੰ ਪੰਜਾਬ ਵਿਧਾਨ ਸਭਾ ਨੇ ਅੱਜ ਵਿੱਤੀ ਵਰ੍ਹੇ 2026-27 ਦੇ ਪੰਜਾਬ ਬਜਟ ਨੂੰ ਚਾਰ ਘੰਟੇ ਲੰਮੀ ਬਹਿਸ ਮਗਰੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਬਜਟ ’ਤੇ ਹੋਈ ਬਹਿਸ ਨੂੰ ਸਮੇਟਦਿਆਂ ਵਿਰੋਧੀ ਧਿਰ ਦੀ ਗ਼ੈਰ-ਮੌਜੂਦਗੀ ’ਤੇ ਸਵਾਲ ਉਠਾਏ। ਹੁਕਮਰਾਨ ਧਿਰ ਨੇ ਬਹਿਸ ’ਚ ‘ਮਾਵਾਂ ਧੀਆਂ ਸਤਿਕਾਰ ਯੋਜਨਾ’ ਨੂੰ ਕੇਂਦਰੀ ਬਿੰਦੂ ਵਿੱਚ ਰੱਖਿਆ ਅਤੇ ਸਰਕਾਰੀ ਪ੍ਰਾਪਤੀਆਂ ’ਤੇ ਆਪਣੀ ਪਿੱਠ ਥਾਪੜੀ।

ਬਹਿਸ ’ਚ ਹਾਕਮ ਧਿਰ ਦੇ ਵਿਧਾਇਕਾਂ ਨੇ ਵਾਰ-ਵਾਰ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੂੰ ਆਪਣੇ ਭਾਸ਼ਣ ਦਾ ਹਿੱਸਾ ਬਣਾਇਆ। ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ’ਚ ਅੱਜ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਭੰਡਿਆ। ਉਨ੍ਹਾਂ ਕਿਹਾ ਕਿ ਚਾਰ ਸਾਲਾਂ ’ਚ ਪੰਜ ਗਾਰੰਟੀਆਂ ਪੂਰੀਆਂ ਕੀਤੀਆਂ ਗਈਆਂ ਹਨ ਅਤੇ ਹੁਣ ਉਹ ਨਵੀਂ ਸਿਆਸੀ ਲੜਾਈ ਲਈ ਤਿਆਰ ਹਨ। ਉਨ੍ਹਾਂ ਦੱਸਿਆ ਕਿ ਉਹ ਗਾਰੰਟੀਆਂ ਨੂੰ ਅਮਲ ’ਚ ਲਿਆਉਣ ਮਗਰੋਂ ਹੁਣ ਅਗਲੇ ਚੋਣ ਮੈਨੀਫੈਸਟੋ ਦੀ ਤਿਆਰੀ ’ਚ ਲੱਗ ਗਏ ਹਨ।

# ਅਮਰੀਕਾ ਨੇ ਭਾਰਤ ਅਤੇ 15 ਹੋਰ ਅਰਥਚਾਰਿਆਂ ਵਿਰੁੱਧ ਸੈਕਸ਼ਨ 301 ਤਹਿਤ ਜਾਂਚ ਸ਼ੁਰੂ ਕੀਤੀ



**ਨਵੀਂ ਦਿੱਲੀ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਵਪਾਰ ਪ੍ਰਤੀਨਿਧ ਨੇ 11 ਮਾਰਚ ਨੂੰ ਭਾਰਤ ਅਤੇ ਚੀਨ ਸਮੇਤ 16 ਅਰਥਚਾਰਿਆਂ ਦੀਆਂ ਨੀਤੀਆਂ ਅਤੇ ਉਦਯੋਗਿਕ ਗਤੀਵਿਧੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਸੈਕਸ਼ਨ 301 ਦੇ ਤਹਿਤ ਵਪਾਰਕ ਜਾਂਚ ਦੇ ਇੱਕ ਨਵੇਂ ਦੌਰ ਦੀ ਸ਼ੁਰੂਆਤ ਕੀਤੀ ਹੈ। ਟਰੰਪ ਪ੍ਰਸ਼ਾਸਨ ਦੇ ਵਿਆਪਕ ਟੈਰਿਫਾਂ ਨੂੰ ਰੱਦ ਕਰਨ ਦੇ ਅਮਰੀਕੀ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ, ਰਾਸ਼ਟਰਪਤੀ ਡੋਨਲਡ ਟਰੰਪ ਨੇ 24 ਫਰਵਰੀ ਤੋਂ 150 ਦਿਨਾਂ ਲਈ ਸਾਰੇ ਦੇਸ਼ਾਂ ’ਤੇ 10 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਹੁਣ ਇਸ ਜਾਂਚ ਦੀ ਸ਼ੁਰੂਆਤ ਵਪਾਰਕ ਨਿਗਰਾਨੀ ਵਿੱਚ ਇੱਕ ਵੱਡੇ ਵਾਧੇ ਦਾ ਸੰਕੇਤ ਹੈ।

ਅਮਰੀਕੀ ਵਪਾਰ ਪ੍ਰਤੀਨਿਧ ਨੇ ਐਲਾਨ ਕੀਤਾ ਹੈ ਕਿ ਉਸ ਨੇ ਭਾਰਤ, ਚੀਨ, ਜਾਪਾਨ ਅਤੇ ਯੂਰਪੀਅਨ ਯੂਨੀਅਨ (5”) ਸਮੇਤ ਆਪਣੇ ਵਪਾਰਕ ਭਾਈਵਾਲਾਂ ਵਿਰੁੱਧ ਜਾਂਚ ਸ਼ੁਰੂ ਕੀਤੀ ਹੈ ਤਾਂ ਜੋ ਅਮਰੀਕੀ ਨਿਰਮਾਣ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਗੈਰ-ਵਾਜਬ ਵਿਦੇਸ਼ੀ ਕਾਰਵਾਈਆਂ ਦੀ ਪਛਾਣ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਹੱਲ ਕੀਤਾ ਜਾ ਸਕੇ। ਇਹ ਜਾਂਚ 16 ਅਰਥਚਾਰਿਆਂ ਦੀਆਂ ਨੀਤੀਆਂ ਅਤੇ ਉਦਯੋਗਿਕ ਗਤੀਵਿਧੀਆਂ ਨੂੰ ਨਿਸ਼ਾਨਾ ਬਣਾਉਂਦੀ ਹੈ।

# ਸੁਖਪਾਲ ਖਹਿਰਾ ਦੀ ਟਿੱਪਣੀ ਖ਼ਿਲਾਫ਼ ‘ਆਪ’ ਮਹਿਲਾ ਵਲੰਟੀਅਰਾਂ ਦਾ ਰੋਸ ਪ੍ਰਦਰਸ਼ਨ




**ਲੁਧਿਆਣਾ, 13 ਮਾਰਚ**
**ਕੁਲਦੀਪ ਦੁੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਖਪਾਲ ਖਹਿਰਾ ਵੱਲੋਂ ਮਹਿਲਾਵਾਂ ਬਾਰੇ ਕੀਤੀ ਗਈ ਵਿਵਾਦਿਤ ਟਿੱਪਣੀ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਦੀਆਂ ਮਹਿਲਾ ਵਲੰਟੀਅਰਾਂ ਨੇ ਰੋਸ ਪ੍ਰਦਰਸ਼ਨ ਕੀਤਾ ਅਤੇ ਖਹਿਰਾ ਤੋਂ ਤੁਰੰਤ ਮੁਆਫੀ ਮੰਗਣ ਦੀ ਮੰਗ ਕੀਤੀ।

ਇਸ ਮੌਕੇ ਮਹਿਲਾ ਵਲੰਟੀਅਰ ਮਨਪ੍ਰੀਤ ਖੰਗੂੜਾ ਨੇ ਕਿਹਾ ਕਿ ਖਹਿਰਾ ਦੀ ਭੱਦੀ ਟਿੱਪਣੀ ਨਾਲ ਸਮੁੱਚੀ ਨਾਰੀ ਸ਼ਕਤੀ ਨੂੰ ਠੇਸ ਪਹੁੰਚੀ ਹੈ ਅਤੇ ਉਨ੍ਹਾਂ ਨੂੰ ਇਸ ਲਈ ਜਲਦੀ ਮਾਫ਼ੀ ਮੰਗਣੀ ਚਾਹੀਦੀ ਹੈ।

ਇਸ ਦੌਰਾਨ ‘ਆਪ’ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਖੰਗੂੜਾ ਨੇ ਪ੍ਰੈੱਸ ਕਾਨਫਰੰਸ ਕਰਕੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਮਹਿਲਾਵਾਂ ਨੂੰ ਮਹੀਨਾਵਾਰ ਆਰਥਿਕ ਮਦਦ, ਮੁਫ਼ਤ ਬਿਜਲੀ, ਮੁਹੱਲਾ ਕਲੀਨਿਕ, ਮੁਫ਼ਤ ਬੱਸ ਸਹੂਲਤ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਵਰਗੀਆਂ ਕਈ ਸਕੀਮਾਂ ਦਾ ਲਾਭ ਮਿਲ ਰਿਹਾ ਹੈ।

ਇਸ ਮੌਕੇ ਗੁਰਦਰਸ਼ਨ ਸਿੰਘ ਘੁੱਲੀ, ਤੇਜਪਾਲ ਸਿੰਘ ਗਿੱਲ, ਮਨੀਸ਼ਾ ਕਪੂਰ ਅਤੇ ਅਜਿੰਦਰਪਾਲ ਕੌਰ ਵੀ ਮੌਜੂਦ ਸਨ।

# ਪ੍ਰਾਇਮਰੀ ਅਤੇ ਸੈਕੰਡਰੀ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਵੱਡੇ ਯਤਨਾਂ ਦੇ ਹਿੱਸੇ ਵਜੋਂ 672 ਸਟਾਫ਼ ਨਰਸਾਂ ਦੀ ਕੀਤੀ ਜਾਵੇਗੀ ਭਰਤੀ

## 672 ਸਟਾਫ਼ ਨਰਸਾਂ ਦੀ ਭਰਤੀ ਸਿਹਤ ਸੰਭਾਲ ਸਟਾਫ਼ ਨੂੰ ਹੋਰ ਸਮਰਥ ਕਰੇਗੀ: ਡਾ. ਬਲਬੀਰ ਸਿੰਘ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਤਕ ਸਿਹਤ ਸੰਭਾਲ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਦਿਆਂ ਭਗਵੰਤ ਮਾਨ ਸਰਕਾਰ ਨੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਬਿਹਤਰ ਸੇਵਾਵਾਂ ਮੁਹੱਈਆ ਕਰਨ ਲਈ 672 ਸਟਾਫ਼ ਨਰਸਾਂ ਦੀ ਭਰਤੀ ਲਈ ਇਸ਼ਤਿਹਾਰ ਜਾਰੀ ਕੀਤਾ ਹੈ। ਭਰਤੀ ਸਬੰਧੀ ਇਹ ਇਸ਼ਤਿਹਾਰ ਪ੍ਰਮੁੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਸ ਵਿੱਚ ਯੋਗ ਉਮੀਦਵਾਰਾਂ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਦੇ ਅਧਿਕਾਰਤ ਆਨਲਾਈਨ ਪੋਰਟਲ ਰਾਹੀਂ ਅਰਜ਼ੀ ਦੇਣੀ ਹੋਵੇਗੀ।

ਇਹ ਆਨਲਾਈਨ ਅਰਜ਼ੀ ਪੋਰਟਲ 13 ਮਾਰਚ 2026 ਤੋਂ 02 ਅਪ੍ਰੈਲ 2026 ਤੱਕ ਖੁੱਲ੍ਹਾ ਰਹੇਗਾ। ਇਹਨਾਂ ਅਸਾਮੀਆਂ ਲਈ ਉਮੀਦਵਾਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਆਪਣੀਆਂ ਅਰਜ਼ੀਆਂ ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਜਮ੍ਹਾਂ ਕਰਵਾ ਸਕਦੇ ਹਨ।

ਇਹ ਭਰਤੀ ਪਹਿਲਾਂ ਮਨਜ਼ੂਰ ਕੀਤੀਆਂ ਗਈਆਂ 406 ਸਟਾਫ ਨਰਸ ਅਸਾਮੀਆਂ, ਜਿਨ੍ਹਾਂ ਵਿੱਚੋਂ 275 ਅਸਾਮੀਆਂ ਲਈ ਅਪੁਆਇੰਟਮੈਂਟ ਆਰਡਰਜ਼ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ, ਤੋਂ ਵੱਖਰੀ ਹੈ। ਨਿਯੁਕਤ ਕੀਤੀਆਂ ਗਈਆਂ ਇਨ੍ਹਾਂ ਨਰਸਾਂ ਨੂੰ ਪੰਜਾਬ ਭਰ ਦੇ ਵੱਖ-ਵੱਖ ਸਬ ਡਿਵੀਜ਼ਨਲ ਹਸਪਤਾਲਾਂ ਅਤੇ ਜ਼ਿਲ੍ਹਾ ਹਸਪਤਾਲਾਂ ਵਿੱਚ ਤਾਇਨਾਤ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਇਸ ਸਾਲ ਜਨਵਰੀ ਵਿੱਚ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਰਤੀ ਕੀਤੀਆਂ ਨਵੀਆਂ 282 ਨਰਸਾਂ ਨੂੰ ਨਿਯੁਕਤੀ ਪੱਤਰ ਸੌਂਪੇ ਸਨ। ਇਹ ਕਦਮ ਸਿਹਤ ਸੰਭਾਲ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਜਨਤਕ ਸਿਹਤ ਖੇਤਰ ਵਿੱਚ ਸੁਚੱਜੇ ਪ੍ਰਸ਼ਾਸਨ ਅਤੇ ਸਮੇਂ ਸਿਰ ਭਰਤੀ ’ਤੇ ਧਿਆਨ ਕੇਂਦਰਿਤ ਕਰਨ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਦੱਸਣਯੋਗ ਹੈ ਕਿ 672 ਨਰਸਾਂ ਦੀ ਭਰਤੀ ਨਰਸਿੰਗ ਵਰਕਫੋਰਸ, ਖਾਸ ਕਰਕੇ ਪ੍ਰਾਇਮਰੀ ਅਤੇ ਸੈਕੰਡਰੀ ਸਿਹਤ ਸੰਭਾਲ ਪੱਧਰਾਂ ’ਤੇ, ਨੂੰ ਹੋਰ ਮਜ਼ਬੂਤ ਕਰੇਗੀ। ਇਸ ਕਦਮ ਨਾਲ ਮਰੀਜ਼ਾਂ ਦੀ ਦੇਖਭਾਲ ਵਿੱਚ ਸੁਧਾਰ ਹੋਣ ਅਤੇ ਸਰਕਾਰੀ ਹਸਪਤਾਲਾਂ ਵਿੱਚ ਕੰਮ ਦੇ ਬੋਝ ਨੂੰ ਘਟਾਉਣ ਵਿੱਚ ਸਹਾਇਤਾ ਮਿਲੇਗੀ।

ਸਿਹਤ ਸੰਭਾਲ ਵਰਕਫੋਰਸ ਨੂੰ ਮਜ਼ਬੂਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਭਰ ਵਿੱਚ ਸਿਹਤ ਸੰਭਾਲ ਬੁਨਿਆਦੀ ਢਾਂਚੇ ਅਤੇ ਵਰਕਫੋਰਸ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਪਹਿਲਾਂ ਹੀ ਡਾਕਟਰਾਂ, ਮਾਹਿਰਾਂ ਅਤੇ ਪੈਰਾ ਮੈਡੀਕਲ ਸਟਾਫ਼ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਆਪਣੇ ਸਿਹਤ ਸੰਭਾਲ ਵਰਕਫੋਰਸ ਨੂੰ ਹੋਰ ਮਜ਼ਬੂਤ ਕਰਨ ਅਤੇ ਮਰੀਜ਼ਾਂ ਦੀ ਦੇਖਭਾਲ ਨੂੰ ਯਕੀਨੀ ਬਣਾਉਣ ਲਈ ਅਸੀਂ ਹੁਣ 672 ਵਾਧੂ ਸਟਾਫ ਨਰਸਾਂ ਦੀ ਭਰਤੀ ਕਰ ਰਹੇ ਹਾਂ। ਇਹ ਕਦਮ ਪ੍ਰਾਇਮਰੀ ਅਤੇ ਸੈਕੰਡਰੀ ਸਿਹਤ ਸੰਭਾਲ ਸੇਵਾਵਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੇ ਨਾਲ-ਨਾਲ ਪੰਜਾਬ ਦੇ ਲੋਕਾਂ ਲਈ ਬਿਹਤਰ ਗੁਣਵੱਤਾ ਵਾਲਾ ਇਲਾਜ ਯਕੀਨੀ ਬਣਾਏਗਾ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਸਿਹਤ ਸੰਭਾਲ ਸਟਾਫ਼ ਅਤੇ ਬੁਨਿਆਦੀ ਢਾਂਚੇ ਦਾ ਲਗਾਤਾਰ ਵਿਸਥਾਰ ਕੀਤਾ ਹੈ। ਹਾਲ ਹੀ ਦੇ ਸਾਲਾਂ ਵਿੱਚ 1500 ਤੋਂ ਵੱਧ ਡਾਕਟਰਾਂ ਦੀ ਨਿਯੁਕਤੀ ਕੀਤੀ ਗਈ ਹੈ, ਜਿਨ੍ਹਾਂ ਵਿੱਚ 600 ਤੋਂ ਵੱਧ ਮਾਹਰ ਅਤੇ 948 ਜਨਰਲ ਡਾਕਟਰ ਸ਼ਾਮਲ ਹਨ। ਇਹ ਨਿਯੁਕਤੀਆਂ ਪੰਜਾਬ ਵਿੱਚ ਮੌਜੂਦਾ ਸਮੇਂ ਸੇਵਾ ਨਿਭਾ ਰਹੇ ਕੁੱਲ ਡਾਕਟਰਾਂ ਦਾ ਲਗਭਗ 35 ਫ਼ੀਸਦ ਹੈ ਅਤੇ ਇਨ੍ਹਾਂ ਨੇ ਪੰਜਾਬ ਭਰ ਵਿੱਚ ਡਾਕਟਰੀ ਸੇਵਾਵਾਂ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ।

ਪੰਜਾਬ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਦੇ ਨੈੱਟਵਰਕ ਦਾ ਵਿਸਥਾਰ ਕਰਨ ਦੇ ਨਾਲ-ਨਾਲ ਸੈਕੰਡਰੀ ਸਿਹਤ ਸੰਭਾਲ ਸਹੂਲਤਾਂ ਨੂੰ ਮਜ਼ਬੂਤ ਕਰਨ ’ਤੇ ਵੀ ਧਿਆਨ ਕੇਂਦਰਿਤ ਕੀਤਾ ਹੈ ਤਾਂ ਜੋ ਮਿਆਰੀ ਪ੍ਰਾਇਮਰੀ ਸਿਹਤ ਸੰਭਾਲ ਸੇਵਾਵਾਂ ਨੂੰ ਹਰੇਕ ਨਿਵਾਸੀ ਤੱਕ ਪਹੁੰਚਾਇਆ ਜਾ ਸਕੇ। ਇਸ ਤੋਂ ਇਲਾਵਾ ਸਿਹਤ ਸਹੂਲਤਾਂ ਵਿੱਚ 300 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਮੁਫ਼ਤ ਦਵਾਈਆਂ ਅਤੇ ਆਧੁਨਿਕ ਡਾਕਟਰੀ ਉਪਕਰਣਾਂ ਦੀ ਉਪਲਬਧਤਾ ਵਧਾਈ ਗਈ ਹੈ, ਜਿਸ ਨਾਲ ਮਰੀਜ਼ਾਂ ਦੀ ਦੇਖਭਾਲ ਅਤੇ ਇਲਾਜ ਦੇ ਨਤੀਜਿਆਂ ਨੂੰ ਹੋਰ ਬਿਹਤਰ ਬਣਾਇਆ ਜਾ ਸਕਿਆ ਹੈ।

ਪੰਜਾਬ ਭਰ ਦੇ ਪਰਿਵਾਰਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦੇ ਸਿਹਤ ਕਵਰੇਜ ਰਾਹੀਂ ਵਿੱਤੀ ਸੁਰੱਖਿਆ ਵੀ ਦਿੱਤੀ ਜਾ ਰਹੀ ਹੈ, ਜਿਸ ਨਾਲ ਸੂਬੇ ਦੇ ਨਾਗਰਿਕਾਂ ਲਈ ਬਿਨਾਂ ਕਿਸੇ ਵਿੱਤੀ ਬੋਝ ਦੇ ਗੁਣਵੱਤਾ ਵਾਲੀ ਸਿਹਤ ਸੰਭਾਲ ਤੱਕ ਪਹੁੰਚ ਯਕੀਨੀ ਬਣਾਈ ਜਾ ਰਹੀ ਹੈ।

ਸਟਾਫ਼ ਨਰਸਾਂ ਵਿੱਚ 672 ਹੋਰ ਨਰਸਾਂ ਦੇ ਵਾਧੇ ਨਾਲ ਪੰਜਾਬ ਭਰ ਵਿੱਚ ਸਿਹਤ ਸੰਭਾਲ ਸੇਵਾਵਾਂ ਨੂੰ ਮਹੱਤਵਪੂਰਨ ਤੌਰ ’ਤੇ ਮਜ਼ਬੂਤੀ ਮਿਲੇਗੀ। ਇਹ ਭਰਤੀ ਪ੍ਰਾਇਮਰੀ ਅਤੇ ਸੈਕੰਡਰੀ ਸਿਹਤ ਸੰਭਾਲ ਸਹੂਲਤਾਂ ਵਿਖੇ ਮਰੀਜ਼ਾਂ ਦੀ ਦੇਖਭਾਲ ਨੂੰ ਹੋਰ ਬਿਹਤਰ ਬਣਾਉਣ, ਸਰਕਾਰੀ ਹਸਪਤਾਲਾਂ ਵਿੱਚ ਵੱਧ ਰਹੇ ਓਪੀਡੀ ਅਤੇ ਆਈਪੀਡੀ ਲੋਡ ਨੂੰ ਸਮਰਥਨ ਦੇਣ, ਜੱਚਾ ਅਤੇ ਬੱਚਾ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਕੌਮੀ ਤੇ ਪੰਜਾਬ ਸਰਕਾਰ ਦੇ ਸਿਹਤ ਪ੍ਰੋਗਰਾਮਾਂ ਦੇ ਲਾਗੂਕਰਨ ਵਿੱਚ ਸਹਾਈ ਸਿੱਧ ਹੋਵੇਗੀ।

# ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਵਿਆਪਕ ਸੰਭਾਵਨਾਵਾਂ ਨਾਲ 13 ਤੋਂ 15 ਮਾਰਚ ਤੱਕ ਮੋਹਾਲੀ ਵਿਖੇ ਕਰਵਾਇਆ ਜਾਵੇਗਾ: ਸੰਜੀਵ ਅਰੋੜਾ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਬਾਰੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਅੱਜ ਐਲਾਨ ਕੀਤਾ ਕਿ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਪਲਾਕਸ਼ਾ ਯੂਨੀਵਰਸਿਟੀ, ਐਸਏਐਸ ਨਗਰ (ਮੋਹਾਲੀ) ਵਿਖੇ 13 ਤੋਂ 15 ਮਾਰਚ ਤੱਕ ਕਰਵਾਇਆ ਜਾਵੇਗਾ, ਜੋ ਪੰਜਾਬ ਨੂੰ ਨਿਵੇਸ਼ ਅਤੇ ਨਵੀਨਤਾ ਲਈ ਇੱਕ ਪ੍ਰਮੁੱਖ ਸਥਾਨ ਵਜੋਂ ਸਥਾਪਿਤ ਕਰੇਗਾ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਸੰਮੇਲਨ ਭਾਰਤ ਅਤੇ ਵਿਸ਼ਵ ਭਰ ਦੇ ਨਿਵੇਸ਼ਕਾਂ, ਉਦਯੋਗਪਤੀਆਂ ਅਤੇ ਨੀਤੀ ਨਿਰਮਾਤਾਵਾਂ ਨੂੰ ਪੰਜਾਬ ਦੇ ਵਿਆਪਕ ਨਿਵੇਸ਼ ਮੌਕਿਆਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਪ੍ਰਮੁੱਖ ਪਲੇਟਫਾਰਮ ਵਜੋਂ ਕੰਮ ਕਰੇਗਾ।

ਇਸ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਕਿਹਾ ਕਿ ਇਸ ਸੰਮੇਲਨ ਵਿੱਚ 89 ਸੈਸ਼ਨ ਹੋਣਗੇ ਅਤੇ ਇਹ ਸੂਬੇ ਭਰ ਦੇ ਹੁਣ ਤੱਕ ਦੇ ਸਭ ਤੋਂ ਵਿਆਪਕ ਨਿਵੇਸ਼ ਸਮਾਗਮਾਂ ਵਿੱਚੋਂ ਇੱਕ ਹੋਵੇਗਾ।

ਉਨ੍ਹਾਂ ਦੱਸਿਆ ਕਿ ਇਸ ਸੰਮੇਲਨ ਵਿੱਚ ਯੂਨਾਈਟਿਡ ਕਿੰਗਡਮ, ਜਾਪਾਨ ਅਤੇ ਦੱਖਣੀ ਕੋਰੀਆ ਦੇਸ਼ਾਂ ‘ਤੇ ਕੇਂਦ੍ਰਿਤ ਸੈਸ਼ਨ ਹੋਣਗੇ ਅਤੇ ਇਸ ਦੇ ਨਾਲ ਹੀ ਇੱਕ ਸਮਰਪਿਤ ਐਮਐਸਐਮਈ ਸੈਸ਼ਨ ਵੀ ਹੋਵੇਗਾ। ਸੈਕਟਰਲ ਇੰਡਸਟਰੀ ਕਮੇਟੀਆਂ ਦੀਆਂ ਮੀਟਿੰਗਾਂ ਤੋਂ ਇਲਾਵਾ ਆਈਟੀ ਹੱਬ ਵਜੋਂ ਉੱਭਰ ਰਹੇ ਮੋਹਾਲੀ ਦੀ ਭੂਮਿਕਾ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਵੱਖ-ਵੱਖ ਉਦਯੋਗਿਕ ਖੇਤਰਾਂ @ਤੇ ਵਿਸ਼ੇਸ਼ ਸੈਸ਼ਨ ਵੀ ਕਰਵਾਏ ਜਾਣਗੇ।

ਸੰਮੇਲਨ ਦੌਰਾਨ ਇੱਕ ਉਦਯੋਗਿਕ ਪ੍ਰਦਰਸ਼ਨੀ ਵੀ ਕਰਵਾਈ ਜਾਵੇਗੀ ਜਿੱਥੇ ਪੰਜਾਬ ਦੇ ਉਦਯੋਗਾਂ ਦੇ ਉਤਪਾਦਾਂ ਅਤੇ ਨਵੀਨਤਾਵਾਂ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ ਅਤੇ ਇਸ ਜ਼ਰੀਏ ਸੂਬੇ ਦੀ ਨਿਰਮਾਣ ਸਮਰਥਾ ਅਤੇ ਉੱਦਮੀ ਭਾਵਨਾ ਉਜਾਗਰ ਕੀਤੀ ਜਾਵੇਗੀ।

ਸ੍ਰੀ ਅਰੋੜਾ ਨੇ ਦੱਸਿਆ ਕਿ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਮੁੱਖ ਮਹਿਮਾਨ ਹੋਣਗੇ, ਜਦੋਂ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਕੱਲ੍ਹ ਸਵੇਰੇ 10:30 ਵਜੇ ਸੰਮੇਲਨ ਦਾ ਉਦਘਾਟਨ ਕਰਨਗੇ। ਉਦਘਾਟਨ ਸੈਸ਼ਨ ਸਵੇਰੇ 11:00 ਵਜੇ ਤੋਂ ਦੁਪਹਿਰ 1:30 ਵਜੇ ਤੱਕ ਜਾਰੀ ਰਹੇਗਾ। ਇਸ ਤੋਂ ਬਾਅਦ ਦੁਪਹਿਰ ਦਾ ਖਾਣਾ ਅਤੇ ਸੈਕਟਰ ਅਧਾਰਤ ਵਿਸ਼ੇਸ਼ ਸੈਸ਼ਨ ਹੋਣਗੇ। ਇਸ ਸਮਾਗਮ ਦਾ ਸਮਾਪਤੀ ਸਮਾਰੋਹ 15 ਮਾਰਚ ਨੂੰ ਹੋਵੇਗਾ।

ਮੰਤਰੀ ਨੇ ਕਿਹਾ ਕਿ ਇਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਵਿਸ਼ਵ ਭਰ ਤੋਂ ਨੁਮਾਇੰਦੇ ਅਤੇ ਨਿਵੇਸ਼ਕ ਪਹੁੰਚ ਰਹੇ ਹਨ। ਜਦੋਂ ਕਿ ਮੱਧ ਪੂਰਬ ਦੇ ਕੁਝ ਭਾਗੀਦਾਰ ਉਡਾਣ ਵਿੱਚ ਰੁਕਾਵਟਾਂ ਕਾਰਨ ਯਾਤਰਾ ਨਹੀਂ ਕਰ ਸਕੇ, ਫਿਰ ਵੀ ਸੰਮੇਲਨ ਵਿੱਚ ਸੱਦਾ ਦਿੱਤੇ ਗਏ ਜ਼ਿਆਦਾਤਰ ਅੰਤਰਰਾਸ਼ਟਰੀ ਨਿਵੇਸ਼ਕਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਸਮਾਗਮ ਨਵੀਂ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀ ਦੇ ਲਾਂਚ ਤੋਂ ਬਾਅਦ ਪੰਜਾਬ ਨੂੰ ਅਥਾਹ ਸੰਭਾਵਨਾਵਾਂ ਵਜੋਂ ਉਜਾਗਰ ਕਰੇਗਾ, ਜਿਸਦਾ ਦੇਸ਼ ਭਰ ਦੇ ਉਦਯੋਗਪਤੀਆਂ ਦੁਆਰਾ ਵਿਆਪਕ ਤੌਰ @ਤੇ ਸਵਾਗਤ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਉਦਯੋਗਪਤੀ ਪੰਜਾਬ ਸਰਕਾਰ ਦੁਆਰਾ ਪੇਸ਼ ਕੀਤੇ ਗਏ।

ਆਰਐੱਸ ਅਰੋੜਾ

# ਇਨਸਾਨ! ਆਪਣੇ ਆਪ ਨੂੰ ਜਾਣ

ਜਦੋਂ ਦੀ ਦੁਨੀਆ ਬਣੀ ਹੈ, ਉਦੋਂ ਤੋਂ ਇਨਸਾਲ ਇਸ ਸਵਾਲ ਨੂੰ ਹੱਲ ਕਰਨ ਲੱਗਾ ਹੋਇਆ ਹੈ ਕਿ ਮੈਂ ਕੌਣ ਹਾਂ? ਇਸ ਦੁਨੀਆ ਨਾਲ ਮੇਰਾ ਕੀ ਸਬੰਧ ਹੈ? ਦੁਨੀਆ ਕਿਵੇਂ ਬਣੀ ਤੇ ਇਸ ਨੂੰ ਬਣਾਉਣ ਵਾਲਾ ਕੌਣ ਹੈ? ਇਸ ਦੇ ਜਵਾਬ ਲਈ ਉਸ ਨੇ ਹਰ ਖੋਜ ਕੀਤੀ ਪਰ ਸਵਾਲ ਹੱਲ ਨਾ ਹੋਇਆ। ਸਮੇਂ ਦੀ ਸ਼ੁਰੂਆਤ ਤੋਂ ਅਨੇਕਾਂ ਸੰਤ-ਮਹਾਤਮਾ ਇਸ ਸੰਸਾਰ 'ਚ ਆਏ ਅਤੇ ਉਨ੍ਹਾਂ ਨੇ ਇਨਸਾਨ ਨੂੰ ਆਤਮ-ਗਿਆਨ ਦੇ ਰੂਬਰੂ ਕੀਤਾ।

ਆਤਮ-ਗਿਆਨ ਉਹ ਹੈ, ਜੋ ਇਸ ਸਵਾਲ ਨੂੰ ਹੱਲ ਕਰੇ ਕਿ ਆਤਮਾ ਕੀ ਹੈ ਤੇ ਉਸ ਦਾ ਪਰਮਾਤਮਾ ਨਾਲ ਕੀ ਸਬੰਧ ਹੈ? ਇਹ ਅਨੁਭਵ ਅਸੀਂ ਆਪਣੇ ਅੰਦਰ ਉਤਰ ਕੇ ਹੀ ਹਾਸਲ ਕਰ ਸਕਦੇ ਹਾਂ। ਸੰਤਾਂ-ਮਹਾਤਮਾਵਾਂ ਨੇ ਇਸ ਨੂੰ ਪਰਾ-ਵਿੱਦਿਆ ਕਿਹਾ ਹੈ। ਇਸ ਤੋਂ ਇਲਾਵਾ ਜਿੰਨੇ ਵੀ ਬਾਹਰੀ ਸਾਧਨ, ਜਪ-ਤਪ, ਪੂਜਾ-ਪਾਠ, ਹਵਨ-ਦਾਨ, ਤੀਰਥ ਯਾਤਰਾ ਆਦਿ ਨੂੰ ਅਪਰਾ-ਵਿੱਦਿਆ ਕਿਹਾ ਗਿਆ ਹੈ। ਇਨ੍ਹਾਂ ਸਭਨਾਂ ਦਾ ਸਬੰਧ ਸਿਰਫ਼ ਸਾਡੇ ਸਰੀਰ ਨਾਲ ਹੈ, ਨਾ ਕਿ ਆਤਮਾ ਨਾਲ।

ਪੂਰਨ ਸੰਤਾਂ ਦੀ ਨਜ਼ਰ 'ਚ ਦੂਸਰੇ ਵਿਗਿਆਨਾਂ ਵਾਂਗ ਪਰਾ-ਵਿੱਦਿਆ ਵੀ ਪ੍ਰੈਕਟੀਕਲ ਸਾਇੰਸ ਹੈ। ਜਿਸ ਦਾ ਅੰਤਰ-ਅਨੁਭਵ ਸਿਰਫ਼ ਜਿਊਂਦੇ-ਜਾਗਦੇ ਪੂਰਨ ਗੁਰੂ ਦੀ ਸ਼ਰਨ 'ਚ ਜਾ ਕੇ ਹੀ ਮਿਲ ਸਕਦਾ ਹੈ। ਚਾਹੇ ਉਹ ਹਿੰਦੂ ਹੋਵੇ, ਮੁਸਲਮਾਨ ਹੋਵੇ, ਸਿੱਖ ਹੋਵੇ ਜਾਂ ਈਸਾਈ ਹੋਵੇ, ਇਸ ਦਾ ਕੋਈ ਫ਼ਰਕ ਨਹੀਂ ਪੈਂਦਾ। ਅਜਿਹੇ ਗੁਰੂ ਜਾਤ-ਪਾਤ ਤੇ ਧਰਮ ਦਾ ਭੇਦ ਨਹੀਂ ਕਰਦੇ। ਉਨ੍ਹਾਂ ਦੀ ਨਜ਼ਰ 'ਚ ਸਾਰੇ ਸਮਾਜ ਵੱਖ-ਵੱਖ ਸਕੂਲਾਂ-ਕਾਲਜਾਂ ਦੀ ਤਰ੍ਹਾਂ ਹਨ। ਜਿਵੇਂ ਸਕੂਲਾਂ ਤੇ ਕਾਲਜਾਂ ਦੀਆਂ ਵੱਖ-ਵੱਖ ਵਰਦੀਆਂ ਤੇ ਬਿੱਲੇ ਹੁੰਦੇ ਹਨ, ਪਰ ਉਨ੍ਹਾਂ ਦੀ ਸਿੱਖਿਆ ਇਕ ਹੈ। ਠੀਕ ਇਸੇ ਤਰ੍ਹਾਂ ਸਮਾਜਾਂ 'ਚ ਆਪਣੇ-ਆਪਣੇ ਚਿੰਨ੍ਹ-ਚੱਕਰ ਹਨ ਪਰ ਆਦਰਸ਼ ਸਾਰਿਆਂ ਦਾ ਇਕ ਹੈ। ਇਨ੍ਹਾਂ ਸਾਰੇ ਸਮਾਜਾਂ ਨਾਲੋਂ ਇਨਸਾਨ ਦਾ ਦਰਜਾ ਸਭ ਤੋਂ ਉੱਚਾ ਹੈ। ਸਾਰੇ ਮਹਾਪੁਰਸ਼ਾਂ ਨੇ ਕਿਹਾ ਹੈ ਕਿ ਇਨਸਾਨ-ਇਨਸਾਨ ਸਭ ਇਕ ਹਨ, ਚਾਹੇ ਉਹ ਕਿਸੇ ਵੀ ਦੇਸ਼, ਜਾਤੀ, ਧਰਮ, ਜਾਂ ਸਮਾਜ ਨਾਲ ਸਬੰਧ ਰੱਖਦੇ ਹੋਣ, ਅਸੀਂ ਸਾਰੇ ਪਰਮਾਤਮਾ ਦੇ ਬੱਚੇ ਤੇ ਆਪਸ 'ਚ ਭੈਣ-ਭਰਾ ਹਾਂ।

ਇਨਸਾਨ ਨੇ ਸਰੀਰ ਤੇ ਬੁੱਧੀ ਨਾਲ ਬੜੀ ਤਰੱਕੀ ਕੀਤੀ ਪਰ ਆਤਮਾ, ਜੋ ਕਿ ਸਰੀਰ ਅਤੇ ਮਨ, ਦੋਵਾਂ ਨੂੰ ਚਲਾਉਣ ਵਾਲੀ ਤਾਕਤ ਹੈ, ਉਸ ਦੇ ਬਾਰੇ ਅਸੀਂ ਕੁਝ ਨਹੀਂ ਜਾਣਦੇ। ਆਤਮ-



ਵਿਸ਼ਲੇਸ਼ਣ ਜਾਂ ਆਤਮਾ ਦਾ ਮਨ-ਇੰਦਰੀਆਂ ਤੋਂ ਉੱਪਰ ਉੱਠ ਕੇ ਉਸ ਦੇ ਨਿਜਸਰੂਪ ਦਾ ਦਰਸ਼ਨ ਕਰਨਾ ਹੀ ਆਤਮ-ਅਨੁਭਵ ਹੈ ਪਰ ਉਸ ਪਰਮਾਤਮਾ ਨੂੰ, ਜਿਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਜਿਸ ਵਿਚ ਅਸੀਂ ਵਿਸ਼ਵਾਸ ਰੱਖਦੇ ਹਾਂ ਤੇ ਉਸ ਨੂੰ ਪੂਜਦੇ ਹਾਂ, ਕੀ ਅਸੀਂ ਇਸ ਨੂੰ ਵੀ ਵੇਖ ਸਕਦੇ ਹਾਂ। ਕੀ ਅਸੀਂ ਉਸ ਨਾਲ ਗੱਲਾਂ ਕਰ ਸਕਦੇ ਹਾਂ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਾਨੂੰ ਪੂਰਨ ਗੁਰੂ ਦਿੰਦੇ ਹਨ ਕਿ ਹਾਂ, ਅਸੀਂ ਉਸ ਪਰਮ-ਸੱਤਾ ਨੂੰ ਦੇਖ ਵੀ ਸਕਦੇ ਹਾਂ ਤੇ ਉਸ ਨਾਲ ਗੱਲਾਂ ਵੀ ਕਰ ਸਕਦੇ ਹਾਂ, ਜੇ ਅਸੀਂ ਓਨੇ ਹੀ ਉੱਚੇ ਉੱਠ ਜਾਈਏ, ਜਿੰਨਾ ਪਰਮਾਤਮਾ ਖ਼ੁਦ ਹੈ। ਇਸ ਵਿੱਦਿਆ ਨੂੰ ਜਿਊਂਦੇ ਜੀਅ ਮਰਨ ਦੀ ਕਿਰਿਆ ਆਖਦੇ ਹਨ। ਇਹ ਹੈਰਾਨ ਵਾਲੀ ਗੱਲ ਨਹੀਂ ਬਲਕਿ ਕੁਦਰਤ ਦੇ ਨਿਯਮਾਂ ਦੇ ਅਨੁਸਾਰ ਹੈ।

ਸੰਤਾਂ ਮੁਤਾਬਕ ਕਿਸੇ ਟੀਚੇ ਦੀ ਪ੍ਰਾਪਤੀ ਲਈ ਕੁਦਰਤ ਦਾ ਇਕ ਕਾਨੂੰਨ ਹੁੰਦਾ ਹੈ, ਇਕ ਅਸੂਲ ਹੁੰਦਾ ਹੈ ਤੇ ਨਾਲ ਹੀ ਇਕ ਵਿਧੀ ਹੁੰਦੀ ਹੈ। ਜਿਸ ਨਾਲ ਅਸੀਂ ਆਪਣੇ ਯਤਨਾਂ ਦੇ ਨਤੀਜੇ ਜਾਂਚ ਸਕਦੇ ਹਾਂ, ਉਨ੍ਹਾਂ ਨੂੰ ਪਰਖ ਸਕਦੇ ਹਾਂ। ਇਹੀ ਗੱਲ ਰੂਹਾਨੀਅਤ ਵਿਚ ਲਾਗੂ ਹੁੰਦੀ ਹੈ। ਜੇ ਧਿਆਨ ਨਾਲ ਸਾਰੇ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ਜਾਵੇ ਤਾਂ ਸਾਰੇ ਧਰਮਾਂ 'ਚ ਇਕ ਹੀ ਗੱਲ ਦਾ ਜ਼ਿਕਰ ਹੈ ਲੇਕਿਨ ਧਰਮ ਗ੍ਰੰਥਾਂ ਨੂੰ ਸਿਰਫ਼ ਪੜ੍ਹ ਲੈਣਾ ਤੇ ਕਥਾ-ਕੀਰਤਨ ਕਰ ਲੈਣਾ ਹੀ ਕਾਫ਼ੀ ਨਹੀਂ। ਸਾਨੂੰ ਵੀ ਉੱਥੇ ਤਕ ਪਹੁੰਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿੱਥੋਂ ਤਕ ਉਹ ਮਹਾਪੁਰਸ਼ ਪਹੁੰਚੇ, ਜਿਨ੍ਹਾਂ ਨੇ ਆਪਣੇ ਅਨੁਭਵਾਂ ਨੂੰ ਧਰਮ ਗ੍ਰੰਥਾਂ 'ਚ ਲਿਖਿਆ, ਕਿਉਂਕਿ ਜੋ ਇਕ ਇਨਸਾਨ ਕਰ ਸਕਦਾ ਹੈ, ਉਹ ਦੂਸਰਾ ਵੀ ਕਰ ਸਕਦਾ ਹੈ, ਜੇ ਉਸ ਨੂੰ ਉਚਿਤ ਮਾਰਗ-ਦਰਸ਼ਨ ਪ੍ਰਾਪਤ ਹੋਵੇ।

ਰੂਹਾਨੀਅਤ ਦੇ ਰਸਤੇ 'ਤੇ ਸਾਨੂੰ ਸੱਚਾ ਇਨਸਾਨ ਬਣਨਾ ਪਵੇਗਾ ਫਿਰ ਪਰਮਾਤਮਾ ਨੂੰ ਪਾ ਲੈਣਾ ਮੁਸ਼ਕਲ ਨਹੀਂ। ਇਨਸਾਨ ਨੂੰ ਸੱਚਾ ਇਨਸਾਨ ਬਣਨ ਲਈ ਪੂਰਨ ਗੁਰੂ ਦਾ ਸਤਿਸੰਗ, ਜੋ ਕਿ ਇਕ ਸਕੂਲ ਦਾ ਕੰਮ ਕਰਦਾ ਹੈ। ਉੱਥੇ ਜਾ ਕੇ ਸਮਝਣਾ ਪਵੇਗਾ ਕਿ ਉਹ ਸਰੀਰ ਨਹੀਂ, ਉਸ ਵਿਚ ਵਸਦੀ ਆਤਮਾ ਵੀ ਹੈ, ਜੋ ਪਰਮਾਤਮਾ ਦਾ ਹੀ ਅੰਸ਼ ਹੈ ਤੇ ਉਹ ਆਤਮਾ ਹੀ ਸਰੀਰ ਨੂੰ ਚਲਾ ਰਹੀ ਹੈ ਲੇਕਿਨ ਇਸ ਮਾਇਆਵੀ ਦੁਨੀਆ 'ਚ ਆ ਕੇ ਅਸੀਂ ਆਪਣੇ ਮੂਲ ਸਰੂਪ, ਜੋ ਕਿ ਆਤਮਿਕ ਹੈ, ਨੂੰ ਭੁੱਲ ਬੈਠੇ ਹਾਂ। ਜਦ ਅਸੀਂ ਪੂਰਨ ਗੁਰੂ ਦੀ ਸ਼ਰਨ 'ਚ ਜਾ ਕੇ ਦੀਖਿਆ ਲੈਂਦੇ ਹਾਂ ਤਾਂ ਉਹ ਸਾਨੂੰ ਸਿਰਫ਼ ਇਸ ਦਾ ਬੌਧਿਕ ਗਿਆਨ ਹੀ ਨਹੀਂ ਬਲਕਿ ਇਸ ਦਾ ਅੰਦਰੂਨੀ ਤਜਰਬਾ ਵੀ ਦਿੰਦੇ ਹਨ, ਜਿਸ ਨਾਲ ਮੈਂ ਕੌਣ ਹਾਂ ਤੇ ਕਿੱਥੋਂ ਆਇਆ ਹਾਂ? ਵਰਗੇ ਪ੍ਰਸ਼ਨਾਂ ਦਾ ਉੱਤਰ ਆਸਾਨੀ ਨਾਲ ਮਿਲ ਜਾਂਦਾ ਹੈ ਤੇ ਅਸੀਂ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਾਂ। ਇਸ ਦੇ ਨਾਲ ਹੀ ਅਸੀਂ ਮਨੁੱਖੀ ਜੀਵਨ ਦੇ ਪਰਮ ਟੀਚੇ, ਜੋ ਕਿ ਆਪਣੇ ਆਪ ਨੂੰ ਜਾਣਨਾ ਤੇ ਪਰਮਾਤਮਾ ਨੂੰ ਪਾਉਣਾ ਹੈ, ਨੂੰ ਪ੍ਰਾਪਤ ਕਰ ਲੈਂਦੇ ਹਾਂ।

94171-44258

**ਪਹਿਲੀ ਕਿਸ਼ਤ**

*ਇਹ ਸਫ਼ਰਨਾਮਾ ਮੁਸਲਮਾਨ ਮੁਸ਼ਤਾਕ ਹੁਸੈਨ, ਜੋ ਖੰਡੇ ਦੀ ਪਾਹੁਲ ਲੈ ਕੇ ਸਈਦ ਪ੍ਰਿਥੀਪਾਲ ਸਿੰਘ ਬਣਿਆ ਸੀ, ਦੀ ਖੋਜ 'ਤੇ ਆਧਾਰਿਤ ਹੈ। ਉਨ੍ਹਾਂ ਦਾ ਜਨਮ ਸਥਾਨ ਮੀਰਪੁਰ, ਕਸ਼ਮੀਰ ਸੀ। ਕਾਨਪੁਰ ਵਿਚ ਦਿੱਤੇ ਉਨ੍ਹਾਂ ਦੇ ਭਾਸ਼ਣਾਂ ਨੂੰ ਸ. ਮਹਿੰਦਰ ਸਿੰਘ ਨੇ ਉਰਦੂ ਵਿਚ ਕਲਮਬੱਧ ਕੀਤਾ ਸੀ। ਇਹ ਉਸੇ ਹੱਥ ਲਿਖਤ ਦਾ ਪੰਜਾਬੀ ਅਨੁਵਾਦ ਹੈ।*

# ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰਨਾਮਾ



ਮੇਰੇ ਮਾਤਾ ਪਿਤਾ 1947 ਵਿਚ ਪਾਕਿਸਤਾਨ ਬਣਨ ਤੋਂ ਬਾਅਦ ਪਾਕਿਸਤਾਨ ਤੋਂ ਆ ਕੇ ਕਾਨਪੁਰ, ਯੂਪੀ ਵਿਖੇ ਵਸ ਗਏ। ਮੈਂ (ਮਹਿੰਦਰ ਸਿੰਘ) ਉਸ ਸਮੇਂ ਸੱਤਵੀਂ ਜਮਾਤ ਵਿਚ ਪੜ੍ਹਦਾ ਸਾਂ। 1950 ਵਿਚ ਮੈਂ ਜਦੋਂ ਦਸਵੀਂ ਜਮਾਤ ਵਿਚ ਸਾਂ ਤੇ ਸਈਦ ਪ੍ਰਿਥੀਪਾਲ ਸਿੰਘ ਨੇ ਕਾਨਪੁਰ ਦੇ ਗੁਰਦੁਆਰਿਆਂ ਵਿਚ ਆਪਣੇ ਭਾਸ਼ਣ ਦੇਣੇ ਸ਼ੁਰੂ ਕੀਤੇ। ਮੈਂ 1959 ਵਿਚ ਨੌਕਰੀ ਦੇ ਸਿਲਸਿਲੇ 'ਚ ਬਾਹਰ ਜਾਣ ਤਕ ਉਨ੍ਹਾਂ ਦੇ ਭਾਸ਼ਣ ਸੁਣਦਾ ਰਿਹਾ। ਉਨ੍ਹਾਂ ਨੂੰ ਬੜੀ ਗੁਰਬਾਣੀ ਯਾਦ ਸੀ ਅਤੇ ਸਾਰਾ ਕੁਰਾਨ ਸ਼ਰੀਫ਼ ਵੀ ਯਾਦ ਕੀਤਾ ਹੋਇਆ ਸੀ। ਉਸ ਸਮੇਂ ਉਨ੍ਹਾਂ ਤੋਂ ਇਲਾਵਾ ਸੰਤ ਮਸਕੀਨ ਜੀ, ਪ੍ਰਿੰਸੀਪਲ ਸਤਿਬੀਰ ਸਿੰਘ, ਸੰਤ ਨਿਹਚਲ ਸਿੰਘ ਅਤੇ ਸੰਤ ਗ਼ਰੀਬ ਸਿੰਘ ਵੀ ਆਪਣੇ ਭਾਸ਼ਣ ਦਿਆ ਕਰਦੇ ਸਨ ਪਰ ਸੰਗਤਾਂ ਵਿਚ ਸਈਦ ਪ੍ਰਿਥੀਪਾਲ ਸਿੰਘ ਦਾ ਅਸਰ ਬਹੁਤ ਜ਼ਿਆਦਾ ਸੀ। ਜਿਸ ਦਿਨ ਉਨ੍ਹਾਂ ਆਪਣਾ ਭਾਸ਼ਣ ਦੇਣਾ ਹੁੰਦਾ, ਉਸ ਦਿਨ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਗੁਰਦੁਆਰਾ ਸਾਹਿਬ ਦਾ ਪੂਰਾ ਹਾਲ, ਗੈਲਰੀਆਂ ਅਤੇ ਸਾਰੀ ਖੁੱਲ੍ਹੀ ਥਾਂ ਭਰ ਜਾਂਦੀ ਸੀ। ਮੈਂ ਵੀ ਗੈਲਰੀ ਵਿਚ ਬੈਠ ਕੇ ਉਨ੍ਹਾਂ ਦਾ ਭਾਸ਼ਣ ਉਰਦੂ ਵਿਚ ਲਿਖ ਲੈਂਦਾ ਸਾਂ।

ਸੰਗਤਾਂ ਵਿਚ ਉਨ੍ਹਾਂ ਦੇ ਭਾਸ਼ਣਾਂ ਦਾ ਅਸਰ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਕਾਨਪੁਰ ਦੇ ਸਭ ਤੋਂ ਵੱਡੇ ਗੁਰਦੁਆਰਾ ਬਾਬਾ ਮੋਹਨ ਜੀ ਵਿਚ ਇਹ ਅਪੀਲ ਕੀਤੀ ਕਿ ਉਹ ਆਪਣੇ ਲੜਕੇ ਨੂੰ ਇੰਜੀਨੀਅਰਿੰਗ ਵਿਚ ਦਾਖ਼ਲਾ ਦਿਵਾਉਣਾ ਚਾਹੁੰਦੇ ਹਨ ਪਰ ਦਾਖ਼ਲਾ ਫੀਸ ਆਦਿ ਖ਼ਰਚ ਕਰਨ ਦੀ ਉਨ੍ਹਾਂ ਦੀ ਹਿੰਮਤ ਨਹੀਂ। ਮੈਨੂੰ ਤਾਂ ਸੰਗਤ ਦਾ ਹੀ ਆਸਰਾ ਹੈ। ਬਸ, ਉਨ੍ਹਾਂ ਦਾ ਇਹ ਕਹਿਣਾ ਹੀ ਸੀ ਕਿ ਮਾਇਆ ਦੀ ਬਾਰਿਸ਼ ਹੋਣ ਲੱਗੀ ਅਤੇ ਕਈ ਬੀਬੀਆਂ ਨੇ ਆਪਣੇ ਸੋਨੇ ਦੇ ਗਹਿਣੇ ਵੀ ਉਤਾਰ ਕੇ ਦੇ ਦਿੱਤੇ। ਮੇਰੇ ਕੋਲ ਵੀ ਜੋ ਕੁਝ ਸੀ, ਦੇ ਦਿੱਤਾ।

ਉਨ੍ਹਾਂ ਦੱਸਿਆ ਕਿ ਕਿਵੇਂ ਉਹ ਇਕ ਵੱਡੇ ਘਰਾਣੇ ਦੇ ਮੁਸਲਮਾਨ ਹੁੰਦੇ ਹੋਏ ਗੁਰਸਿੱਖ ਬਣੇ। ਉਨ੍ਹਾਂ ਦਾ ਪਹਿਲਾ ਨਾਂ ਮੁਸ਼ਤਾਕ ਹੁਸੈਨ ਸੀ। ਉਨ੍ਹਾਂ ਆਖਿਆ ਕਿ ਉਹ ਕਸ਼ਮੀਰ ਦੇ ਮੀਰਪੁਰ ਸ਼ਹਿਰ ਵਿਖੇ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਦਾ ਨਾਂ ਮੁਜ਼ੱਫਰ ਹੁਸੈਨ ਸ਼ਾਹ ਸੀ ਅਤੇ ਦਾਦੇ ਦਾ ਨਾਂ ਪੀਰ ਬਾਕਰ ਸ਼ਾਹ ਸੀ। ਉਹ ਆਪਣੇ ਪਿਤਾ ਦੇ ਇਕਲੌਤੇ ਪੁੱਤਰ ਸਨ। ਆਪ ਦੇ ਦਾਦਾ ਪ੍ਰਤਾਪ ਸਿੰਘ ਡੋਗਰੇ ਦੀ ਸਰਕਾਰ ਵਿਚ ਮੰਤਰੀ ਸਨ। ਲਾਹੌਰ ਵਿਚ ਉਨ੍ਹਾਂ ਅਰਬੀ ਜ਼ੁਬਾਨ ਵਿਚ ਡਿਗਰੀ ਹਾਸਲ ਕੀਤੀ ਅਤੇ ਕੁਰਾਨ ਸ਼ਰੀਫ਼ ਦਾ ਗਹਿਰਾ ਅਧਿਐਨ ਕੀਤਾ ਸੀ।

1927 ਈਸਵੀ ਵਿਚ ਉਨ੍ਹਾਂ ਦੇ ਪਿਤਾ ਨੇ ਮੱਕੇ ਦੇ ਹੱਜ ਲਈ ਇਕ ਕਾਫ਼ਲਾ ਤਿਆਰ ਕੀਤਾ। ਮੈਨੂੰ ਵੀ ਨਾਲ ਜਾਣ ਲਈ ਕਿਹਾ ਗਿਆ। ਮੈਂ ਆਪਣੀ ਮਾਂ ਕੋਲੋਂ ਇਜਾਜ਼ਤ ਲੈ ਕੇ ਤਿਆਰ ਹੋ ਗਿਆ। ਮੱਕਾ ਪਹੁੰਚ ਕੇ ਮੇਰੇ ਪਿਤਾ ਨੇ ਮੈਨੂੰ 'ਮੌਲਵੀ ਫ਼ਾਜ਼ਲ' ਦੀ ਡਿਗਰੀ ਲੈਣ ਲਈ ਮਦੀਨੇ ਦੀ ਮਿੱਨਾਂ ਯੂਨੀਵਰਸਿਟੀ ਵਿਚ ਦਾਖ਼ਲ ਕਰਵਾ ਦਿੱਤਾ। ਮੈਂ ਆਪਣੀ ਕਾਬਲੀਅਤ ਨੂੰ ਵਧਾਉਣ ਲਈ ਮਦੀਨੇ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਵਿਚ ਕਿਤਾਬਾਂ ਪੜ੍ਹਨ ਲੱਗਾ। ਕੁਝ ਦਿਨਾਂ ਬਾਅਦ ਮੇਰੇ ਹੱਥ ਇਕ ਹੱਥ-ਲਿਖਤ ਕਿਤਾਬ ਲੱਗੀ, ਜਿਸ ਦਾ ਨਾਂ ਸੀ 'ਸਯਾਹਤੋ ਬਾਬਾ ਨਾਨਕ ਫ਼ਕੀਰ' (ਸਫ਼ਰਨਾਮਾ ਬਾਬਾ ਨਾਨਕ ਫ਼ਕੀਰ) ਅਤੇ ਇਕ ਹੋਰ ਕਿਤਾਬ 'ਤਵਾਰੀਖ਼ ਅਰਬ।'

ਪਹਿਲੀ ਹੱਥ-ਲਿਖਤ ਤਾਜੋਦੀਨ ਦੀ ਲਿਖੀ ਹੋਈ ਸੀ ਅਤੇ ਦੂਸਰੀ ਖਵਾਜ਼ਾ ਜੈਨਲਉਬਦੀਨ ਦੀ। ਪਹਿਲੀ ਕਿਤਾਬ ਪੜ੍ਹ ਕੇ ਉਹ ਹੈਰਾਨ ਰਹਿ ਗਏ ਕਿ ਸਾਰੇ ਅਰਬ ਵਿਚ ਬਾਬਾ ਨਾਨਕ ਜੀ ਕਈ ਵੱਡੇ-ਵੱਡੇ ਸ਼ਹਿਰਾਂ ਵਿਚ ਗਏ ਅਤੇ ਉੱਥੋਂ ਦੇ ਸਾਰੇ ਵੱਡੇ ਪੀਰਾਂ ਨਾਲ ਮੁਲਾਕਾਤ ਕੀਤੀ ਅਤੇ ਪੀਰਾਂ ਨੇ ਬਾਬਾ ਜੀ ਨਾਲ ਧਾਰਮਿਕ ਅਤੇ ਕਈ ਤਰ੍ਹਾਂ ਦੇ ਅਣਗਿਣਤ ਸਵਾਲ ਕੀਤੇ, ਜਿਨ੍ਹਾਂ ਦੇ ਹੈਰਾਨਕੁੰਨ ਜਵਾਬ ਸੁਣ ਕੇ ਉਨ੍ਹਾਂ ਸਾਰਿਆਂ ਨੇ ਬਾਬਾ ਜੀ ਦੇ ਪੈਰ ਪਕੜੇ ਅਤੇ ਆਪਣੇ ਕਈ ਸਾਥੀਆਂ ਦੇ ਨਾਲ ਉਨ੍ਹਾਂ ਦੇ ਮੁਰੀਦ ਬਣ ਗਏ। ਇਹ ਕਿਤਾਬ ਉਨ੍ਹਾਂ ਨੇ ਕਈ ਵਾਰ ਪੜ੍ਹੀ ਅਤੇ ਉਨ੍ਹਾਂ ਦੇ ਦਿਲ 'ਤੇ ਉਸ ਕਿਤਾਬ ਦਾ ਬੜਾ ਗਹਿਰਾ ਅਸਰ ਹੋਇਆ। ਦੂਸਰੀ ਕਿਤਾਬ 'ਤਵਾਰੀਖ਼ ਅਰਬ' ਵਿਚ ਉਨ੍ਹਾਂ ਨੇ ਪੜ੍ਹਿਆ ਕਿ ਮੱਕਾ ਦੇ ਸਭ ਤੋਂ ਵੱਡੇ ਹਾਜੀ ਰੁਕਨਦੀਨ ਨੇ ਬਾਬਾ ਜੀ ਨਾਲ 360 ਸਵਾਲ ਕੀਤੇ, ਜਿਨ੍ਹਾਂ ਦੇ ਹੈਰਾਨਕੁੰਨ ਜਵਾਬ ਸੁਣ ਕੇ ਉਹ ਆਪਣੇ ਕਈ ਅਜ਼ੀਜ਼ਾਂ ਅਤੇ ਸਾਥੀਆਂ ਨਾਲ ਬਾਬਾ ਜੀ ਦੇ ਮੁਰੀਦ ਬਣੇ।



ਡਾ. ਜਸਬੀਰ ਸਿੰਘ ਸਰਨਾ
99065-66604

ਬਾਬਾ ਜੀ ਕਿਸ ਤਰ੍ਹਾਂ ਅਤੇ ਕਿਵੇਂ ਮੱਕਾ ਗਏ? ਇਤਿਹਾਸਕਾਰਾਂ ਅਨੁਸਾਰ ਬਾਬਾ ਜੀ ਡੇਰਾ ਇਸਮਾਇਲ ਖ਼ਾਨ ਅਤੇ ਪਠਾਨਵਲੀ ਇਲਾਕੇ ਤੋਂ ਹੁੰਦੇ ਹੋਏ ਮਠਨਕੋਟ ਪੁੱਜੇ। ਇਹ ਥਾਂ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਆਖ਼ਰੀ ਹੱਦ ਸੀ। ਇਥੇ ਬਾਬਾ ਜੀ ਨੇ ਇਕ ਜ਼ਾਲਮ ਬ੍ਰਾਹਮਣ ਦੀ ਜ਼ਿੰਦਗੀ ਨੂੰ ਸਫਲ ਕੀਤਾ। ਇਥੇ ਬਾਬਾ ਜੀ ਦਾ ਇਕ ਵੱਡਾ ਗੁਰਦੁਆਰਾ ਹੈ, ਜੋ ਬਹੁਤ ਪ੍ਰਸਿੱਧ ਹੈ। ਇਥੋਂ ਚੱਲ ਕੇ ਬਾਬਾ ਜੀ ਸਖੋਰ ਸ਼ਹਿਰ ਦੇ ਕੋਲ ਸਾਧੂ ਬੇਲਾ ਦਾ ਡੇਰਾ ਕੀਤਾ। ਇਸ ਥਾਂ ਦੀ ਖੋਜ ਬਾਬਾ ਨੌਕੰਠੀ ਦਾਸ ਨੇ ਕੀਤੀ ਸੀ ਅਤੇ ਉਹ ਉਦਾਸੀਆਂ ਦੇ ਪ੍ਰਬੰਧ ਹੇਠ ਹੈ ਅਤੇ ਇਸ ਅਸਥਾਨ ਦੀ ਮਹਾਨਤਾ ਸਾਰੇ ਸਿੰਧ ਵਿਚ ਹੈ। ਇਥੋਂ ਚੱਲ ਕੇ ਬਾਬਾ ਜੀ ਕਰਾਚੀ ਬੰਦਰਗਾਹ ਲਾਗੇ ਜਾ ਠਹਿਰੇ। ਇਸ ਥਾਂ ਦਾ ਨਾਂ ਅਕਾਲ ਬੁੰਗਾ ਹੈ। ਇਸ ਥਾਂ ਨੂੰ ਆਜ਼ਾਦ ਕਰਵਾਉਣ ਵਾਸਤੇ 1938 ਵਿਚ ਸਿੱਖ ਪੰਥ ਨੇ ਭਾਰੀ ਮੋਰਚਾ ਲਾਇਆ ਸੀ।



ਸਈਦ ਪ੍ਰਿਥੀਪਾਲ ਸਿੰਘ

ਸਈਦ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਇਸ ਮੋਰਚੇ ਵਿਚ ਉਨ੍ਹਾਂ ਨੇ ਸਰਗਰਮ ਸੇਵਾਵਾਂ ਨਿਭਾਈਆਂ ਸਨ। ਇਥੋਂ ਚੱਲ ਕੇ ਗੁਰੂ ਜੀ ਸਮੁੰਦਰ ਪਾਰ ਅਦਨ ਦੇ ਕਿਬਲੇ ਹੇਠਾਂ ਬੈਠੇ। ਇਥੇ ਅੱਜ ਕੱਲ੍ਹ ਬਾਬਾ ਜੀ ਭਾਰੀ ਯਾਦਗਾਰੀ ਅਸਥਾਨ ਬਣਿਆ ਹੋਇਆ ਹੈ।

ਇਥੋਂ ਚੱਲ ਕੇ ਗੁਰੂ ਜੀ ਜੱਦਾ ਸ਼ਰੀਫ਼ ਬੀਬੀ ਹੱਵਾ ਦੀ ਕਬਰ ਕੋਲ ਡੇਰਾ ਕੀਤਾ। ਇਥੇ ਹੁਣ ਬਾਬਾ ਜੀ ਦਾ ਆਲੀਸ਼ਾਨ ਗੁਰਦੁਆਰਾ ਹੈ, ਜਿਸ ਦਾ ਨਾਂ 'ਨਾਨਕ ਸ਼ਾਹ ਕਲੰਦਰ' ਹੈ। ਇਥੋਂ ਜਦੋਂ ਬਾਬਾ ਜੀ 22 ਕੋਸ ਅੱਗੇ ਪਹੁੰਚੇ ਤਾਂ ਉਨ੍ਹਾਂ ਪਾਨੀਪਤ ਤੋਂ ਆ ਰਹੇ ਹਾਜੀਆਂ ਦਾ ਕਾਫ਼ਲਾ ਵੇਖਿਆ। ਉਸ ਕਾਫ਼ਲੇ ਦਾ ਸਰਦਾਰ ਸ਼ਾਹ ਸ਼ਰਫ਼ ਅੱਗੇ ਊਠ 'ਤੇ ਜਾ ਰਿਹਾ ਸੀ। ਬਾਬਾ ਜੀ ਨੇ ਜਲਦੀ-ਜਲਦੀ ਕਾਫ਼ਲੇ ਨੂੰ ਪਾਰ ਕਰ ਕੇ ਸ਼ਾਹ ਸ਼ਰਫ਼ ਦੇ ਅੱਗੇ ਚੱਲਣਾ ਸ਼ੁਰੂ ਕਰ ਦਿੱਤਾ। ਸ਼ਾਹ ਸ਼ਰਫ਼ ਨੇ ਬਾਬਾ ਜੀ ਦਾ ਫ਼ਕੀਰੀ ਲਿਬਾਸ ਵੇਖ ਕੇ ਆਪਣੇ ਮੁਰੀਦ ਨੂੰ ਬਾਬਾ ਜੀ ਨੂੰ ਰੋਕਣ ਲਈ ਆਖਿਆ। ਉਸ ਦਾ ਖ਼ਿਆਲ ਸੀ ਕਿ ਬਹੁਤੇ ਲੋਕ ਜਨਤਾ ਨੂੰ ਠੱਗਣ ਲਈ ਫ਼ਕੀਰੀ ਬਾਣਾ ਪਹਿਨ ਲੈਂਦੇ ਹਨ ਪਰ ਅੰਦਰੋਂ ਫ਼ਕੀਰੀ ਵਾਲੀ ਕੋਈ ਬਾਤ ਨਹੀਂ ਹੁੰਦੀ। ਉਸ ਨੇ ਮਨਸੂਬਾ ਬਣਾਇਆ ਕਿ ਇਨ੍ਹਾਂ ਦਾ ਇਮਤਿਹਾਨ ਲਵਾਂਗਾ ਅਤੇ ਪੂਰੇ ਨਾ ਉਤੇ ਤਾਂ ਉਨ੍ਹਾਂ ਦੇ ਕੱਪੜੇ ਉਤਾਰ ਕੇ ਕੁੱਟਮਾਰ ਕਰ ਕੇ ਬੇਇੱਜ਼ਤ ਕਰਾਂਗਾ। ਇਸ ਖ਼ਿਆਲ ਨਾਲ ਉਸ ਨੇ ਬਾਬਾ ਜੀ ਨੂੰ 62 ਸਵਾਲ ਕੀਤੇ। ਉਨ੍ਹਾਂ ਸਾਰਿਆਂ ਦਾ ਹੈਰਾਨਕੁੰਨ ਜਵਾਬ ਸੁਣ ਕੇ ਤਸੱਲੀ ਹੋਈ ਅਤੇ ਉਸ ਨੇ ਬਾਬਾ ਜੀ ਤੋਂ ਪੁੱਛਿਆ ਕਿ ਤੁਸੀਂ ਕਿੱਧਰ ਜਾ ਰਹੇ ਹੋ? ਬਾਬਾ ਜੀ ਨੇ ਆਖਿਆ 'ਮੱਕਾ', ਤਾਂ ਉਸ ਨੇ ਕਿਹਾ ਕਿ ਆਪ ਤਾਂ ਹਿੰਦੂ ਹੋ, ਮੱਕਾ ਵਿਚ ਕਿਸੇ ਗ਼ੈਰ-ਮੁਸਲਿਮ ਨੂੰ ਨਹੀਂ ਜਾਣ ਦਿੱਤਾ ਜਾਂਦਾ। ਬਾਬਾ ਜੀ ਨੇ ਜਵਾਬ ਵਿਚ ਕਿਹਾ, ਵੇਖੋ ਖ਼ੁਦਾ ਨੂੰ ਕੀ ਮਨਜ਼ੂਰ ਹੈ! ਇਹ 62 ਸਵਾਲ ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਤਵਾਰੀਖ਼ ਗੁਰੂ ਖ਼ਾਲਸਾ' ਵਿਚ ਦਰਜ ਕੀਤੇ ਹਨ। ਪੰਜ ਮਹੀਨੇ ਬਾਅਦ ਸ਼ਾਹ ਸ਼ਰਫ਼ ਮੱਕਾ ਪੁੱਜਿਆ। ਉੱਥੇ ਬਾਬਾ ਜੀ ਨੂੰ ਵੇਖ ਕੇ ਹੈਰਾਨ ਹੋ ਗਿਆ। ਪੁੱਛ-ਪੜਕਾਲ ਕਰ ਕੇ ਪਤਾ ਕੀਤਾ ਕਿ ਬਾਬਾ ਜੀ ਪੰਜ ਮਹੀਨੇ ਤੋਂ ਇਥੇ ਰਹਿ ਰਹੇ ਹਨ ਅਤੇ ਉਨ੍ਹਾਂ ਦੀ ਬੜੀ ਇੱਜ਼ਤ ਅਤੇ ਸੇਵਾ ਹੋ ਰਹੀ ਹੈ।

ਬਾਬਾ ਜੀ ਮੱਕਾ ਜਾਣ ਤੋਂ ਪਹਿਲਾਂ ਮੱਕਾ ਤੋਂ ਤਕਰੀਬਨ ਇਕ ਹਜ਼ਾਰ ਕੋਸ ਪਹਿਲਾਂ ਇਰਾਨ ਦੇ ਇਨੂਲਸ ਸ਼ਹਿਰ ਦੇ ਬਾਹਰ ਜੰਗਲੀ ਸੁਲੇਮਾਨ ਪਹਾੜੀ ਰਸਤੇ ਵਿਚ ਬੈਠ ਕੇ ਕੀਰਤਨ ਕਰਨ ਲੱਗੇ। ਤਾਜਦੀਨ ਨੇ ਆਪਣੀ ਕਿਤਾਬ 'ਸਯਾਹਤੋ ਬਾਬਾ ਨਾਨਕ ਫ਼ਕੀਰ' ਵਿਚ ਲਿਖਿਆ ਹੈ ਕਿ ਉਹ ਆਪਣੇ ਕਿਸੇ ਕੰਮ ਲਈ ਜਾ ਰਿਹਾ ਸੀ ਕਿ ਉਨ੍ਹਾਂ ਦੀ ਨਜ਼ਰ ਬਾਬਾ ਜੀ 'ਤੇ ਪਈ, ਖ਼ੁਦਾ ਦੀ ਸਿਫ਼ਤ-ਸਲਾਹ ਸੁਣ ਕੇ ਉੱਥੇ ਬੈਠ ਗਏ। ਥੋੜ੍ਹੀ ਦੇਰ ਬਾਅਦ ਨਮਾਜ਼ ਦਾ ਸਮਾਂ ਹੋਣ ਕਾਰਨ ਉੱਠ ਕੇ ਚੱਲਣ ਲੱਗਾ ਤਾਂ ਬਾਬਾ ਜੀ ਨੇ ਅਰਬੀ ਜ਼ੁਬਾਨ ਵਿਚ ਕਿਹਾ, 'ਕੁਨਾ (ਭਾਵ, ਬੈਠ ਜਾਓ) ਤਾਂ ਮੈਂ ਬੈਠ ਗਿਆ। ਫਿਰ ਥੋੜ੍ਹੀ ਦੇਰ ਬਾਅਦ ਚੱਲਣ ਲੱਗਾ ਤਾਂ ਥੋੜ੍ਹੇ ਕਰੜੇ ਸ਼ਬਦਾਂ ਵਿਚ ਬਾਬਾ ਜੀ ਨੇ ਕਿਹਾ, 'ਵਲੇ ਤਾਜ਼ ਟੂ ਕਿੰਨਾ' (ਕਿਉਂ ਜਾਂਦੇ ਹੋ, ਬੈਠ ਜਾਓ)। ਜਵਾਬ ਵਿਚ ਮੈਂ ਅਰਬੀ ਵਿਚ ਕਿਹਾ, 'ਹਜ਼ੂਰ ਨਮਾਜ਼ ਦਾ ਸਮਾਂ ਹੋ ਗਿਆ ਹੈ। ਅੱਗੇ ਪਹਾੜੀ ਵਿਚ ਪਾਣੀ ਦੀ ਤਲਾਸ਼ ਕਰ ਵਜ਼ੂ ਕਰ ਕੇ ਨਮਾਜ਼ ਪੜ੍ਹਾਂਗਾ। ਬਾਬਾ ਜੀ ਨੇ ਇਹ ਸੁਣ ਕੇ ਕਿਹਾ, 'ਲਾ ਤੁਕੰਨਾ ਤੂ ਮਾਰਦੋ ਮਾਤੁੱਲਾ' (ਭਾਵ, ਹੇ ਖ਼ੁਦਾ ਦੇ ਬੰਦੇ ਤੂੰ ਖ਼ੁਦਾ ਦੀ ਰਹਿਮਤ ਤੋਂ ਬੇਜ਼ਾਰ ਨਾ ਹੋ)। 'ਹਿੰਨਾ ਚਸ਼ਮੇ ਆਬ ਬੇਸਆਰ ਅਸਤ' (ਭਾਵ, ਇਥੇ ਪਾਣੀ ਬਹੁਤ ਮਿਲੇਗਾ, ਭਰੋਸਾ ਰੱਖ)।

ਇਹ ਸੁਣ ਕੇ ਮੇਰੇ ਅੰਦਰ ਪ੍ਰੇਮ ਜਾਗਿਆ ਅਤੇ ਬੈਠ ਗਿਆ ਤੇ ਨਮਾਜ਼ ਭੁੱਲ ਗਈ। ਪਰ ਬਾਬਾ ਜੀ ਨੂੰ ਮੇਰੀ ਨਮਾਜ਼ ਦਾ ਖ਼ਿਆਲ ਸੀ। ਉਨ੍ਹਾਂ ਨੇ ਮਰਦਾਨਾ ਜੀ ਨੂੰ ਕਿਹਾ, 'ਇਨ੍ਹਾਂ ਨੇ ਨਮਾਜ਼ ਪੜ੍ਹਨੀ ਹੈ, ਕਿਤੋਂ ਪਾਣੀ ਤਲਾਸ਼ ਕਰੋ।' ਮਰਦਾਨਾ ਜੀ ਨੇ ਕਿਹਾ, 'ਹਜ਼ੂਰ ਮੈਂ ਵੀ ਬੜੀ ਦੇਰੀ ਤੋਂ ਪਿਆਸਾ ਹਾਂ ਅਤੇ ਮੇਰਾ ਵੀ ਧਿਆਨ ਪਾਣੀ ਦੀ ਤਲਾਸ਼ ਵਿਚ ਇਨ੍ਹਾਂ ਪਹਾੜੀਆਂ ਵਿਚ ਲੱਗਾ ਹੋਇਆ ਹੈ ਪਰ ਕਿਤੇ ਪਾਣੀ ਨਜ਼ਰ ਨਹੀਂ ਆ ਰਿਹਾ।' ਬਾਬਾ ਜੀ ਨੇ ਫ਼ਰਮਾਇਆ, 'ਮਰਦਾਨਾ ਜੀ ਇਸ ਧਰਤੀ ਨੇ ਖ਼ੁਦਾ ਦੀ ਸਿਫ਼ਤ-ਸਲਾਹ ਦਾ ਕੀਰਤਨ ਸੁਣਿਆ ਹੈ, ਇਹ ਜ਼ਰੂਰ ਤੁਹਾਨੂੰ ਪਾਣੀ ਦੀ ਬਖ਼ਸ਼ਿਸ਼ ਕਰੇਗੀ। ਇਹ ਲਉ ਸਾਡਾ 'ਆਸਾ' (ਸੋਟੀ), ਉਹ ਸਾਹਮਣੇ ਜੋ ਪੱਥਰ ਉੱਪਰ ਉੱਠਿਆ ਹੋਇਆ ਹੈ, ਉਸ ਨੂੰ ਇਸ 'ਆਸਾ' ਨਾਲ ਪੁੱਟੋ।' ਮਰਦਾਨਾ ਜੀ ਨੇ ਐਸਾ ਹੀ ਕੀਤਾ ਤਾਂ ਪਾਣੀ ਦਾ ਚਸ਼ਮਾ ਫੁੱਟ ਪਿਆ। ਪਾਣੀ ਉੱਪਰ ਆ ਕੇ ਬਾਬਾ ਜੀ ਦੇ ਪੈਰਾਂ ਨੂੰ ਚੁੰਮ ਕੇ ਵਾਪਸ ਚਲਾ ਗਿਆ।

ਤਾਜਦੀਨ ਲਿਖਦੇ ਹਨ ਕਿ ਇਹ ਕਰਾਮਾਤ ਦੇਖ ਕੇ ਮੇਰੇ ਦਿਲ ਵਿਚ ਬਾਬਾ ਜੀ ਦੀ ਇੱਜ਼ਤ ਬਹੁਤ ਹੋ ਗਈ। ਵਜ਼ੂ ਕਰ ਕੇ ਨਮਾਜ਼ ਪੜ੍ਹ ਲਈ। ਬਾਬਾ ਜੀ ਨੂੰ ਮੈਂ ਦੋ ਹੱਥ ਜੋੜ ਕੇ ਬੇਨਤੀ ਕੀਤੀ ਕਿ ਆਪ ਵੀ ਨਮਾਜ਼ ਪੜ੍ਹ ਲਉ। ਜਵਾਬ ਵਿਚ ਗੁਰੂ ਜੀ ਨੇ ਕਿਹਾ ਅਸੀਂ ਤਾਂ ਮੱਕਾ ਜਾ ਕੇ ਹੀ ਨਮਾਜ਼ ਪੜ੍ਹਾਂਗੇ। ਇਹ ਸੁਣ ਕੇ ਮੈਂ ਹੈਰਾਨ ਹੋ ਗਿਆ ਕਿ ਨਮਾਜ਼ ਦਾ ਸਮਾਂ ਤੇ ਹੋ ਗਿਆ ਹੈ ਅਤੇ ਮੱਕਾ ਤਾਂ ਇਥੋਂ ਇਕ ਹਜ਼ਾਰ ਕੋਸ ਤੋਂ ਵੀ ਵੱਧ ਦੂਰ ਹੈ।

ਬਾਬਾ ਜੀ ਨੂੰ ਇਹ ਕਹਿ ਹੀ ਰਿਹਾ ਸੀ ਕਿ ਉਨ੍ਹਾਂ ਦੇ ਚਿਹਰੇ 'ਤੇ ਅਜਿਹੀ ਚਮਕ ਪਈ ਜਿਵੇਂ ਹਜ਼ਾਰਾਂ ਸੂਰਜਾਂ ਦੀ ਚਮਕ ਉਨ੍ਹਾਂ ਦੇ ਚਿਹਰੇ 'ਤੇ ਆ ਪਈ ਹੋਵੇ ਅਤੇ ਉਸ ਚਮਕ ਨਾਲ ਮੇਰੀਆਂ ਅੱਖਾਂ ਬੰਦ ਹੋ ਦਈਆਂ। ਏਨੇਂ ਵਿਚ ਮੇਰਾ ਮੋਢਾ ਕਿਸੇ ਸਖ਼ਤ ਚੀਜ਼ ਨਾਲ ਟਕਰਾ ਗਿਆ। ਅੱਖਾਂ ਖੋਲ੍ਹੀਆਂ ਤਾਂ ਵੇਖਿਆ ਅਸੀਂ ਸਾਰੇ ਅਰਬ ਦੇ ਸਭ ਤੋਂ ਵੱਡੇ ਸ਼ਹਿਰ 'ਬਹਿਤੁਲ ਮਕੂਸ' ਦੀ ਮਸੀਤ ਉਕੱਸਾ ਦੇ ਪਾਸ ਮੌਜੂਦ ਸਾਂ। ਇਹ ਦੇਖ ਕੇ ਮੈਂ ਹੈਰਾਨ ਹੋ ਗਿਆ ਕਿ ਇਤਨਾ ਲੰਬਾ ਸਫ਼ਰ ਇਕ ਘੜੀ ਵਿਚ ਕਿਸ ਤਰ੍ਹਾਂ ਤਹਿ ਹੋ ਗਿਆ! ਹੁਣ ਮੈਂ ਜਿਤਨਾ ਸਮਾਂ ਬਾਬਾ ਜੀ ਅਰਬ ਵਿਚ ਰਹੇ, ਮੈਂ ਉਨ੍ਹਾਂ ਦੇ ਨਾਲ ਰਿਹਾ ਅਤੇ ਉਨ੍ਹਾਂ ਦੇ ਸਾਰੇ ਹਾਲਾਤ ਨੂੰ ਨਾਲ-ਨਾਲ ਲਿਖਦਾ ਰਿਹਾ। ਜਦੋਂ ਬਾਬਾ ਜੀ ਨੇ ਵਾਪਸ ਜਾਣ ਦੀ ਤਿਆਰੀ ਕੀਤੀ ਤਾਂ ਮੈਂ ਸਾਰੇ ਵਾਕਿਆਤ ਨੂੰ ਕਿਤਾਬ ਦੀ ਸ਼ਕਲ ਦਿੱਤੀ ਅਤੇ ਨਾਂ ਰੱਖਿਆ 'ਸਯਾਹਤੋ ਬਾਬਾ ਨਾਨਕ ਫ਼ਕੀਰ' ਅਤੇ ਇਸ ਦੀ ਇਕ ਕਾਪੀ ਮਦੀਨੇ ਦੀ ਲਾਇਬ੍ਰੇਰੀ ਨੂੰ ਦੇ ਦਿੱਤੀ।

(ਚੱਲਦਾ)

**ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ 5 ਫਰਵਰੀ 1762 ਨੂੰ ਸਿੱਖਾਂ ਉੱਪਰ ਵੱਡਾ ਹੱਲਾ ਬੋਲਿਆ। ਇਸ ਜੰਗ 'ਚ ਹਜ਼ਾਰਾਂ ਸਿੱਖ ਸ਼ਹੀਦ ਹੋਏ। 'ਵੱਡਾ ਘੱਲੂਘਾਰਾ' ਨਾਂ ਦੇ ਇਸ ਸਾਕੇ ਤੋਂ ਛੇਤੀ ਬਾਅਦ ਸਿੱਖ ਵੱਡੀ ਸ਼ਕਤੀ ਬਣ ਕੇ ਉੱਭਰੇ ਤੇ ਅਬਦਾਲੀ ਨੂੰ ਮਾਤ ਦਿੱਤੀ...**

# 1762 ਦਾ ਸ਼ਹੀਦੀ ਸਾਕਾ
# ਵੱਡਾ ਘੱਲੂਘਾਰਾ



ਅਹਿਮਦ ਸ਼ਾਹ ਅਬਦਾਲੀ ਦੇ ਮਾਰਚ 1761 ਵਿਚ ਭਾਰਤ 'ਚੋਂ ਲੁੱਟਿਆ ਹੋਇਆ ਮਾਲ ਲੈ ਕੇ ਕਾਬੁਲ-ਕੰਧਾਰ (ਅਫ਼ਗਾਨਿਸਤਾਨ) ਪਰਤਣ ਦੀ ਸੂਹ ਜਦ ਸਿੱਖ ਸਰਦਾਰਾਂ ਨੂੰ ਲੱਗੀ ਤਾਂ ਉਹ ਆਪਣੇ ਜੱਥੇ ਅਫ਼ਗਾਨ ਫ਼ੌਜ ਦੇ ਨੇੜੇ ਇਕ ਰਾਤ ਪਹਿਲਾਂ ਹੀ ਲੈ ਆਏ ਤੇ ਦੂਸਰੀ ਰਾਤ ਨੂੰ ਅਫ਼ਗਾਨ ਫ਼ੌਜ 'ਤੇ ਹੱਲਾ ਬੋਲ ਦਿੱਤਾ। ਅਬਦਾਲੀ ਦੀ ਫ਼ੌਜ ਜਿਹਲਮ ਦਰਿਆ ਪਾਰ ਕਰਨ ਲੱਗੀ ਤਾਂ ਸਿੱਖਾਂ ਨੇ ਅਬਦਾਲੀ ਦੁਆਰਾ ਬੰਦੀ ਬਣਾਈਆਂ 2200 ਔਰਤਾਂ ਨੂੰ ਛੁਡਵਾ ਕੇ ਮਹਾਰਾਸ਼ਟਰ ਤਕ ਉਨ੍ਹਾਂ ਦੇ ਘਰੋ-ਘਰੀ ਪਹੁੰਚਾਈਆਂ ਤੇ ਅਬਦਾਲੀ ਦੀ ਲੁੱਟ ਦਾ ਮਾਲ ਜਬਤ ਕਰ ਲਿਆ।

ਅਪ੍ਰੈਲ 1761 ਵਿਚ ਅਬਦਾਲੀ ਲਾਹੌਰ ਪੁੱਜਾ ਤੇ ਖਵਾਜ਼ਾ ਉਬੈਦ ਖ਼ਾਨ ਨੂੰ ਲਾਹੌਰ ਦਾ ਹਾਕਮ ਨਿਯੁਕਤ ਕੀਤਾ। ਸਤੰਬਰ 1761 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਰਦਾਰਾਂ ਨੂੰ ਨਾਲ ਲੈ ਕੇ ਸ. ਚੜ੍ਹਤ ਸਿੰਘ ਦੀ ਮਦਦ ਲਈ ਗੁੱਜਰਾਂਵਾਲਾ (ਪਾਕਿਸਤਾਨ) ਅੱਪੜਿਆ, ਕਿਉਂਕਿ ਉਬੈਦ ਖ਼ਾਨ ਨੇ ਸ. ਚੜ੍ਹਤ ਸਿੰਘ ਵਿਰੁੱਧ ਫ਼ੌਜ ਚਾੜ੍ਹੀ ਹੋਈ ਸੀ। ਸ. ਜੱਸਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਜਦ ਜਾ ਕੇ ਹੱਲਾ ਬੋਲਿਆ ਤਾਂ ਉਬੈਦ ਖ਼ਾਨ ਘਬਰਾ ਕੇ ਆਪਣਾ ਤੋਪਖ਼ਾਨਾ, ਘੋੜੇ, ਊਠ ਤੇ ਹੋਰ ਜੰਗੀ ਸਮਾਨ ਛੱਡ ਕੇ ਲਾਹੌਰ ਭੱਜ ਗਿਆ। ਸਿੱਖਾਂ ਨੇ ਉਬੈਦ ਖ਼ਾਨ ਦਾ ਪਿੱਛਾ ਲਾਹੌਰ ਤਕ ਕੀਤਾ। ਉਬੈਦ ਖ਼ਾਨ ਕਿਲ੍ਹੇ 'ਚ ਜਾ ਵੜਿਆ। ਸਿੰਘਾਂ ਨੇ ਲਾਹੌਰ ਸ਼ਹਿਰ 'ਤੇ ਕਬਜ਼ਾ ਕਰ ਲਿਆ। ਇਹ ਸਿੱਖਾਂ ਦੀ ਪੰਜਾਬ ਦੀ ਰਾਜਧਾਨੀ 'ਤੇ ਪਹਿਲੀ ਫ਼ਤਹਿ ਸੀ। ਇਸ ਨਾਲ ਇਕ ਤਰ੍ਹਾਂ ਸਿੰਧ ਤੋਂ ਸਤਲੁਜ ਦਰਿਆ ਤਕ ਪੰਜਾਬ ਖ਼ਾਲਸੇ ਦੇ ਕਬਜ਼ੇ 'ਚ ਆ ਗਿਆ। ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੀ ਪਾਤਸ਼ਾਹੀ ਪਦਵੀ ਨਾਲ ਨਿਵਾਜਿਆ ਗਿਆ ਤੇ ਉਨ੍ਹਾਂ ਨੇ ਸ਼ੁਕਰਾਨੇ ਵਜੋਂ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ ਜਿਸ ਉੱਤੇ ਫ਼ਾਰਸੀ 'ਚ ਉਕਰਿਆ ਗਿਆ :

*ਦੇਗੋ ਤੇਗੋ ਫ਼ਤਿਹ ਨੁਸਰਤ ਬੇਦਰੰਗ ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ*

ਜਦੋਂ ਅਬਦਾਲੀ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਬਲ-ਸੜ ਉੱਠਿਆ। ਇਸ ਬਲਦੀ 'ਤੇ ਲਾਹੌਰ ਦੇ ਮੌਲਵੀਆਂ ਨੇ ਤੇਲ ਪਾਇਆ। ਉਨ੍ਹਾਂ ਨੇ ਖ਼ਾਲਸੇ ਵੱਲੋਂ ਤਿਆਰ ਕੀਤੇ ਗਏ ਸਿੱਕੇ ਦੀ ਥਾਂ ਨਕਲੀ ਸਿੱਕਾ ਤਿਆਰ ਕਰ ਕੇ ਅਬਦਾਲੀ ਕੋਲ ਪੁੱਜਦਾ ਕਰ ਦਿੱਤਾ ਜਿਸ 'ਤੇ ਉਕਰੀ ਇਬਾਰਤ ਦੇ ਅਰਥ ਸਨ ਕਿ 'ਅਹਿਮਦ ਸ਼ਾਹ ਦੀ ਸਲਤਨਤ ਨੂੰ ਜੱਸਾ ਕਲਾਲ ਨੇ ਆਪਣੀ ਗ੍ਰਿਫ਼ਤ, ਭਾਵ ਕਬਜ਼ੇ 'ਚ ਲੈ ਲਿਆ ਹੈ।

ਅਹਿਮਦ ਸ਼ਾਹ ਲਈ ਇਹ ਜਰਨਾ ਮੁਸ਼ਕਲ ਸੀ। ਉਹ ਭਾਰੀ ਫ਼ੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਤੁਰ ਪਿਆ। ਉਸ ਨੂੰ ਲਾਹੌਰ ਤੋਂ ਪਤਾ ਲੱਗਾ ਕਿ ਸਿੰਘ ਸਰਹਿੰਦ ਦੇ ਇਲਾਕੇ 'ਚ ਹਨ। ਅਬਦਾਲੀ ਨੇ ਸਰਹਿੰਦ ਦੇ ਫ਼ੌਜਦਾਰ ਜੈਨ ਖ਼ਾਨ ਨੂੰ ਆਪਣੀ ਫ਼ੌਜ ਲੈ ਕੇ ਸਿੰਘਾਂ ਦਾ ਅੱਗਾ ਰੋਕਣ ਦਾ ਹੁਕਮ ਦਿੱਤਾ। ਲਗਪਗ 50 ਹਜ਼ਾਰ ਦੀ ਗਿਣਤੀ 'ਚ ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਸੁਰੱਖਿਅਤ ਥਾਂ ਦੀ ਭਾਲ 'ਚ ਸਨ ਤੇ ਹਨੇਰਾ ਪੈ ਜਾਣ ਕਾਰਨ ਉਨ੍ਹਾਂ ਨੇ ਪਿੰਡ ਕੁੱਪ-ਰੋਹੀੜਾ (ਮਲੇਰਕੋਟਲਾ) ਲੁਧਿਆਣਾ-ਧੂਰੀ ਰੇਲਵੇ ਲਾਈਨ, ਮੰਡੀ ਅਹਿਮਦਗੜ੍ਹ ਤੇ ਮਲੇਰਕੋਟਲਾ ਸਟੇਸ਼ਨ ਵਿਚਕਾਰ ਇਕ ਥਾਂ ਡੇਰੇ ਲਾਏ ਹੋਏ ਸਨ।

ਸਿੱਖਾਂ ਦਾ ਅਨੁਮਾਨ ਸੀ ਕਿ ਅਬਦਾਲੀ ਉਨ੍ਹਾਂ ਤਕ 6-7 ਫਰਵਰੀ ਤੋਂ ਪਹਿਲਾਂ ਨਹੀ ਪਹੁੰਚ ਸਕੇਗਾ ਪਰ ਅਬਦਾਲੀ ਨੇ ਲਗਪਗ 150 ਮੀਲ ਦਾ ਸਫ਼ਰ ਘੰਟਿਆਂ 'ਚ ਮੁਕਾ ਕੇ ਸਿੱਖ ਸਰਦਾਰਾਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ। ਕੁਝ ਇਤਿਹਾਸਕਾਰਾਂ ਦਾ ਕਥਨ ਹੈ ਕਿ ਅਬਦਾਲੀ ਨੇ ਇਹ ਸਫ਼ਰ 36 ਘੰਟਿਆਂ 'ਚ ਮੁਕਾਇਆ। ਖ਼ੈਰ, ਇਹ ਤਾਂ ਪੱਕਾ ਹੀ ਹੈ ਕਿ ਅਹਿਮਦ ਸ਼ਾਹ ਅਬਦਾਲੀ ਨੇ ਇਹ ਹਮਲਾ ਬੜੀ ਫੁਰਤੀ ਨਾਲ ਕੀਤਾ।

ਇਸ ਜੰਗ ਵਿਚ ਭੰਗੀ, ਨਕਈ, ਘਨੱਈਆ, ਆਹਲੂਵਾਲੀਆ, ਰਾਮਗੜ੍ਹੀਆ, ਸ਼ੁਕਰਚੱਕੀਆ, ਡੱਲੇਵਾਲੀਆ, ਮਿਸਲ ਸ਼ਹੀਦਾਂ, ਨਿਸ਼ਾਨਾਂ ਵਾਲੀ ਆਦਿ ਮਿਸਲਾਂ ਸ਼ਾਮਲ ਸਨ, ਜਿਨ੍ਹਾਂ ਦੀ ਅਗਵਾਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕਰ ਰਹੇ ਸਨ। ਇਸ ਲੜਾਈ ਵਿਚ ਸਿੰਘਾਂ ਨੇ ਕਿਲ੍ਹੇ ਦਾ ਰੂਪ ਬਣਾ ਕੇ ਦੁਰਾਨੀਆਂ ਦਾ ਮੁਕਾਬਲਾ ਕੀਤਾ। ਸਿੰਘ ਹੌਲੀ-ਹੌਲੀ ਬਰਨਾਲੇ ਵੱਲ ਨੂੰ ਪਿੱਛੇ ਹਟਦੇ ਗਏ। ਉਸ ਵੇਲੇ ਸਿੰਘਾਂ ਦੇ ਜੱਥੇ ਕੁੱਪ-ਰੋਹੀੜਾ, ਰਾਹਿਪੁਰ, ਗੁੱਜਰਵਾਲ, ਕੰਗਣਵਾਲ, ਝਨੇਰ, ਧਨੇਰ, ਵਰਵਾਲੀ, ਜਰਮਾਣਾ, ਲੋਹਗੜ੍ਹ, ਕੁਠਾਲਾ, ਹਰਦਾਸਪੁਰ, ਕੁਤਬਾ, ਬਾਹਮਣੀਆਂ, ਗੰਗਹੋਰ, ਨਿਹਾਲੂਵਾਲ, ਪੰਡੋਰੀ, ਮਹਿਲ ਖੁਰਦ, ਮਹਿਲ ਕਲਾਂ, ਹਠੂਰ, ਛੀਨੀਵਾਲ, ਸਹਿਜੜਾ, ਗਹਿਲ, ਭੱਦਲਵੱਡ, ਸੰਘੇੜਾ, ਠੀਕਰੀਵਾਲ, ਬਰਨਾਲਾ ਆਦਿ 30-32 ਪਿੰਡਾਂ 'ਚੋਂ ਗੁਜਰੇ। ਕੁਤਬਾ, ਗਹਿਲ ਤੇ ਹਠੂਰ ਪਿੰਡ ਦੀ ਢਾਬ 'ਤੇ ਪਾਣੀ ਪੀਤਾ ਤੇ ਲਗਪਗ 35 ਹਜ਼ਾਰ ਸਿੰਘਾਂ ਨੇ ਇਸੇ ਘੱਲੂਘਾਰੇ 'ਚ ਸ਼ਹੀਦੀਆ ਪਾਈਆਂ।

ਵਿਸਾਖਾ ਸਿੰਘ ਦੀ ਪੁਸਤਕ 'ਮਾਲਵਾ ਇਤਿਹਾਸ' 'ਚ ਦਰਜ ਹੈ ਕਿ ਪਿੰਡ ਕੁਠਾਲਾ ਵਿਚ ਗੁਰਦੁਆਰਾ ਜਾਗਾਂ ਵਾਲਾ ਬਣਿਆ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਕ ਜੱਥਾ ਇਥੋਂ ਗੁਜ਼ਰਿਆ ਸੀ। ਘੱਲੂਘਾਰੇ ਵੇਲੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੱਥ ਲਿਖਤ ਬੀੜ ਇਸ ਪਿੰਡ 'ਚ ਬਿਰਾਜਮਾਨ ਕਰ ਦਿੱਤੀ ਗਈ। ਇਸ ਪਿੰਡ ਵਿਚ ਘੱਲੂਘਾਰੇ ਵੇਲੇ 19 ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਤੇ ਉਨ੍ਹਾਂ ਸ਼ਹੀਦ ਸਿੰਘਾਂ ਦੀ ਯਾਦ 'ਚ ਅੰਗੀਠਾ ਸਾਹਿਬ ਉਸਾਰਿਆ ਗਿਆ ਹੈ। ਅੱਜ ਵੀ ਇਸ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਉਹ ਹੱਥ ਲਿਖਤ ਬੀੜ ਸੁਸ਼ੋਭਿਤ ਹੈ। ਸਥਾਨਕ ਨਿਵਾਸੀਆਂ ਦਾ ਮੰਨਣਾ ਹੈ ਕਿ ਇਹ ਹੱਥ ਲਿਖਤ ਬੀੜ ਬਾਬਾ ਸੁਧਾ ਸਿੰਘ ਕੁਠਾਲਾ ਧਾਰਮਿਕ ਸਥਾਨ ਜਾਗਾਂ ਵਾਲਾ ਵਿਖੇ ਸੁਸ਼ੋਭਿਤ ਕਰ ਕੇ ਆਪਣੇ ਪਿੰਡ ਵੱਲ ਚਾਲੇ ਪਾ ਗਏ ਸਨ।

ਘੱਲੂਘਾਰੇ ਤੋਂ ਅੱਠ ਮਹੀਨੇ ਪਿੱਛੋਂ ਸਿੱਖ ਵੱਡੀ ਸ਼ਕਤੀ ਬਣ ਕੇ ਉੱਭਰੇ, ਜਿਸ 'ਚ ਅਹਿਮਦ ਸ਼ਾਹ ਅਬਦਾਲੀ 17 ਅਕਤੂਬਰ 1762 ਨੂੰ ਪਿੱਪਲੀ ਸਾਹਿਬ (ਅੰਮ੍ਰਿਤਸਰ ਸਾਹਿਬ) ਦੀ ਲੜਾਈ ਵਿਚ ਬੁਰੀ ਤਰ੍ਹਾਂ ਹਾਰ ਗਿਆ ਸੀ।





ਅਲੀ ਰਾਜਪੁਰਾ
94176-79302

# ਚਾਣਕਯ ਨੀਤੀ

ਆਚਾਰਿਆ ਚਾਣਕਯ ਭਾਰਤ ਦੇ ਅਮੀਰ ਇਤਿਹਾਸਕ ਵਿਰਸੇ ਦੀ ਇਕ ਮਹਾਨ ਸ਼ਖ਼ਸੀਅਤ, ਵਿਦਵਾਨ ਸਿਆਸਤਦਾਨ, ਕੂਟ ਨੀਤੀਵਾਨ, ਨਿਪੁੰਨ ਪ੍ਰਬੰਧਕ ਅਤੇ ਸਰਲ ਸਾਦਾ ਜੀਵਨ ਜਿਊਂਣ ਵਾਲੇ ਪੰਡਿਤ ਸਨ। ਉਨ੍ਹਾਂ ਦੀ ਜੀਵਨ ਕਾਲ 350-283 ਪੂਰਵ ਈਸਵੀ ਸੀ। ਉਨ੍ਹਾਂ ਦੁਆਰਾ ਰਚਿਤ 'ਚਾਣਕਯ ਨੀਤੀ' ਉਨ੍ਹਾਂ ਦੀਆਂ ਵਡਮੁੱਲੀਆਂ ਸਿੱਖਿਆਵਾਂ ਵਾਲੀ ਪੁਸਤਕ ਹੈ। ਇਸ ਦੇ 17 ਅਧਿਆਏ ਅਤੇ ਕੁੱਲ 333 ਸਲੋਕ ਹਨ। ਇਨ੍ਹਾਂ ਵਿਚ ਉਨ੍ਹਾਂ ਨੇ ਜ਼ਿੰਦਗੀ, ਘਰ, ਪਰਿਵਾਰ,



ਡਾ. ਅਮਰ ਕੋਮਲ
84378-73565

ਸਮਾਜ ਤੇ ਸਮਾਜ ਲਈ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਟੱਲ ਸੱਚਾਈਆਂ ਦੇ ਰੂਪ ਵਿਚ ਪੇਸ਼ ਕੀਤਾ ਹੈ।

**ਸਲੋਕ (1.02)**

ਅਧੀਤ੍ਯੇਦਮ੍ ਯਥਾ ਸ਼ਾਸ੍ਤ੍ਰੰ
ਨਰੋ ਜਾਨਤਿ ਸੱਤਮਹ।
ਧਰਮ ਉਪਦੇਸ਼ ਵਿਖ੍ਯਾਤੰ-
ਕਾਯ੍ਅਕਾਯ੍ਯਮ ਸੁਭਾਅਮ-
ਭਮ੍॥

**ਸਲੋਕ ਦੇ ਅਰਥ**

ਜੋ ਵਿਅਕਤੀ, ਉੱਤਮ ਸ੍ਰੇਸ਼ਟ ਬੁੱਧੀ ਜੀਵੀ ਹਨ, ਉਹ ਇਸ ਸ਼ਾਸਤਰ ਦਾ ਵਿਧੀ ਪੂਰਵਕ ਅਧਿਐਨ ਕਰ ਕੇ ਵੇਦ ਆਦਿ ਸ਼ਾਸਤਰਾਂ ਵਿਚੋਂ ਉਤਕ੍ਰਿਸ਼ਟ ਕਰਤੱਵ-ਅਕਰਤੱਵ, ਪਾਪ-ਪੁੰਨ, ਧਰਮ-ਅਧਰਮ ਦਾ ਠੀਕ-ਠਾਕ ਗਿਆਨ ਕਰ ਸਕਦੇ ਹਨ।



**ਵਿਆਖਿਆ**

ਸਰਸਰੀ ਨਜ਼ਰ ਨਾਲ ਵੇਖਣ-ਪੜ੍ਹਨ ਨਾਲ ਗੂੜ੍ਹ-ਗਿਆਨ ਦੇ ਸਾਰਥਕ ਅਰਥ ਸਮਝ ਨਹੀਂ ਪੈਂਦੇ। ਸ਼ਾਸਤਰਾਂ, ਵੇਦਾਂ, ਮਨੋਸਮ੍ਰਿਤੀਆਂ ਵਰਗੇ ਮਹਾਨ ਗ੍ਰੰਥਾਂ ਨੂੰ ਸਮਝਣ ਲਈ ਪਹਿਲਾਂ ਆਪ ਡੂੰਘਾਈ ਨਾਲ ਅਧਿਐਨ ਕਰਨਾ ਜ਼ਰੂਰੀ ਹੈ। ਅਧਿਐਨ ਕੀਤੇ ਗਿਆਨ ਤੋਂ ਪ੍ਰਾਪਤ ਸਮੱਗਰੀ ਲਾਭਦਾਇਕ, ਗੁਣਕਾਰੀ ਤੇ ਸਾਰਥਕ ਹੁੰਦੀ ਹੈ।

***ਸਰਸਰੀ ਨਜ਼ਰੇ ਵੇਖਣ-ਪੜ੍ਹਨ ਨਾਲ ਗੂੜ੍ਹ ਗਿਆਨ ਦੇ ਸਾਰਥਕ ਅਰਥ ਸਮਝ ਨਹੀਂ ਪੈਂਦੇ। ਸ਼ਾਸਤਰਾਂ, ਵੇਦਾਂ, ਮਨੋਸਮ੍ਰਿਤੀਆਂ ਵਰਗੇ ਮਹਾਨ ਗ੍ਰੰਥਾਂ ਨੂੰ ਸਮਝਣ ਲਈ ਉਨ੍ਹਾਂ ਦਾ ਡੂੰਘਾਈ ਨਾਲ ਅਧਿਐਨ ਕਰਨਾ ਜ਼ਰੂਰੀ ਹੈ...***

# ਮਹਾਨ ਤਪੱਸਵੀ ਸੰਤ ਗੋਬਿੰਦ ਦਾਸ

ਹਰਸਿਮਰਨਜੀਤ ਚੰਦੜ

ਬ੍ਰਹਮ ਗਿਆਨੀ ਤੇ ਮਹਾਨ ਤਪੱਸਵੀ ਸੰਤ ਬਾਬਾ ਗੋਬਿੰਦ ਦਾਸ ਮਹਾਰਾਜ ਨੇ ਸਮੁੱਚਾ ਜੀਵਨ ਪ੍ਰਭੂ ਬੰਦਗੀ, ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦੀ ਮਾਨਵਵਾਦੀ ਵਿਚਾਰਧਾਰਾ ਨੂੰ ਦੁਨੀਆ ਤਕ ਪਹੁੰਚਾਉਣ 'ਚ ਗੁਜ਼ਾਰਿਆ। ਉਨ੍ਹਾਂ ਨੇ ਲੋਕਾਈ ਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨ, ਮਾਨਵਤਾ ਨੂੰ ਪਿਆਰ ਕਰਨ, ਸਦਾਚਾਰਕ ਜੀਵਨ ਜਿਊਂਣ ਤੇ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਸੰਤ ਗੋਬਿੰਦ ਦਾਸ ਜੀ ਮਹਿਮਾ ਦਾ ਹੀ ਪ੍ਰਤਾਪ ਹੈ ਕਿ ਫਗਵਾੜਾ ਦੇ ਮੁਹੱਲਾ ਗੋਬਿੰਦਪੁਰਾ ਸਥਿਤ ਡੇਰਾ ਉੱਤਰੀ ਭਾਰਤ ਤੇ ਵਿਦੇਸ਼ਾਂ ਵਿਚ ਵੀ ਰੂਹਾਨੀਅਤ ਦਾ ਸਦਰ ਮੁਕਾਮ ਹੈ। ਲੱਖਾਂ ਪ੍ਰਾਣੀ ਇਥੇ ਆ ਕੇ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ।

ਸੰਤ ਗੋਬਿੰਦ ਦਾਸ ਜੀ ਦਾ ਜਨਮ 27 ਦਸੰਬਰ 1894 ਨੂੰ ਪਿੰਡ ਭੂੰਗਰਨੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪਿਤਾ ਸ੍ਰੀ ਪਾਲ ਰਾਮ ਤੇ ਮਾਤਾ ਪ੍ਰੇਮੀ ਜੀ ਦੇ ਘਰ ਹੋਇਆ। ਆਪ ਕੇਵਲ ਪੰਜਵੀਂ ਤਕ ਪੜ੍ਹਾਈ ਕਰ ਸਕੇ। ਖਰਾਦ ਦਾ ਕੰਮ ਕਰਦਿਆਂ ਉਨ੍ਹਾਂ ਦਾ ਇਕ ਹੱਥ ਮਸ਼ੀਨ 'ਚ ਆਉਣ ਕਾਰਨ ਕੱਟਿਆ ਗਿਆ। ਘਰਦਿਆਂ ਨੇ ਆਪ ਨੂੰ ਪੁਰਹੀਰਾਂ, ਹੁਸ਼ਿਆਰਪੁਰ ਦੇ ਸੰਤ ਬਾਬਾ ਭੂਰੀਦਾਸ ਜੀ ਦੇ ਨਾਲ ਰਲਾ ਦਿੱਤਾ। ਉਨ੍ਹਾਂ ਪਾਸੋਂ ਬਾਬਾ ਗੋਬਿੰਦ ਦਾਸ ਨੇ ਨਾਮਦਾਨ ਦੀ ਦਾਤ ਪ੍ਰਾਪਤ ਕੀਤੀ।

ਸੰਤ ਗੋਬਿੰਦ ਦਾਸ ਨੇ ਸਮੁੱਚਾ ਜੀਵਨ ਸਮਾਜ ਭਲਾਈ, ਮਨੁੱਖੀ ਕਲਿਆਣ ਤੇ ਮਾਨੁੱਖਤਾ ਨੂੰ ਨਾਮ ਜਪਣ, ਕਿਰਤ ਕਰਨ ਦੇ ਲੜ ਲਾਇਆ। ਕੋਈ ਸ਼ਰਧਾਲੂ ਜੇ ਮਾਇਆ ਨਾਲ ਮੱਥਾ ਟੇਕਦਾ ਤਾਂ



ਉਹ ਕਹਿੰਦੇ ਸਨ-ਭਾਈ, ਆਹ ਪੈਸੇ ਲੈ ਜਾਵੋ ਤੇ ਇਨ੍ਹਾਂ ਨਾਲ ਬੱਚਿਆਂ ਨੂੰ ਕਾਪੀਆਂ-ਕਿਤਾਬਾਂ ਲੈ ਦੇਣਾ ਤਾਂ ਕਿ ਉਹ ਪੜ੍ਹ-ਲਿਖ ਕੇ ਸਮਾਜ ਦੀ ਤਰੱਕੀ ਕਰ ਸਕਣ।

ਉਪਰੰਤ ਸੰਤ ਚਮਨ ਦਾਸ ਜੀ ਦੀ ਉਦਾਸੀ ਗੱਦੀ 'ਤੇ ਬਿਰਾਜਮਾਨ ਹੋਏ। ਆਪ ਹਿਮਾਚਲ ਦੇ ਊਨਾ ਜ਼ਿਲ੍ਹੇ ਦੇ ਬਹੇੜਾ ਪਿੰਡ ਨਾਲ ਸਬੰਧਤ ਸਨ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਦੇਸ ਰਾਜ ਗੱਦੀ 'ਤੇ ਬਿਰਾਜਮਾਨ ਹਨ। ਉਹ ਵੀ ਪੂਜਨੀਕ ਸੰਤ ਗੋਬਿੰਦ ਦਾਸ ਤੇ ਸੰਤ ਚਮਨ ਦਾਸ ਦੇ ਦਰਸਾਏ ਮਾਰਗ 'ਤੇ ਚੱਲ ਕੇ ਸੰਗਤ ਨੂੰ ਨਾਮ ਦੀ ਬਖ਼ਸ਼ਿਸ਼ ਕਰਦੇ ਹਨ। ਡੇਰੇ ਦੇ ਸ਼ਰਧਾਲੂ ਸੇਵਕ ਤਾਰਾ ਚੰਦ ਨਿਰਮਲ ਨੇ ਦੋ ਪੁਸਤਕਾਂ 'ਗੋਵਿੰਦ ਬਿਲਾਸ' ਤੇ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ' ਲਿਖੀਆਂ ਹੋਈਆਂ ਹਨ।

6 ਫਰਵਰੀ, 24 ਮਾਘ ਨੂੰ ਸੰਤ ਗੋਬਿੰਦ ਦਾਸ ਜੀ ਦੀ ਉਦਾਸੀ ਦੀ ਬਰਸੀ ਮੌਜੂਦਾ ਗੱਦੀ ਨਸ਼ੀਨ ਸੰਤ ਬਾਬਾ ਤੀਸਰਾ ਜੀ ਦੀ ਅਗਵਾਈ ਵਿਚ ਸੰਗਤ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਛਿੰਝ ਵੀ ਕਰਵਾਈ ਜਾ ਰਹੀ ਹੈ, ਜਿਸ ਵਿਚ ਪੰਜਾਬ ਦੇ ਚੋਟੀ ਦੇ ਪਹਿਲਵਾਨ ਹਿੱਸਾ ਲੈਣਗੇ।

88721-45081

# ਸੋਮ ਨਦੀ ਅਤੇ ਨਕਟੀ ਨਦੀ ਦੀ ਗਾਦ (ਸਿਲਟ) ਕੱਢਣ ਦਾ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿੰਚਾਈ ਅਤੇ ਜਲ ਸਰੋਤ ਮੰਤਰੀ ਸ੍ਰੀਮਤੀ ਸ਼ਰੁਤੀ ਚੌਧਰੀ ਨੇ ਸਦਨ ਵਿੱਚ ਦੱਸਿਆ ਕਿ ਸਾਢੌਰਾ ਵਿਧਾਨ ਸਭਾ ਖੇਤਰ ਦੇ ਚੌਤੰਗ ਨਾਲਾ, ਸੋਮ ਨਦੀ ਅਤੇ ਨਕਟੀ ਨਦੀ ਦੀ ਗਾਦ (ਸਿਲਟ) ਕੱਢਣ ਦਾ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ।



ਹਰਿਆਣਾ ਦੀ ਸਿੰਚਾਈ ਅਤੇ ਜਲ ਸਰੋਤ ਮੰਤਰੀ ਸ੍ਰੀਮਤੀ ਸ਼ਰੁਤੀ ਚੌਧਰੀ ਅੱਜ ਸਦਨ ਵਿੱਚ ਪੁਛੇ ਗਏ ਇੱਕ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਦੱਸਿਆ ਕਿ ਚੌਤੰਗ ਨਾਲਾ ਬੁਰਜੀ ਗਿਣਤੀ 3000 ਤੋਂ 48000 ਤੱਕ ਗਾਦ ਕੱਢਣ ਦਾ ਅਨੁਮਾਨ ਤਿਆਰ ਕੀਤਾ ਜਾ ਰਿਹਾ ਹੈ।

ਇਹ ਕੰਮ 30 ਜੂਨ 2026 ਤੱਕ ਪੂਰਾ ਕਰਨ ਦਾ ਟੀਚਾ ਹੈ। ਉੱਥੇ ਹੀ ਸੋਮ ਨਦੀ ਵਿੱਚੋਂ ਗਾਦ ਕੱਢਣ ਲਈ ਟੈਂਡਰ ਜਾਰੀ ਕੀਤੇ ਗਏ ਸਨ, ਪਰ ©7" (ਨੈਸ਼ਨਲ ਗ੍ਰੀਨ ਟ੍ਰਿਬਿਊਨਲ) ਨੇ 11 ਫਰਵਰੀ 2026 ਨੂੰ ਇਸ ਕੰਮ @ਤੇ ਰੋਕ ਲਗਾ ਦਿੱਤੀ। ਮਾਮਲੇ ਦੀ ਅਗਲੀ ਸੁਣਵਾਈ 15 ਮਈ 2026 ਨੂੰ ਹੈ। ਇਸ ਲਈ ਅਜੇ ਟੈਂਡਰ ਰੱਦ ਕਰ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਨਕਟੀ ਨਦੀ ਦੇ ਕੁਝ ਹਿੱਸਿਆਂ ਵਿੱਚੋਂ ਗਾਦ ਕੱਢਣ ਦਾ ਕੰਮ ਪਹਿਲਾਂ ਹੀ ਹੋ ਚੁੱਕਾ ਹੈ। ਬਾਕੀ ਹਿੱਸਿਆਂ ਵਿੱਚ ਕੰਮ ਜੰਗਲਾਤ ਵਿਭਾਗ ਦੀ ਜ਼ਮੀਨ ਨਾਲ ਜੁੜੇ ਮੁੱਦੇ ਸੁਲਝਣ ਤੋਂ ਬਾਅਦ ਸ਼ੁਰੂ ਹੋਵੇਗਾ। ਜੰਗਲਾਤ ਵਿਭਾਗ ਨਾਲ ਇਹ ਮੁੱਦਾ ਉਠਾਇਆ ਜਾ ਚੁੱਕਾ ਹੈ। ਸਮੱਸਿਆ ਹੱਲ ਹੋਣ ਤੋਂ ਬਾਅਦ ਕੰਮ ਮਾਨਸੂਨ ਤੋਂ ਪਹਿਲਾਂ ਪੂਰਾ ਕਰਨ ਦੀ ਯੋਜਨਾ ਹੈ।

# ਹਾਂਸੀ ਵਿੱਚ ਵੀ ਜਲਦੀ ਹੀ ਡੇ-ਕੇਅਰ ਕੈਂਸਰ ਕੇਂਦਰ ਸ਼ੁਰੂ ਕੀਤਾ ਜਾਵੇਗਾ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦੱਸਿਆ ਕਿ ਨਵੇਂ ਜ਼ਿਲ੍ਹੇ ਹਾਂਸੀ ਵਿੱਚ ਵੀ ਜਲਦੀ ਹੀ ÷ਡੇ-ਕੇਅਰ ਕੈਂਸਰ ਕੇਂਦਰ÷ ਸ਼ੁਰੂ ਕੀਤਾ ਜਾਵੇਗਾ, ਇਸ ਤੋਂ ਪਹਿਲਾਂ 22 ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੇ ਜਾ ਚੁੱਕੇ ਹਨ।

ਸਿਹਤ ਮੰਤਰੀ ਅੱਜ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਦੇ ਇੱਕ ਮੈਂਬਰ ਵੱਲੋਂ ਪੁੱਛੇ ਗਏ ਸੁਵਾਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ 11 ਫਰਵਰੀ 2026 ਨੂੰ ਸੂਬੇ ਦੇ ਸਾਰੇ ਜ਼ਿਲ੍ਹਾ ਨਾਗਰਿਕ ਹਸਪਤਾਲਾਂ ਵਿੱਚ ਡੇ-ਕੇਅਰ ਕੈਂਸਰ ਕੇਂਦਰਾਂ (ਡੀ.ਸੀ.ਸੀ.ਸੀ.) ਦਾ ਉਦਘਾਟਨ ਕੀਤਾ ਸੀ,

ਜਿਸ ਨਾਲ ਮਰੀਜ਼ਾਂ ਨੂੰ ਆਪਣੇ ਘਰਾਂ ਦੇ ਨੇੜੇ ਕੀਮੋਥੈਰੇਪੀ ਅਤੇ ਸਹਾਇਕ ਦੇਖਭਾਲ ਉਪਲਬਧ ਹੋਈ ਹੈ। ਫਤਿਹਾਬਾਦ ਸਮੇਤ 22 ਜ਼ਿਲ੍ਹਿਆਂ ਵਿੱਚ @ਹੱਬ ਅਤੇ ਸਪੋਕ@ ਮਾਡਲ ਵਿੱਚ ਸਮਰਪਿਤ ਕੈਂਸਰ ਓ.ਪੀ.ਡੀ., ਕੀਮੋਥੈਰੇਪੀ ਵਾਰਡ ਅਤੇ ਪੈਲੀਏਟਿਵ ਕੇਅਰ ਓ.ਪੀ.ਡੀ. ਚਾਲੂ ਕਰ ਦਿੱਤੇ ਗਏ ਹਨ (ਫਤਿਹਾਬਾਦ @ਸਪੋਕ@ ਦੇ ਰੂਪ ਵਿੱਚ ਪੀ.ਜੀ.ਆਈ.ਐਮ.ਐਸ. ਰੋਹਤਕ ਨਾਲ ਜੁੜਿਆ ਹੋਇਆ ਹੈ)। ਸਾਲ 2025 ਵਿੱਚ, ਫਰੀਦਾਬਾਦ, ਪੰਚਕੂਲਾ, ਕੁਰੂਕਸ਼ੇਤਰ ਅਤੇ ਯਮੁਨਾਨਗਰ ਜ਼ਿਲ੍ਹਿਆਂ ਵਿੱਚ ਡੀ.ਸੀ.ਸੀ.ਸੀਜ਼ ਨੇ 2,672 ਮਰੀਜ਼ਾਂ ਨੂੰ ਕੀਮੋਥੈਰੇਪੀ ਸੇਵਾਵਾਂ ਪ੍ਰਦਾਨ ਕੀਤੀਆਂ ਹਨ।

ਸਿਹਤ ਮੰਤਰੀ ਨੇ ਦੱਸਿਆ ਕਿ ਅਟਲ ਕੈਂਸਰ ਕੇਅਰ ਸੈਂਟਰ (1333) ਅੰਬਾਲਾ ਕੈਂਟ, ਖੇਤਰੀ ਕੈਂਸਰ ਕੇਂਦਰ (♣33) ਪੀ.ਜੀ.ਆਈ.ਐਮ.ਐਸ. ਰੋਹਤਕ ਅਤੇ ਰਾਸ਼ਟਰੀ ਕੈਂਸਰ ਸੰਸਥਾਨ (©39), ਝੱਜਰ ਰਾਜ ਵਿੱਚ ਵਿਆਪਕ ਕੈਂਸਰ ਇਲਾਜ ਪ੍ਰਦਾਨ ਕਰ ਰਹੇ ਹਨ।

ਜ਼ਿਲ੍ਹਾ ਹਿਸਾਰ, ਸੋਨੀਪਤ, ਨੂੰਹ ਅਤੇ ਕਰਨਾਲ ਦੇ ਮੈਡੀਕਲ ਕਾਲਜ ਵੀ ਕੈਂਸਰ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ।

# ਭਵਿੱਖ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਹਾਜ਼ਰੀ ਬਾਇਓਮੈਟ੍ਰਿਕ ਜਾਂ ਜਿਓਫੈਂਸਿੰਗ ਰਾਹੀਂ ਕਰੇਗੀ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦੱਸਿਆ ਕਿ ਸੂਬਾ ਸਰਕਾਰ ਭਵਿੱਖ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਹਾਜ਼ਰੀ ਬਾਇਓਮੈਟ੍ਰਿਕ ਜਾਂ ਜਿਓਫੈਂਸਿੰਗ ਰਾਹੀਂ ਕਰੇਗੀ।



ਸਿਹਤ ਮੰਤਰੀ ਅੱਜ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਦੇ ਇੱਕ ਮੈਂਬਰ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਫਿਰੋਜ਼ਪੁਰ ਝਿਰਕਾ ਵਿਧਾਨ ਸਭਾ ਖੇਤਰ ਤਹਿਤ ਆਉਣ ਵਾਲੇ ਪਿੰਡ ਮਾਂਡੀਖੇੜਾ ਸਥਿਤ ਅਲ-ਅਫੀਆ ਜਨਰਲ ਹਸਪਤਾਲ ਵਿੱਚ ਡਾਕਟਰਾਂ ਦੇ ਹੋਸਟਲ ਚੰਗੀ ਹਾਲਤ ਵਿੱਚ ਨਾ ਹੋਣ ਕਾਰਨ ਡਾਕਟਰਾਂ ਨੂੰ ਗੁਰੂਗ੍ਰਾਮ, ਫਰੀਦਾਬਾਦ ਅਤੇ ਰੇਵਾੜੀ ਵਿੱਚ ਰਹਿਣ ਦੀ ਇਜਾਜ਼ਤ ਹੈ। ਭਵਿੱਖ ਵਿੱਚ ਅਜਿਹਾ ਕੋਈ ਪ੍ਰਬੰਧ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਇਸ ਹਸਪਤਾਲ ਦੇ ਡਾਕਟਰ ਉਕਤ ਹਸਪਤਾਲ ਦੇ ਨੇੜੇ ਹੀ ਰਹਿਣ।ਸਿਹਤ ਮੰਤਰੀ ਨੇ ਪ੍ਰਸ਼ਨ ਦੇ ਅਗਲੇ ਭਾਗ ਦਾ ਉੱਤਰ ਦਿੰਦਿਆਂ ਦੱਸਿਆ ਕਿ ਮਾਂਡੀਖੇੜਾ ਹਸਪਤਾਲ ਵਿੱਚ ਓ.ਪੀ.ਡੀ., ਆਈ.ਪੀ.ਡੀ., ਐਮਰਜੈਂਸੀ ਵਿਭਾਗ, ਬਲੱਡ ਬੈਂਕ, ਐਨ.ਸੀ.ਡੀ. ਕਲੀਨਿਕ, ਐਸ.ਐਨ.ਸੀ.ਯੂ., ਆਰ.ਟੀ.ਆਈ. ਅਤੇ ਐਸ.ਟੀ.ਆਈ., ਆਪ੍ਰੇਸ਼ਨ ਥੀਏਟਰ, ਫਿਜ਼ੀਓਥੈਰੇਪੀ, ਆਈ.ਸੀ.ਯੂ., ਆਈਸੋਲੇਸ਼ਨ ਵਾਰਡ, ਜਨਰਲ ਵਾਰਡ, ਐਕਸ-ਰੇ, ਅਲਟਰਾਸਾਊਂਡ, ਲੇਬਰ ਰੂਮ ਆਦਿ ਵਰਗੀਆਂ ਸਾਰੀਆਂ ਸਿਹਤ ਸਹੂਲਤਾਂ ਪਹਿਲਾਂ ਹੀ ਉਪਲਬਧ ਹਨ। ਉਕਤ ਸਿਹਤ ਸੰਸਥਾ ਵਿੱਚ ਲੋੜੀਂਦਾ ਅਮਲਾ, ਉਪਕਰਨ ਅਤੇ ਜ਼ਰੂਰੀ ਦਵਾਈਆਂ ਪਹਿਲਾਂ ਹੀ ਉਪਲਬਧ ਹਨ।

ਉਨ੍ਹਾਂ ਦੱਸਿਆ ਕਿ ਇਸ ਹਸਪਤਾਲ ਵਿੱਚ ਰੋਜ਼ਾਨਾ ਔਸਤਨ 800 ਮਰੀਜ਼ ਅਤੇ 40 ਮਰੀਜ਼ ਇਨਡੋਰ ਵਿੱਚ ਦਾਖਲ ਹੁੰਦੇ ਹਨ। ਸਿਹਤ ਵਿਭਾਗ ਵੱਲੋਂ ਆਮ ਜਨਤਾ ਦੇ ਜੇਬੀ ਖਰਚੇ ਨੂੰ ਘਟਾਉਣ ਲਈ ਜ਼ਰੂਰੀ ਦਵਾਈਆਂ ਦੀ ਸੂਚੀ ਅਨੁਸਾਰ ਸਾਰੇ ਮਰੀਜ਼ਾਂ ਨੂੰ ਦਵਾਈਆਂ/ਖਪਤਯੋਗ ਵਸਤੂਆਂ ਮੁਫਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਦਵਾਈਆਂ ਦੀ ਖਰੀਦ ਹਰਿਆਣਾ ਮੈਡੀਕਲ ਸਰਵਿਸਿਜ਼ ਕਾਰਪੋਰੇਸ਼ਨ ਰਾਹੀਂ ਰਾਜ ਪੱਧਰ @ਤੇ ਕੀਤੀ ਜਾਂਦੀ ਹੈ ਅਤੇ ਨਿਰਧਾਰਤ ਗੋਦਾਮਾਂ ਰਾਹੀਂ ਸਪਲਾਈ ਕੀਤੀ ਜਾਂਦੀ ਹੈ। ਜੇਕਰ ਕੋਈ ਦਵਾਈ ਉਪਲਬਧ ਨਹੀਂ ਹੁੰਦੀ, ਤਾਂ ਮਰੀਜ਼ ਦੀ ਦੇਖਭਾਲ ਨਿਰਵਿਘਨ ਯਕੀਨੀ ਬਣਾਉਣ, ਜ਼ਰੂਰੀ ਦਵਾਈਆਂ ਦੀ ਘਾਟ ਤੋਂ ਬਚਣ ਅਤੇ ਤੁਰੰਤ ਲੋੜ ਨੂੰ ਪੂਰਾ ਕਰਨ ਲਈ, @ਆਨਲਾਈਨ ਡਰੱਗ ਇਨਵੈਂਟਰੀ ਐਂਡ ਸਪਲਾਈ ਚੇਨ ਮੈਨੇਜਮੈਂਟ ਸਿਸਟਮ@ (ODIMS) ਪੋਰਟਲ ਤੋਂ ©13 ਪ੍ਰਾਪਤ ਕਰਨ ਤੋਂ ਬਾਅਦ MMIY/ਯੂਜ਼ਰ ਚਾਰਜ ਦੀ ਵਰਤੋਂ ਕਰਕੇ ਉਸਨੂੰ ਸਥਾਨਕ ਪੱਧਰ @ਤੇ ਮੰਗਵਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਮੰਡੀਖੇੜਾ ਦੇ ਅਲ-ਅਫੀਆ ਜਨਰਲ ਹਸਪਤਾਲ ਵਿੱਚ 460 ਤਰ੍ਹਾਂ ਦੀਆਂ ਜ਼ਰੂਰੀ ਦਵਾਈਆਂ ਉਪਲਬਧ ਹਨ।

ਆਰਤੀ ਸਿੰਘ ਰਾਓ ਨੇ ਅੱਗੇ ਦੱਸਿਆ ਕਿ ਇਸ ਹਸਪਤਾਲ ਵਿੱਚ 5 ਫਰਵਰੀ 2025 ਤੋਂ ਜਨ ਔਸ਼ਧੀ ਕੇਂਦਰ ਵੀ ਕੰਮ ਕਰ ਰਿਹਾ ਹੈ, ਜਿਸ ਵਿੱਚ 208 ਪ੍ਰਕਾਰ ਦੀਆਂ ਜੈਨਰਿਕ ਦਵਾਈਆਂ ਉਪਲਬਧ ਹਨ।

# ਨਲਕੂਪਾਂ ਵਾਲੀ ਪ੍ਰਣਾਲੀ ਨੂੰ ਨਹਿਰੀ ਪਾਣੀ ਤੇ ਅਧਾਰਤ ਜਲ ਸਪਲਾਈ ਪ੍ਰਣਾਲੀ ਵਿੱਚ ਬਦਲਣ ਦਾ ਪ੍ਰਸਤਾਵ ਵਿਚਾਰ ਅਧੀਨ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਸ਼੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਰਾਈ ਵਿਧਾਨ ਸਭਾ ਖੇਤਰ ਦੇ ਮੁਰਥਲ ਪਿੰਡ ਅਤੇ ਉਸ ਦੇ ਆਸ-ਪਾਸ ਦੇ ਪਿੰਡਾਂ ਵਿੱਚ ਮੌਜੂਦਾ ਨਲਕੂਪਾਂ ਵਾਲੀ ਪ੍ਰਣਾਲੀ ਨੂੰ ਨਹਿਰੀ ਪਾਣੀ @ਤੇ ਅਧਾਰਤ ਜਲ ਸਪਲਾਈ ਪ੍ਰਣਾਲੀ ਵਿੱਚ ਬਦਲਣ ਦਾ ਪ੍ਰਸਤਾਵ ਵਿਚਾਰ ਅਧੀਨ ਹੈ ਅਤੇ ਇਸ ਦੀ ਵਿਸਥਾਰਤ ਪ੍ਰੋਜੈਕਟ ਰਿਪੋਰਟ (DPR) ਤਿਆਰ ਕੀਤੀ ਜਾ ਰਹੀ ਹੈ।ਸ਼੍ਰੀ ਰਣਬੀਰ ਗੰਗਵਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਰਾਈ ਵਿਧਾਨ ਸਭਾ ਤੋਂ ਵਿਧਾਇਕ ਸ੍ਰੀਮਤੀ ਕ੍ਰਿਸ਼ਨਾ ਗਹਿਲਾਵਤ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਮੁਰਥਲ ਖੇਤਰ ਵਿੱਚ ਪਾਣੀ ਦੀ ਸਪਲਾਈ 3 ਨਲਕੂਪਾਂ ਰਾਹੀਂ ਕੀਤੀ ਜਾ ਰਹੀ ਹੈ। ਮਰਦਮਸ਼ੁਮਾਰੀ 2011 ਦੇ ਅਨੁਸਾਰ, ਮੁਰਥਲ ਪਿੰਡ ਦੀ ਆਬਾਦੀ 16,722 ਹੈ, ਜੋ ਕਿ ਮਹਾਗ੍ਰਾਮ ਯੋਜਨਾ ਦੇ ਤਹਿਤ ਸੀਵਰੇਜ ਪ੍ਰਣਾਲੀ ਦੇਣ ਲਈ ਘੱਟੋ-ਘੱਟ 10,000 ਲੋਕਾਂ ਦੀ ਆਬਾਦੀ ਦੇ ਨਿਯਮ ਦੇ ਅਨੁਕੂਲ ਹੈ। ਹਾਲਾਂਕਿ, ਇਸ ਪਿੰਡ ਨੂੰ ਪਹਿਲਾਂ ਮਹਾਗ੍ਰਾਮ ਯੋਜਨਾ ਦੀ ਸ਼੍ਰੇਣੀ ਵਿੱਚ ਨੋਟੀਫਾਈ ਨਹੀਂ ਕੀਤਾ ਗਿਆ ਸੀ।ਮਹਾਗ੍ਰਾਮ ਯੋਜਨਾ ਦੇ ਅਧੀਨ ਮੁਰਥਲ ਪਿੰਡ ਵਿੱਚ ਪਾਣੀ ਦੀ ਸਪਲਾਈ ਵਧਾਉਣਾ ਅਤੇ ਸੀਵਰੇਜ ਪ੍ਰਣਾਲੀ ਦੇਣਾ ਵਿਵਹਾਰਕ ਹੈ ਅਤੇ ਵਿਸਥਾਰਤ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ। ਮੁਰਥਲ ਨੂੰ ਮਹਾਗ੍ਰਾਮ ਪਿੰਡ ਘੋਸ਼ਿਤ ਕਰਨ ਲਈ ਗ੍ਰਾਮ ਪੰਚਾਇਤ ਵੱਲੋਂ ਸੀਵਰੇਜ ਟ੍ਰੀਟਮੈਂਟ ਪਲਾਂਟ (STP) ਬਣਾਉਣ ਲਈ ਢੁਕਵੀਂ ਜ਼ਮੀਨ ਦੇਣਾ ਅਤੇ ਸੀਵਰੇਜ ਕਨੈਕਸ਼ਨ ਲੈਣ ਦੀ ਸਹਿਮਤੀ ਵੀ ਜ਼ਰੂਰੀ ਹੈ। ਇਨ੍ਹਾਂ ਦੋਵਾਂ ਲੋੜਾਂ ਦੇ ਪੂਰੇ ਹੋਣ ਤੋਂ ਬਾਅਦ ਅਨੁਮਾਨ (Estimate) ਤਿਆਰ ਕੀਤਾ ਜਾਵੇਗਾ।

# ਕੋਸਲੀ ਰੇਲਵੇ ਅੰਡਰ-ਪਾਸ ਦੀ ਉਸਾਰੀ ਪ੍ਰਸਤਾਵਿਤ ਹੈ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਨਿਰਮਾਣ (ਭਵਨ ਅਤੇ ਸੜਕਾਂ) ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਕੋਸਲੀ ਰੇਲਵੇ ਸਟੇਸ਼ਨ ਦੇ ਬਾਜ਼ਾਰ ਖੇਤਰ ਵਿੱਚ ਜਿੱਥੋਂ ਰੇਲਵੇ ਲਾਈਨ ਲੰਘਦੀ ਹੈ, ਉੱਥੇ ਰੇਲਵੇ ਅੰਡਰ-ਪਾਸ ਦੀ ਉਸਾਰੀ ਪ੍ਰਸਤਾਵਿਤ ਹੈ। ਰੇਲਵੇ ਅੰਡਰ-ਪਾਸ ਦੀ ਉਸਾਰੀ ਲਈ ਸਰਕਾਰ ਨੇ 520.15 ਲੱਖ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇ ਦਿੱਤੀ ਹੈ।



ਸ੍ਰੀ ਗੰਗਵਾ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਕੋਸਲੀ ਦੇ ਵਿਧਾਇਕ ਸ੍ਰੀ ਅਨਿਲ ਯਾਦਵ ਵੱਲੋਂ ਪੁੱਛੇ ਗਏ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ। ਮੰਤਰੀ ਨੇ ਇਸ ਦੌਰਾਨ ਦੱਸਿਆ ਕਿ ਰੇਲਵੇ ਵੱਲੋਂ 27 ਦਸੰਬਰ 2021 ਨੂੰ ਜਨਰਲ ਅਰੇਂਜਮੈਂਟ ਡਰਾਇੰਗ (714) ਨੂੰ ਮਨਜ਼ੂਰੀ ਦਿੱਤੀ ਗਈ ਸੀ।

ਪ੍ਰਸਤਾਵਿਤ ਪਹੁੰਚ ਮਾਰਗਾਂ ਦੇ ਨਾਲ ਰਿਹਾਇਸ਼ੀ/ਵਪਾਰਕ ਖੇਤਰ ਹੋਣ ਕਾਰਨ ਸਥਾਨਕ ਨਿਵਾਸੀਆਂ/ ਦੁਕਾਨਦਾਰਾਂ ਨੇ ਮਨਜ਼ੂਰਸ਼ੁਦਾ ਅਲਾਈਨਮੈਂਟ (ਸੇਧ) ਦਾ ਵਿਰੋਧ ਕੀਤਾ ਸੀ।ਇਸ ਲਈ, ਸੋਧੀ ਹੋਈ ਅਲਾਈਨਮੈਂਟ ਦਾ ਜਨਰਲ ਅਰੇਂਜਮੈਂਟ ਡਰਾਇੰਗ (714) "-ਆਕਾਰ ਦੇ ਅੰਡਰ-ਪਾਸ ਦੇ ਨਾਲ ਤਿਆਰ ਕੀਤਾ ਗਿਆ ਸੀ, ਜਿਸ ਨੂੰ ਰੇਲਵੇ ਵੱਲੋਂ 2 ਮਾਰਚ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।

ਹੁਣ ਰੇਲਵੇ ਨੂੰ ਵਿਸਤ੍ਰਿਤ ਡਿਜ਼ਾਈਨ ਪੇਸ਼ ਕੀਤਾ ਜਾਣਾ ਹੈ ਅਤੇ ਉਸ ਦੀ ਪ੍ਰਵਾਨਗੀ ਤੋਂ ਬਾਅਦ ਕੰਮ ਨੂੰ ਨੇਪਰੇ ਚਾੜ੍ਹਨ ਦੀ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

# ਪਾਣੀਪਤ ਦੀ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਸਰਕਾਰ ਗੰਭੀਰ: ਗੰਗਵਾ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਨਿਰਮਾਣ (ਭਵਨ ਅਤੇ ਸੜਕਾਂ) ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਪਾਣੀਪਤ ਸ਼ਹਿਰ ਵਿੱਚ ਵਧਦੇ ਟ੍ਰੈਫਿਕ ਜਾਮ ਦੀ ਸਮੱਸਿਆ ਦੇ ਹੱਲ ਲਈ ਸਰਕਾਰ ਲਗਾਤਾਰ ਯਤਨ ਕਰ ਰਹੀ ਹੈ। ਸ੍ਰੀ ਗੰਗਵਾ ਅੱਜ ਹਰਿਆਣਾ ਵਿਧਾਨ ਸਭਾ ਦੇ ਚੱਲ ਰਹੇ ਬਜਟ ਸੈਸ਼ਨ ਦੌਰਾਨ ਪਾਣੀਪਤ ਸਿਟੀ ਤੋਂ ਵਿਧਾਇਕ ਸ੍ਰੀ ਪ੍ਰਮੋਦ ਕੁਮਾਰ ਵਿਜ ਦੇ ਸਵਾਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਕਿਹਾ ਕਿ ਐਨ.ਐਚ.-44 @ਤੇ ਮੌਜੂਦਾ ਐਲੀਵੇਟਿਡ ਹਾਈਵੇਅ ਮੁੱਖ ਰਾਜਮਾਰਗ ਆਵਾਜਾਈ ਦੀ ਸਹੂਲਤ ਪ੍ਰਦਾਨ ਕਰਦਾ ਹੈ। ਐਨ.ਐਚ.-709 ਦਾ ਮੌਜੂਦਾ ਪਾਣੀਪਤ-ਰੋਹਤਕ ਖੰਡ ਅਤੇ ਐਨ.ਐਚ.-70914 ਦਾ ਪਾਣੀਪਤ-ਸ਼ਾਮਲੀ ਖੰਡ ਪਾਣੀਪਤ ਸ਼ਹਿਰ ਲਈ ਪੱਛਮੀ ਬਾਈਪਾਸ ਦਾ ਕੰਮ ਕਰਦੇ ਹਨ।

ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਇਸ ਤੋਂ ਇਲਾਵਾ ਬਰਸਤ ਰੋਡ ਤੋਂ ਸਨੌਲੀ ਰੋਡ ਤੱਕ ਨਾਲਾ ਨੰਬਰ 2 ਦੇ ਕੰਢੇ @ਤੇ 11.20 ਕਿਲੋਮੀਟਰ ਲੰਬੀ 10 ਮੀਟਰ ਚੌੜੀ ਸੜਕ ਦਾ ਨਿਰਮਾਣ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਬਾਕੀ 2.90 ਕਿਲੋਮੀਟਰ ਲੰਬੀ ਸੜਕ ਦਾ ਨਿਰਮਾਣ ਇਸੇ ਕੰਢੇ @ਤੇ ਪ੍ਰਸਤਾਵਿਤ ਹੈ, ਜੋ ਐਨ.ਐਚ.-44 (ਦਿੱਲੀ ਤੋਂ ਅੰਬਾਲਾ) ਨੂੰ ਐਨ.ਐਚ.-709 (ਪਾਣੀਪਤ ਤੋਂ ਸ਼ਾਮਲੀ) ਨਾਲ ਜੋੜੇਗਾ ਅਤੇ ਪਾਣੀਪਤ ਸ਼ਹਿਰ ਦੇ ਪੂਰਬੀ ਬਾਈਪਾਸ ਵਜੋਂ ਕੰਮ ਕਰੇਗਾ। ਜਿਸ ਦੇ ਲਈ ਸਰਕਾਰ ਵੱਲੋਂ 3207.05 ਲੱਖ ਰੁਪਏ ਦੀ ਪ੍ਰਸ਼ਾਸਨਿਕ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਇਸ ਦੀ ਅਗਲੇਰੀ ਪ੍ਰਕਿਰਿਆ ਲਈ ਪੀ.ਡਬਲਯੂ.ਡੀ. ਬੀ.ਐਂਡ.ਆਰ. ਨੇ ਵਣ ਵਿਭਾਗ ਕੋਲ ਐਨ.ਓ.ਸੀ. ਲਈ ਮਾਮਲਾ ਭੇਜਿਆ ਹੋਇਆ ਹੈ। ਵਣ ਵਿਭਾਗ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਕੰਮ ਸ਼ੁਰੂ ਕੀਤਾ ਜਾਵੇਗਾ।

# ਕਿਸਾਨਾਂ ਨੂੰ ਇੱਕ ਅੱਖ ਵਾਲਾ ਗੰਨਾ-ਬੀਜ ਲਗਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਦੱਸਿਆ ਕਿ ਸੂਬੇ ਵਿੱਚ ਗੰਨੇ ਦੀ ਪੈਦਾਵਾਰ ਵਧਾਉਣ ਲਈ ਕਿਸਾਨਾਂ ਨੂੰ ਇੱਕ ਅੱਖ ਵਾਲਾ ਗੰਨਾ-ਬੀਜ ਲਗਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਇਸ ਦੇ ਲਈ ਕਿਸਾਨਾਂ ਨੂੰ ਸਬਸਿਡੀ ਵੀ ਪ੍ਰਦਾਨ ਕੀਤੀ ਜਾਂਦੀ ਹੈ।



ਖੇਤੀਬਾੜੀ ਮੰਤਰੀ ਅੱਜ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਦੇ ਇੱਕ ਮੈਂਬਰ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਦੱਸਿਆ ਕਿ ਗੰਨਾ ਉਤਪਾਦਕਤਾ ਵਧਾਉਣ ਲਈ ਕਿਸਾਨਾਂ ਨੂੰ ਇੱਕ ਅੱਖ ਦਾ ਗੰਨਾ ਲਗਾਉਣ ਦੀ ਵਿਧੀ ਅਪਣਾਉਣ @ਤੇ ਪ੍ਰਤੀ ਏਕੜ 3,000 ਰੁਪਏ ਦੀ ਸਬਸਿਡੀ ਪ੍ਰਦਾਨ ਕੀਤੀ ਜਾਂਦੀ ਹੈ। ਵਿੱਤੀ ਸਾਲ 2026-27 ਦੇ ਇਸ ਬਜਟ ਵਿੱਚ, ਸਰਕਾਰ ਨੇ ਪ੍ਰੋਤਸਾਹਨ ਰਾਸ਼ੀ ਨੂੰ 3,000 ਰੁਪਏ ਤੋਂ ਵਧਾ ਕੇ 5,000 ਰੁਪਏ ਪ੍ਰਤੀ ਏਕੜ ਕੀਤੇ ਜਾਣ ਦਾ ਪ੍ਰਸਤਾਵ ਰੱਖਿਆ ਹੈ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਕਿਸਾਨਾਂ ਨੂੰ ਗੰਨੇ ਲਈ ਸਿਹਤਮੰਦ ਅਤੇ ਰੋਗ-ਮੁਕਤ ਬੀਜ ਉਪਲਬਧ ਕਰਵਾਏ ਜਾਂਦੇ ਹਨ, ਜਿਸ ਦੇ ਲਈ ਪ੍ਰਤੀ ਏਕੜ 5,000 ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਵਿੱਤੀ ਸਾਲ 2026-27 ਦੇ ਬਜਟ ਵਿੱਚ ਸੂਬਾ ਸਰਕਾਰ ਨੇ ਪ੍ਰਸਤਾਵ ਰੱਖਿਆ ਹੈ ਕਿ ਗੰਨੇ ਦੀ ਖੇਤੀ ਲਈ ਟਿਸ਼ੂ ਕਲਚਰ ਵਿਧੀ ਅਪਣਾਉਣ ਵਾਲੇ ਕਿਸਾਨਾਂ ਨੂੰ ਗੰਨੇ ਦੀ ਪੌਦ ਮੁਫ਼ਤ ਪ੍ਰਦਾਨ ਕੀਤੀ ਜਾਵੇ।

ਉਨ੍ਹਾਂ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਨੇ ਪ੍ਰਸਤਾਵ ਰੱਖਿਆ ਹੈ ਕਿ ਸਹਿਕਾਰੀ ਖੰਡ ਮਿੱਲਾਂ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦੀ ਕਟਾਈ ਲਈ ਗੰਨਾ ਹਾਰਵੈਸਟਰ ਪ੍ਰਦਾਨ ਕਰਨਗੀਆਂ, ਜਿਸ ਨਾਲ ਗੰਨੇ ਦੀ ਕਟਾਈ ਦੀ ਲਾਗਤ ਵਿੱਚ ਵੀ ਕਮੀ ਆਵੇਗੀ।

# ਬੱਸ ਅੱਡਾ ਬਣਾਇਆ ਜਾਵੇਗਾ



**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਨ ਲਾਲ ਪੰਵਾਰ ਨੇ ਦੱਸਿਆ ਕਿ ਪਲਵਲ ਅਤੇ ਬੱਲਭਗੜ੍ਹ ਵਿਚਕਾਰ ਗਦਪੁਰੀ ਟੋਲ ਨੇੜੇ ਜ਼ਮੀਨ ਉਪਲਬਧ ਹੋਣ @ਤੇ ਦੋ ਬੇਅਸ (two bays) ਦਾ ਬੱਸ ਅੱਡਾ ਬਣਾਇਆ ਜਾਵੇਗਾ।ਹਰਿਆਣਾ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਲਗਾਏ ਗਏ ਇੱਕ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਦੱਸਿਆ ਕਿ ਜਿੱਥੋਂ ਤੱਕ ਬੱਸਾਂ ਦੇ ਫਲਾਈਓਵਰ ਤੋਂ ਜਾਣ ਦਾ ਸਬੰਧ ਹੈ, ਇਸ ਬਾਰੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਜਾਣਗੇ ਕਿ ਬੱਸ ਸਟਾਪ @ਤੇ ਬੱਸਾਂ ਦੇ ਆਉਣ ਅਤੇ ਰੁਕਣ ਦੇ ਸਬੰਧ ਵਿੱਚ ਟਰਾਂਸਪੋਰਟ ਇੰਸਪੈਕਟਰ ਦੀ ਡਿਊਟੀ ਲਗਾ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਗਦਪੁਰੀ ਟੋਲ, ਪਲਵਲ ਦੇ ਮੁੱਖ ਸਟੈਂਡ ਤੋਂ ਲਗਭਗ 17 ਕਿਲੋਮੀਟਰ ਅਤੇ ਬੱਲਭਗੜ੍ਹ ਤੋਂ ਸਿਰਫ਼ 11 ਕਿਲੋਮੀਟਰ ਦੀ ਦੂਰੀ @ਤੇ ਸਥਿਤ ਹੈ। ਹਰਿਆਣਾ ਰਾਜ ਟਰਾਂਸਪੋਰਟ ਕੋਲ ਪਲਵਲ-ਬੱਲਭਗੜ੍ਹ ਮਾਰਗ @ਤੇ ਬੱਸ ਸਟੈਂਡ ਦੀ ਉਸਾਰੀ ਲਈ ਕੋਈ ਜ਼ਮੀਨ ਉਪਲਬਧ ਨਹੀਂ ਹੈ, ਜੇਕਰ ਜ਼ਮੀਨ ਮੁਹੱਈਆ ਕਰਵਾ ਦਿੱਤੀ ਜਾਂਦੀ ਹੈ ਤਾਂ ਦੋ ਬੇਅ ਦਾ ਬੱਸ ਅੱਡਾ ਬਣਾ ਦਿੱਤਾ ਜਾਵੇਗਾ।

# ਮਾਤਨਹੇਲ ਵਿੱਚ ਪੀਪੀਪੀ ਮੋਡ ਤੇ ਸੈਨਿਕ ਸਕੂਲ ਖੋਲ੍ਹਣ ਨੂੰ ਰੱਖਿਆ ਮੰਤਰਾਲੇ ਦੀ ਮਨਜ਼ੂਰੀ: ਰਾਓ ਨਰਬੀਰ ਸਿੰਘ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸੈਨਿਕ ਅਤੇ ਅਰਧ ਸੈਨਿਕ ਭਲਾਈ ਵਿਭਾਗ ਦੇ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਝੱਜਰ ਜ਼ਿਲ੍ਹੇ ਦੇ ਮਾਤਨਹੇਲ ਪਿੰਡ ਵਿੱਚ ਪੀਪੀਪੀ (PPP) ਮੋਡ @ਤੇ ਸੈਨਿਕ ਸਕੂਲ ਖੋਲ੍ਹਣ ਦੀ ਮਨਜ਼ੂਰੀ ਰੱਖਿਆ ਮੰਤਰਾਲੇ ਵੱਲੋਂ ਦੇ ਦਿੱਤੀ ਗਈ ਹੈ। ਇਸ ਦੇ ਲਈ ਗ੍ਰਾਮ ਪੰਚਾਇਤ ਵੱਲੋਂ 60 ਏਕੜ ਜ਼ਮੀਨ ਤਬਦੀਲ ਕਰਨ ਦਾ ਮਤਾ ਪਾਸ ਕੀਤਾ ਜਾਣਾ ਹੈ।



ਰਾਓ ਨਰਬੀਰ ਸਿੰਘ ਅੱਜ ਇੱਥੇ ਹਰਿਆਣਾ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਪ੍ਰਸ਼ਨ ਕਾਲ ਵਿੱਚ ਵਿਧਾਇਕ ਗੀਤਾ ਭੁੱਕਲ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਸਦਨ ਵਿੱਚ ਬੋਲ ਰਹੇ ਸਨ। ਉਨ੍ਹਾਂ ਨੇ ਸਦਨ ਨੂੰ ਜਾਣੂ ਕਰਵਾਇਆ ਕਿ ਸਾਲ 1987 ਵਿੱਚ ਤਤਕਾਲੀ ਮੁੱਖ ਮੰਤਰੀ ਸਵਰਗਵਾਸੀ ਦੇਵੀ ਲਾਲ ਵੱਲੋਂ ਮਾਤਨਹੇਲ ਵਿੱਚ ਸੈਨਿਕ ਸਕੂਲ ਖੋਲ੍ਹਣ ਦੀ ਘੋਸ਼ਣਾ ਕੀਤੀ ਗਈ ਸੀ। ਇਸ ਤੋਂ ਬਾਅਦ ਇਹ ਮੰਗ ਸਾਲ 2024 ਤੱਕ ਲੰਬਿਤ ਰਹੀ।

ਇਸ ਦੌਰਾਨ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਇੱਕ ਵਾਰ ਅਤੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਨੇ ਦੋ ਵਾਰ ਰੱਖਿਆ ਮੰਤਰੀ ਨੂੰ ਪੱਤਰ ਲਿਖ ਕੇ ਸੈਨਿਕ ਸਕੂਲ ਖੋਲ੍ਹਣ ਦੀ ਮੰਗ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਵਰਤਮਾਨ ਵਿੱਚ ਹਰਿਆਣਾ ਵਿੱਚ ਸੈਨਿਕ ਸਕੂਲ ਕੁੰਜਪੁਰਾ (ਕਰਨਾਲ) ਅਤੇ ਸੈਨਿਕ ਸਕੂਲ ਰਿਵਾੜੀ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਛੋਟਾ ਸੂਬਾ ਹੋਣ ਦੇ ਬਾਵਜੂਦ ਇੱਥੋਂ ਦੇ ਨੌਜਵਾਨਾਂ ਵਿੱਚ ਫ਼ੌਜ ਵਿੱਚ ਜਾਣ ਦਾ ਵਿਸ਼ੇਸ਼ ਉਤਸ਼ਾਹ ਅਤੇ ਜਜ਼ਬਾ ਹੈ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਹੁਣ ਰੱਖਿਆ ਮੰਤਰਾਲੇ ਨੇ ਮਾਤਨਹੇਲ ਵਿੱਚ ਪੀਪੀਪੀ ਮੋਡ @ਤੇ ਸੈਨਿਕ ਸਕੂਲ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਹੈ।

ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸੈਨਿਕ ਸਕੂਲਾਂ ਵਿੱਚ ਦਾਖ਼ਲੇ ਲਈ ਸਥਾਨਕ ਪਿੰਡ ਵਾਸਤੇ ਨਿਯਮ ਤੈਅ ਕਰਨਾ ਰੱਖਿਆ ਮੰਤਰਾਲੇ ਦੇ ਨਿਯਮਾਂ ਅਨੁਸਾਰ ਹੁੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਾਨਯੋਗ ਵਿਧਾਇਕ ਵੱਲੋਂ ਗਰੁੱਪ-ਡੀ ਵਿੱਚ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇਣ ਦਾ ਜੋ ਮੁੱਦਾ ਚੁੱਕਿਆ ਗਿਆ ਹੈ, ਸਰਕਾਰ ਉਸ @ਤੇ ਵੀ ਵਿਚਾਰ ਕਰੇਗੀ।

# ਸਰਕਾਰ ਨੇ ਵੱਖ-ਵੱਖ ਸਕੀਮਾਂ ਤਹਿਤ ਲਾਭਕਾਰਾਂ ਦੇ ਖਾਤਿਆਂ ਵਿੱਚ ਪਹੁੰਚਾਏ 3,309 ਕਰੋੜ ਰੁਪਏ : ਮੁੱਖ ਮੰਤਰੀ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਪਣੇ ਹਰ ਸੰਕਲਪ ਨੂੰ ਪੂਰੀ ਵਚਨਬੱਧਤਾ ਨਾਲ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਵਿਜ਼ਨ @ਵਿਕਸਿਤ ਭਾਰਤ@ ਦਾ ਵਿਜ਼ਨ ਹੈ ਅਤੇ ਉਸੇ ਦਿਸ਼ਾ ਵਿੱਚ ਹਰਿਆਣਾ ਸਰਕਾਰ ਵੀ ਲਗਾਤਾਰ ਕੰਮ ਕਰ ਰਹੀ ਹੈ।



ਮੁੱਖ ਮੰਤਰੀ ਅੱਜ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਬੋਲ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਵਚਨਬੱਧਤਾ ਦੀ ਹੀ ਮਿਸਾਲ ਹੈ ਕਿ ਰਾਜ ਸਰਕਾਰ ਵੱਲੋਂ ਹਾਲ ਹੀ ਵਿੱਚ ਵੱਖ-ਵੱਖ ਸਕੀਮਾਂ ਤਹਿਤ ਵੱਡੀ ਰਾਸ਼ੀ ਸਿੱਧੀ ਲਾਭਕਾਰਾਂ ਦੇ ਖਾਤਿਆਂ ਵਿੱਚ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 3 ਮਾਰਚ 2026 ਨੂੰ ਹਰਿਆਣਾ ਰਾਜ ਦੀਆਂ 602 ਗਊਸ਼ਾਲਾਵਾਂ ਨੂੰ 68 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ।

ਉਨ੍ਹਾਂ ਨੇ ਸਦਨ ਨੂੰ ਜਾਣੂ ਕਰਵਾਇਆ ਕਿ 8 ਮਾਰਚ 2026 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ @ਤੇ ਰਾਜ ਸਰਕਾਰ ਵੱਲੋਂ 35 ਲੱਖ ਮਹਿਲਾਵਾਂ ਨੂੰ ਵੱਖ-ਵੱਖ ਸਕੀਮਾਂ ਤਹਿਤ 1,357 ਕਰੋੜ ਰੁਪਏ ਜਾਰੀ ਕੀਤੇ ਗਏ।

ਮੁੱਖ ਮੰਤਰੀ ਨੇ ਦੱਸਿਆ ਕਿ 9 ਮਾਰਚ 2026 ਨੂੰ ਵੱਖ-ਵੱਖ ਸਮਾਜਿਕ ਸੁਰੱਖਿਆ ਸਕੀਮਾਂ ਦੇ ਨਾਲ-ਨਾਲ ਵੱਖ-ਵੱਖ ਸਕੀਮਾਂ ਤਹਿਤ 1,884 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ। ਇਸ ਵਿੱਚ ਬੁਢਾਪਾ ਪੈਨਸ਼ਨ, ਦਿਆਲੂ ਯੋਜਨਾ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਸਮੇਤ ਹੋਰ ਸਕੀਮਾਂ ਦੇ ਲਾਭਕਾਰਾਂ ਨੂੰ ਲਾਭ ਪ੍ਰਦਾਨ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਦੌਰਾਨ ਰਾਜ ਸਰਕਾਰ ਨੇ ਵੱਖ-ਵੱਖ ਸਕੀਮਾਂ ਰਾਹੀਂ ਹਰਿਆਣਾ ਰਾਜ ਦੇ ਲਾਭਕਾਰਾਂ ਦੇ ਖਾਤਿਆਂ ਵਿੱਚ ਕੁੱਲ 3,309 ਕਰੋੜ ਰੁਪਏ ਸਿੱਧੇ ਪਹੁੰਚਾਉਣ ਦਾ ਕੰਮ ਕੀਤਾ ਹੈ। ਇਹ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਸਰਕਾਰ ਦੀ ਵਚਨਬੱਧਤਾ ਅਤੇ ਜਨ ਭਲਾਈ ਪ੍ਰਤੀ ਸਮਰਪਣ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਸਦਨ ਵਿੱਚ ਇਹ ਵੀ ਘੋਸ਼ਣਾ ਕੀਤੀ ਕਿ ਹਾਲ ਹੀ ਵਿੱਚ ਜੀਂਦ ਜ਼ਿਲ੍ਹੇ ਦੇ ਸਫੀਦੋਂ ਵਿੱਚ ਹੋਏ ਹਾਦਸੇ ਦੀ ਜਾਂਚ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹਾਦਸੇ ਵਿੱਚ ਜਿਨ੍ਹਾਂ ਦੀ ਮੌਤ ਹੋਈ ਹੈ, ਉਨ੍ਹਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਜਦੋਂ ਕਿ ਜ਼ਖਮੀਆਂ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਪਣੇ ਹਰ ਸੰਕਲਪ ਨੂੰ ਪੂਰੀ ਵਚਨਬੱਧਤਾ ਨਾਲ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਵਿਜ਼ਨ @ਵਿਕਸਿਤ ਭਾਰਤ@ ਦਾ ਵਿਜ਼ਨ ਹੈ ਅਤੇ ਉਸੇ ਦਿਸ਼ਾ ਵਿੱਚ ਹਰਿਆਣਾ ਸਰਕਾਰ ਵੀ ਲਗਾਤਾਰ ਕੰਮ ਕਰ ਰਹੀਨੂੰ 2-2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੀ ਰਾਸ਼ੀ ਜਾਰੀ ਕੀਤੀ। ਇਸ ਵਿੱਚ ਬੁਢਾਪਾ ਪੈਨਸ਼ਨ, ਦਿਆਲੂ ਯੋਜਨਾ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਇਹ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਸਰਕਾਰ ਦੀ ਵਚਨਬੱਧਤਾ ਅਤੇ ਜਨ ਭਲਾਈ ਪ੍ਰਤੀ ਸਮਰਪਣ ਨੂੰ ਦਰਸਾਉਂਦਾ ਹੈ।

# ਆਦਮਪੁਰ ਹਲਕੇ ਵਿੱਚ ਬਸਰਾ ਸਬ ਮਾਈਨਰ-2 ਨੂੰ 2026-27 ਵਿੱਚ ਰੀ-ਮਾਡਲ ਅਤੇ ਪੱਕਾ ਕਰਨ ਦਾ ਪ੍ਰਸਤਾਵ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੀ ਸਿੰਚਾਈ ਅਤੇ ਜਲ ਸਰੋਤ ਮੰਤਰੀ ਸ੍ਰੀਮਤੀ ਸ਼ੁਤੀ ਚੌਧਰੀ ਨੇ ਸਦਨ ਵਿੱਚ ਦੱਸਿਆ ਕਿ ਆਦਮਪੁਰ ਹਲਕੇ ਵਿੱਚ ਬਸਰਾ ਸਬ ਮਾਈਨਰ-2 ਨੂੰ 2026-27 ਵਿੱਚ ਰੀ-ਮਾਡਲ ਅਤੇ ਪੱਕਾ ਕਰਨ ਦਾ ਪ੍ਰਸਤਾਵ ਹੈ।

ਸਿੰਚਾਈ ਅਤੇ ਜਲ ਸਰੋਤ ਮੰਤਰੀ ਸ੍ਰੀਮਤੀ ਸ਼ੁਤੀ ਚੌਧਰੀ ਅੱਜ ਸਦਨ ਵਿੱਚ ਪੁੱਛੇ ਗਏ ਇੱਕ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਦੱਸਿਆ ਕਿ ਬਸਰਾ ਸਬ ਮਾਈਨਰ-2 ਤੋਂ ਪਹਿਲਾਂ ਮੁੱਖ ਨਹਿਰ ਬਾਲਸਮੰਦ ਸਬ ਮਾਈਨਰ ਨੂੰ ਪੱਕਾ ਕਰਨਾ ਜ਼ਰੂਰੀ ਸੀ, ਅਜਿਹੇ ਵਿੱਚ 2023-24 ਦੌਰਾਨ ਬੁਰਜੀ ਸੰਖਿਆ 0 ਤੋਂ 36450 ਤੱਕ ਬਾਲਸਮੰਦ ਸਬ ਮਾਈਨਰ ਅਤੇ ਉਸ ਨਾਲ ਜੁੜੀਆਂ ਫੀਡਿੰਗ ਪ੍ਰਣਾਲੀਆਂ ਦਾ ਨਿਰਮਾਣ ਕੀਤਾ ਗਿਆ। ਕਮਾਂਡ ਖੇਤਰ ਵਿੱਚ ਪਾਣੀ ਦੀ ਸਪਲਾਈ ਤਸੱਲੀਬਖਸ਼ ਹੋਣ ਤੋਂ ਬਾਅਦ ਹੁਣ ਬਸਰਾ ਸਬ ਮਾਈਨਰ-2 ਦੇ ਪੁਨਰਵਾਸ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਵਿਭਾਗ ਦੀ ਐੱਸ.ਟੀ.ਸੀ. (STC) ਮੀਟਿੰਗ ਵਿੱਚ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ ਲਗਭਗ 8.78 ਕਰੋੜ ਰੁਪਏ ਪ੍ਰਵਾਨ ਕੀਤੀ ਗਈ ਹੈ। ਸਾਰੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਕੰਮ ਮਈ 2026 ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਇਸ ਨੂੰ 30 ਜੂਨ 2027 ਤੱਕ ਪੂਰਾ ਕਰਨ ਦੀ ਉਮੀਦ ਹੈ।

# ਫਿੱਟ ਇੰਡੀਆ ਕਾਰਨੀਵਲ 2026 ਐਨ ਐਸ ਐਨ ਆਈ ਐਸ ਵਿਖੇ ਸਮਾਪਤ

**ਪਟਿਆਲਾ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਪੋਰਟਸ ਅਥਾਰਟੀ ਆਫ਼ ਇੰਡੀਆ ਦੁਆਰਾ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (ਐਨ ਐਸ ਐਨ ਆਈ ਐਸ) ਦੁਆਰਾ ਆਯੋਜਿਤ ਫਿੱਟ ਇੰਡੀਆ ਕਾਰਨੀਵਲ 2026, ਇੱਥੇ ਤਿੰਨ ਦਿਨਾਂ ਜੀਵਨ ਤੰਦਰੁਸਤੀ ਅਤੇ ਖੇਡ ਗਤੀਵਿਧੀਆਂ ਤੋਂ ਬਾਅਦ ਸਫਲਤਾਪੂਰਵਕ ਸਮਾਪਤ ਹੋਇਆ।




ਕਾਰਨੀਵਲ ਵਿੱਚ ਐਨ ਸੀ ਓ ਈ ਐਥਲੀਟ, ਡਿਪਲੋਮਾ ਸਿਖਿਆਰਥੀ, ਕੋਚ, ਸਟਾਫ ਮੈਂਬਰ, ਸਥਾਨਕ ਜਨਤਾ ਅਤੇ ਖੇਤਰ ਦੇ ਤੰਦਰੁਸਤੀ ਪ੍ਰੇਮੀਆਂ ਸਮੇਤ ਲਗਭਗ 3000 ਭਾਗੀਦਾਰਾਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ। ਇਸ ਸਮਾਗਮ ਨੇ ÷ਫਿਟਨੈਸ ਮਜ਼ੇਦਾਰ ਹੈ÷ ਦੇ ਸੰਦੇਸ਼ ਨੂੰ ਅੱਗੇ ਵਧਾਇਆ ਅਤੇ ਲੋਕਾਂ ਨੂੰ ਇੱਕ ਸਰਗਰਮ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕੀਤਾ।

ਸਮਾਪਤੀ ਸਮਾਰੋਹ ਮੌਕੇ ਸੱਭਿਆਚਾਰਕ ਪ੍ਰੋਗਰਾਮ ਤੇ ਪ੍ਰਦਰਸ਼ਨਾਂ ਨੇ ਤਿਉਹਾਰ ਵਾਲਾ ਮਾਹੌਲ ਬਣਾਇਆ ਅਤੇ ਤੰਦਰੁਸਤੀ ਅਤੇ ਭਾਈਚਾਰਕ ਭਾਗੀਦਾਰੀ ਦੀ ਭਾਵਨਾ ਦਾ ਜਸ਼ਨ ਮਨਾਇਆ।

ਇਸ ਮੌਕੇ ਮੇਰਾ ਪਟਿਆਲਾ ਮੈਂ ਹੀ ਸਵਾਂਰਾਂ ਦੀ ਟੀਮ ਤੇ ਐਚ ਪੀ ਐਸ ਲਾਂਬਾ ਦੀ ਅਗਵਾਈ ਹੇਠ ਯੋਧਿਆਂ ਨੂੰ ਸਿਹਤ/ਤੰਦਰੁਸਤੀ ਅਤੇ ਸਫਾਈ ਨਾਲ-ਨਾਲ ਚਲਦੇ ਹਨ, ਤਹਿਤ ਪਟਿਆਲਾ ਸ਼ਹਿਰ ਦੀ ਸਫਾਈ ਲਈ ਨਿਰਸਵਾਰਥ ਭਾਈਚਾਰਕ ਸੇਵਾ ਲਈ ਸਨਮਾਨਿਤ ਵੀ ਕੀਤਾ ਗਿਆ।

# ਸਕੁਐਡਰਨ ਲੀਡਰ ਅਨੁਜ ਵਸ਼ਿਸ਼ਟ ਦਾ ਬੇਵਕਤੀ ਦਿਹਾਂਤ ਪੂਰੇ ਦੇਸ਼ ਲਈ ਨਾ ਪੂਰਾ ਹੋਣ ਵਾਲਾ ਘਾਟਾ: ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਹਰਿਆਣਾ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਸਦਨ ਵਿੱਚ ਸੋਗ ਮਤਾ ਪੜ੍ਹਦਿਆਂ ਸਕੁਐਡਰਨ ਲੀਡਰ ਅਨੁਜ ਵਸ਼ਿਸ਼ਟ ਅਤੇ ਜ਼ਿਲ੍ਹਾ ਜੀਂਦ ਦੇ ਸਫੀਦੋਂ ਵਿੱਚ ਹੋਏ ਦਰਦਨਾਕ ਹਾਦਸੇ ਵਿੱਚ ਜਾਨ ਗੁਆਉਣ ਵਾਲੀਆਂ 7 ਮਹਿਲਾਵਾਂ ਦੇ ਦਿਹਾਂਤ @ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਸੋਗ ਗ੍ਰਸਤ ਪਰਿਵਾਰਾਂ ਪ੍ਰਤੀ ਆਪਣੀ ਦਿਲੀ ਹਮਦਰਦੀ ਪ੍ਰਗਟ ਕੀਤੀ।ਮੁੱਖ ਮੰਤਰੀ ਨੇ ਕਿਹਾ ਕਿ ਸਕੁਐਡਰਨ ਲੀਡਰ ਅਨੁਜ ਵਸ਼ਿਸ਼ਟ ਨੇ ਦੇਸ਼ ਦੀ ਸੇਵਾ ਵਿੱਚ ਆਪਣੀ ਜਿੰਮੇਵਾਰੀਆਂ ਨਿਭਾਉਂਦੇ ਹੋਏ ਅਦੁੱਤੀ ਸਾਹਸ ਅਤੇ ਸਮਰਪਣ ਦਾ ਸਬੂਤ ਦਿੱਤਾ। ਉਨ੍ਹਾਂ ਦਾ ਬੇਵਕਤੀ ਦਿਹਾਂਤ ਪੂਰੇ ਦੇਸ਼ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਰੱਖਿਆ ਵਿੱਚ ਯੋਗਦਾਨ ਪਾਉਣ ਵਾਲੇ ਬਹਾਦਰ ਸੈਨਿਕਾਂ ਦੀ ਕੁਰਬਾਨੀ ਅਤੇ ਬਲੀਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਹਰਿਆਣਾ ਟ੍ਰੈਵਲ ਏਜੰਟਾਂ ਦੀ ਰਜਿਸਟ੍ਰੇਸ਼ਨ ਅਤੇ ਰੈਗੂਲੇਸ਼ਨ (ਸੋਧ) ਬਿੱਲ, 2026 ਵਿੱਚ ਕੀਤਾ ਗਿਆ ਮਾਮੂਲੀ ਸੋਧ : ਮੁੱਖ ਮੰਤਰੀ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਟ੍ਰੈਵਲ ਏਜੰਟਾਂ ਦੀ ਰਜਿਸਟ੍ਰੇਸ਼ਨ ਅਤੇ ਰੈਗੂਲੇਸ਼ਨ (ਸੋਧ) ਬਿੱਲ, 2026 ਵਿੱਚ ਕੇਵਲ ਇੱਕ ਛੋਟਾ ਜਿਹਾ ਸੋਧ ਕੀਤਾ ਗਿਆ ਹੈ, ਜੋ ਕੇਂਦਰ ਸਰਕਾਰ ਦੇ ਪ੍ਰਾਵਧਾਨਾਂ ਦੇ ਅਨੁਸਾਰ ਹੈ। ਇਸ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਕੀਤੀ ਗਈ।

ਮੁੱਖ ਮੰਤਰੀ ਸੋਮਵਾਰ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਸਦਨ ਵਿੱਚ ਪੇਸ਼ ਹਰਿਆਣਾ ਟ੍ਰੈਵਲ ਏਜੰਟਾਂ ਦੀ ਰਜਿਸਟ੍ਰੇਸ਼ਨ ਅਤੇ ਰੈਗੂਲੇਸ਼ਨ (ਸੋਧ) ਬਿੱਲ, 2026 'ਤੇ ਬੋਲ ਰਹੇ ਸਨ। ਇਹ ਬਿੱਲ ਹਰਿਆਣਾ ਟ੍ਰੈਵਲ ਏਜੰਟਾਂ ਦੀ ਰਜਿਸਟ੍ਰੇਸ਼ਨ ਅਤੇ ਰੈਗੂਲੇਸ਼ਨ ਐਕਟ, 2025 ਵਿੱਚ ਸੋਧ ਕਰਨ ਲਈ ਲਿਆਂਦਾ ਗਿਆ ਹੈ।

ਉਨ੍ਹਾਂ ਨੇ ਸਦਨ ਨੂੰ ਜਾਣੂ ਕਰਵਾਇਆ ਕਿ ਸੋਧੇ ਹੋਏ ਪ੍ਰਾਵਧਾਨਾਂ ਅਨੁਸਾਰ ਜੇਕਰ ਕੋਈ ਟ੍ਰੈਵਲ ਏਜੰਟ ਕਿਸੇ ਵਿਅਕਤੀ ਨੂੰ ਵਿਦੇਸ਼ ਵਿੱਚ ਸੇਵਾ ਜਾਂ ਰੁਜ਼ਗਾਰ ਲਈ ਭੇਜਦਾ ਹੈ ਅਤੇ ਉਸ ਨੂੰ ਵਰਕ ਪਰਮਿਟ ਉਪਲਬਧ ਕਰਵਾਉਂਦਾ ਹੈ, ਤਾਂ ਉਸ ਨੂੰ ਸਬੰਧਤ ਕੇਂਦਰੀ ਐਕਟ ਅਨੁਸਾਰ ਆਪਣੀ ਰਜਿਸਟ੍ਰੇਸ਼ਨ ਕਰਵਾਉਣੀ ਹੋਵੇਗੀ। ਇਸ ਦੇ ਨਾਲ ਹੀ ਏਜੰਟ ਨੂੰ ਇਸ ਸਬੰਧੀ ਲੋੜੀਂਦੀ ਜਾਣਕਾਰੀ ਵੀ ਦੇਣੀ ਹੋਵੇਗੀ।

ਮੁੱਖ ਮੰਤਰੀ ਨੇ ਦੱਸਿਆ ਕਿ ਜਦੋਂ ਇਹ ਬਿੱਲ ਪਹਿਲਾਂ ਸਦਨ ਵਿੱਚ ਪਾਸ ਹੋਇਆ ਸੀ, ਉਸ ਤੋਂ ਬਾਅਦ ਰਾਜ ਸਰਕਾਰ ਨੇ ਇਸ ਨੂੰ ਰਾਸ਼ਟਰਪਤੀ ਕੋਲ ਭੇਜਿਆ ਸੀ।

ਰਾਸ਼ਟਰਪਤੀ ਸਕੱਤਰੇਤ ਵੱਲੋਂ ਇਸ ਨੂੰ ਵਿਦੇਸ਼ ਮੰਤਰਾਲੇ ਨੂੰ ਭੇਜਿਆ ਗਿਆ, ਜਿੱਥੋਂ ਸੁਝਾਅ ਦਿੱਤਾ ਗਿਆ ਕਿ ਬਿੱਲ ਵਿੱਚ ਉਨ੍ਹਾਂ ਦੇ ਉਪਬੰਧਾਂ ਅਨੁਸਾਰ ਸੋਧ ਕੀਤਾ ਜਾਵੇ। ਉਨ੍ਹਾਂ ਸੁਝਾਵਾਂ ਦੇ ਆਧਾਰ 'ਤੇ ਰਾਜ ਸਰਕਾਰ ਇਸ ਵਿੱਚ ਮਾਮੂਲੀ ਸੋਧ ਲੈ ਕੇ ਸਦਨ ਵਿੱਚ ਦੁਬਾਰਾ ਲਿਆਈ ਹੈ।

ਉਨ੍ਹਾਂ ਕਿਹਾ ਕਿ ਵਿਦੇਸ਼ਾਂ ਨਾਲ ਜੁੜੇ ਮਾਮਲਿਆਂ ਵਿੱਚ ਰਾਜ ਸਰਕਾਰ ਨੂੰ ਵਿਦੇਸ਼ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਕਾਨੂੰਨ ਬਣਾਉਣਾ ਪੈਂਦਾ ਹੈ। ਪਿਛਲੀ ਵਾਰ ਜਦੋਂ ਇਹ ਬਿੱਲ ਭੇਜਿਆ ਗਿਆ ਸੀ, ਉਸ ਸਮੇਂ ਤਿੰਨ ਨਵੇਂ ਕਾਨੂੰਨ ਲਾਗੂ ਹੋ ਗਏ ਸਨ, ਜਿਸ ਕਾਰਨ ਇਸ ਵਿੱਚ ਕੁਝ ਤਕਨੀਕੀ ਸੋਧਾਂ ਕਰਨੀਆਂ ਜ਼ਰੂਰੀ ਹੋ ਗਈਆਂ ਸਨ।

# ਅਧੂਰੇ ਵਾਅਦਿਆਂ 'ਤੇ ਪਰਦਾ ਪਾਉਣ ਲਈ ਕਾਂਗਰਸ ਬਹਿਸ ਤੋਂ ਭੱਜ ਰਹੀ ਹੈ: ਅਮਨ ਅਰੋੜਾ

**ਚੰਡੀਗੜ੍ਹ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਕਾਂਗਰਸ ਆਪਣੀ ÷ਰਾਜਨੀਤਿਕ ਤੌਰ @ਤੇ ਦੀਵਾਲੀਆ÷ ਹੋਣ ਦੀ ਸਥਿਤੀ ਕੱਜਣ ਲਈ ਹੀ ਬਹਿਸ ਤੋਂ ਭੱਜ ਰਹੀ ਹੈ। ਉਨ੍ਹਾਂ ਨੇ ਵਿਰੋਧੀ ਧਿਰ ਦੇ ਚੋਣ ਮਨੋਰਥ ਪੱਤਰ ਨੂੰ ਜ਼ੁਮਲਿਆਂ ਦਾ ਕਿਤਾਬਚਾ ਆਖਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾਈਆਂ।



ਵਿਰੋਧੀ ਧਿਰ ਦੇ ਨੇਤਾ (ਐਲਓਪੀ) ਅਤੇ ਹੋਰ ਕਾਂਗਰਸੀ ਆਗੂਆਂ @ਤੇ ਨਿਸ਼ਾਨਾ ਸੇਧਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ, ਉਹ ਆਪਣੇ ਆਪ ਨੂੰ ਵਿਰੋਧੀ ਧਿਰ ਦੇ ਨੇਤਾ ਅਖਵਾਉਂਦੇ ਹਨ। ਅਸੀਂ ਤਾਂ ਉਨ੍ਹਾਂ ਦੀ ਗੱਲ ਨੂੰ ਸੰਜਮ ਨਾਲ ਸੁਣਿਆ ਪਰ ਜਦੋਂ ਅਸੀਂ ਤੱਥ ਪੇਸ਼ ਕੀਤੇ ਤਾਂ ਉਨ੍ਹਾਂ ਨੇ ਵਾਕਆਊਟ ਕਰ ਲਿਆ ਅਤੇ ਬਿਲਕੁਲ ਇਸੇ ਤਰ੍ਹਾਂ ਹੀ ਉਨ੍ਹਾਂ ਨੇ 6 ਮਾਰਚ ਨੂੰ ਰਾਜਪਾਲ ਦੇ ਭਾਸ਼ਣ ਦੌਰਾਨ ਕੀਤਾ ਸੀ। ਵਿਰੋਧੀ ਧਿਰ ਦੇ ਨੇਤਾ ਅਕਸਰ ਬਿਨਾਂ ਸੁਣੇ, ਬਿਨਾਂ ਪੜ੍ਹੇ ਸਦਨ ਵਿੱਚੋਂ ਵਾਕਆਊਟ ਕਰ ਜਾਂਦੇ ਹਨ। ਉਹ ਸਿਰਫ਼ ਪੰਜਾਬ ਦੇ ਅਸਲ ਮੁੱਦਿਆਂ ਤੋਂ ਭੱਜਣਾ ਚਾਹੁੰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਨੇ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਕੱਖ ਨਹੀਂ ਕੀਤਾ ਸੀ।



ਪਰਮਜੀਤ ਕੌਰ ਸਰਹਿੰਦ
98728-98599

**'ਹੇਅਰਾ' ਲੋਕ-ਕਾਵਿ ਦੀ ਵਿਲੱਖਣ ਵਿਧਾ ਹੈ ਜਿਸ ਨੂੰ ਔਰਤਾਂ ਵਿਆਹ ਦੇ ਸ਼ੁਭ ਮੌਕੇ ਗਾਉਂਦੀਆਂ ਹਨ। ਜ਼ਿਕਰਯੋਗ ਹੈ ਕਿ ਹੇਅਰੇ ਨੂੰ ਗਾਉਣਾ ਨਹੀਂ ਬਲਕਿ 'ਹੇਅਰਾ ਲਾਉਣਾ' ਕਿਹਾ ਜਾਂਦਾ ਹੈ। ਅਜੋਕੇ ਸਮੇਂ ਹੇਅਰੇ ਲਾਉਣ ਦਾ ਰਿਵਾਜ ਖ਼ਤਮ ਹੋ ਗਿਆ ਹੈ।**



# ਲੋਕ-ਕਾਵਿ ਦੀ ਵਿਲੱਖਣ ਵਿਧਾ ਹੇਅਰੇ



ਲੋਕ-ਕਾਵਿ ਦੀ ਸਿਰਜਣਾ ਕਿਸੇ ਕਵੀ ਜਾਂ ਗੀਤਕਾਰ ਦੁਆਰਾ ਨਹੀਂ ਕੀਤੀ ਜਾਂਦੀ ਭਾਵ ਇਹ ਕਿਸੇ ਵਿਸ਼ੇਸ਼ ਵਿਅਕਤੀ ਦੀ ਕਿਰਤ ਨਹੀਂ ਬਲਕਿ ਜਨ ਸਮੂਹ ਦੀ ਸਾਂਝੀ ਸਿਰਜਣਾ ਹੁੰਦੇ ਹਨ। ਲੋਕਗੀਤ ਪੰਜਾਬ ਦੇ ਲੋਕਾਂ ਖ਼ਾਸ ਕਰ ਗੱਭਰੂ-ਮੁਟਿਆਰਾਂ ਦੇ ਮਨਾਂ ਵਿੱਚੋਂ ਝਰਨਿਆਂ ਵਾਂਗੂ ਫੁੱਟ ਨਿਕਲਦੇ ਹਨ। ਇਹ ਕਿਸੇ ਸੁਰ ਸਾਧਨਾ ਜਾਂ ਰਿਆਜ਼ ਦੀ ਮੰਗ ਨਹੀਂ ਕਰਦੇ ਤੇ ਨਾ ਕਿਸੇ ਸੰਗੀਤਕਾਰ ਦੀ ਸਿੱਖਿਆ ਦੇ ਮੁਹਤਾਜ਼ ਹਨ। ਇਹ ਤਾਂ ਆਪਣੀ ਖੁੱਲ੍ਹੀ-ਡੁੱਲ੍ਹੀ ਮਸਤਾਨੀ ਤੋਰ ਤੁਰਦੇ, ਨਦੀਆਂ ਦੇ ਵਹਿਣ ਵਾਂਗ ਜਾਪਦੇ ਹਨ।

ਸਮੇਂ ਦੀ ਹਿੱਕ 'ਤੇ ਇਨ੍ਹਾਂ ਦੇ ਰਚਣਹਾਰਿਆਂ ਦੇ ਨਾਂ ਨਹੀਂ ਲਿਖੇ ਗਏ ਪਰ ਇਹ ਸਦੀਆਂ ਤੋਂ ਸੀਨਾ-ਬ-ਸੀਨਾ ਸਫ਼ਰ ਤਹਿ ਕਰਦੇ ਸਮੇਂ ਦੇ ਨਾਲ ਤੁਰਦੇ ਆਏ ਹਨ। ਲੋਕ-ਕਾਵਿ ਬਹੁਤਾ ਕਰ ਕੇ ਨਾਰੀ ਵੱਲੋਂ ਸਿਰਜਿਆ ਜਾਪਦਾ ਹੈ ਕਿਉਂਕਿ ਇਸ ਵਿਚ ਨਾਰੀ ਮਨ ਦੇ ਭਾਵ ਜ਼ਿਆਦਾ ਵਿਦਮਾਨ ਹੁੰਦੇ ਹਨ। ਪਰਿਵਾਰਕ ਤੇ ਸਮਾਜਕ ਸਰੋਕਾਰਾਂ ਤੋਂ ਬਿਨਾਂ ਰਿਸ਼ਤੇ-ਨਾਤਿਆਂ ਨਾਲ ਜੋੜ ਕੇ ਵੀ ਜੀਵਨ ਦਾ ਹਰ ਪੱਖ ਪੇਸ਼ ਕੀਤਾ ਜਾਂਦਾ ਹੈ। ਪੰਜਾਬੀ ਲੋਕ-ਕਾਵਿ ਵਿਚ ਕਿਧਰੇ ਔਰਤ ਦੀਆਂ ਦੱਬੀਆਂ-ਕੁਚਲੀਆਂ ਰੀਝਾਂ, ਕਿਧਰੇ ਖ਼ੁਸ਼ੀਆਂ-ਖੇੜੇ ਅਤੇ ਕਿਧਰੇ ਮੁਹੱਬਤ ਨਾਲ ਬਿਰਹੋਂ-ਵਸਲ ਦੀ ਤਰਜਮਾਨੀ ਵੀ ਕੀਤੀ ਗਈ ਹੈ। ਲੋਕ-ਕਾਵਿ ਦੀ ਰਚਨਾ ਸੁਤੇ-ਸਿੱਧ ਕੀਤੀ ਜਾਂਦੀ ਹੈ। ਇਸ ਕਾਵਿ ਦੀਆਂ ਗੁੰਮਨਾਮ ਸਿਰਜਣਹਾਰੀਆਂ ਨੇ ਬਹੁਤ ਗਹਿਰ-ਗੰਭੀਰ ਵਿਸ਼ੇ ਵੀ ਸਹਿਜਮਤੇ ਹੀ ਲੋਕਗੀਤਾਂ ਵਿਚ ਵਿਦਮਾਨ ਕੀਤੇ ਹਨ। ਨਾਰੀ ਮਨ ਵੱਲੋਂ ਕੀਤਾ ਗਿਆ ਸਬਰ-ਜ਼ਬਤ ਅਤੇ ਵਿਦਰੋਹ-ਬਗ਼ਾਵਤ ਵੀ ਇਸ ਕਾਵਿ ਵਿਚ ਰੂਪਮਾਨ ਕੀਤਾ ਗਿਆ ਹੈ।

ਪੰਜਾਬੀ ਲੋਕ-ਕਾਵਿ, ਪੰਜਾਬੀ ਜਨਜੀਵਨ ਦੀ ਮੂੰਹ ਬੋਲਦੀ ਤਸਵੀਰ ਹੈ। ਇਨ੍ਹਾਂ ਦਾ ਰੂਪ ਸਮੇਂ ਅਨੁਸਾਰ ਬਦਲਦਾ-ਸੰਵਰਦਾ ਰਹਿੰਦਾ ਹੈ। ਹਰ ਪੰਜਾਬੀ ਲੋਰੀਆ ਵਿਚ ਜਨਮਦਾ, ਬੋਲੀਆਂ-ਟੱਪਿਆਂ ਤੇ ਢੋਲੇ-ਸੰਮੀ ਵਿਚ ਜਵਾਨ ਹੁੰਦਾ ਅਤੇ ਘੋੜੀਆਂ-ਸੁਹਾਗਾਂ ਵਿਚ ਵਿਆਹਿਆ ਜਾਂਦਾ ਹੈ। ਗ੍ਰਹਿਸਤ ਜੀਵਨ ਦੀਆਂ ਖ਼ੁਸ਼ਹਾਲੀਆਂ ਜਾਂ ਮੰਦਹਾਲੀਆਂ ਦੀ ਸਪੱਸ਼ਟ ਜਾਂ ਸੰਕੇਤਕ ਝਲਕ ਵੀ ਲੋਕ ਗੀਤਾਂ ਵਿਚ ਮਿਲਦੀ ਹੈ। ਜੀਵਨ ਦਾ ਬਿਖੜਾ ਜਾਂ ਸੌਖਾ ਪੈਂਡਾ ਤਹਿ ਕਰਦਾ ਇਨਸਾਨ ਅਖ਼ੀਰ ਨੂੰ ਵੈਣਾਂ-ਕੀਰਨਿਆਂ ਵਿਚ ਇਸ ਸੰਸਾਰ ਨੂੰ ਤੋਂ ਵਿਦਾਅ ਹੋ ਜਾਂਦਾ ਹੈ। ਲੋਕ ਗੀਤ ਜਨਮ ਤੋਂ ਮਰਨ ਤੱਕ ਉਸ ਦੇ ਨਾਲ ਨਿਭਦੇ ਹਨ।

ਭਾਵੇਂ ਸਾਡੀ ਜੀਵਨ ਸ਼ੈਲੀ ਵਿਚ ਬਹੁਤ ਪਰਿਵਰਤਨ ਆ ਚੁੱਕਾ ਹੈ ਪਰ ਆਧੁਨਿਕ ਯੁੱਗ ਵਿਚ ਵੀ ਲੋਕ-ਕਾਵਿ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਨਾਲ ਹੈ।

ਪੰਜਾਬ ਦੇ ਲੋਕ-ਕਾਵਿ ਦੀਆਂ ਅਨੇਕਾਂ ਵਿਧਾਵਾਂ ਹਨ ਹਰ ਵਿਧਾ ਦਾ ਆਪਣਾ ਵੱਖਰਾ ਸਰੂਪ ਤੇ ਅੰਦਾਜ਼ ਹੈ ਪਰ ਮੁੱਖ ਰੂਪ ਵਿਚ ਇਨ੍ਹਾਂ ਦਾ ਅਸਲੀ ਤੱਤ ਅਰਥਾਤ ਮੁੱਢ ਮੂਲ ਤਕਰੀਬਨ ਇੱਕੋ ਹੁੰਦਾ ਹੈ, ਉਹ ਹੈ ਆਮ ਸਮਾਜਿਕ ਜੀਵਨ ਨਾਲ ਜੁੜਿਆ ਹੋਣਾ। ਲੋਕ-ਕਾਵਿ ਦੀਆਂ ਪ੍ਰਮੁੱਖ ਵਿਧਾਵਾਂ, ਘੋੜੀਆਂ, ਸੁਹਾਗ, ਲੰਮੇ ਗੌਣ, ਵਿਢੜੇ (ਬ੍ਰਿਹੜੇ), ਇਕ ਤੇ ਦੋ ਤੁਕੀਆਂ ਬੋਲੀਆਂ, ਲੰਮੀਆਂ ਬੋਲੀਆਂ, ਛੰਦ ਪਰਾਗੇ, ਸਿੱਠਣੀਆਂ, ਵਧਾਈਆਂ, ਵਧਾਵੇ, ਹੇਅਰੇ, ਢੋਲਕੀ ਤੇ ਗਿੱਧੇ ਦੇ ਗੀਤਾਂ ਤੋਂ ਬਿਨਾਂ ਢੋਲਾ, ਮਾਹੀਆ, ਸੰਮੀ ਅਤੇ ਟੱਪੇ ਆਦਿ ਹਨ।

ਇਨ੍ਹਾਂ ਸਾਰੀਆਂ ਵਿਧਾਵਾਂ ਵਿਚ 'ਹੇਅਰਾ' ਇਕ ਵਿਲੱਖਣ ਤੇ ਖ਼ੂਬਸੂਰਤ ਵਿਧਾ ਹੈ ਜਿਸ ਨੂੰ ਔਰਤਾਂ ਵਿਆਹ ਦੇ ਸ਼ੁਭ ਮੌਕੇ 'ਤੇ ਵੱਖਰੇ-ਵੱਖਰੇ ਸਮੇਂ ਗਾਉਂਦੀਆਂ ਹਨ। ਜ਼ਿਕਰਯੋਗ ਹੈ ਕਿ ਹੇਅਰੇ ਨੂੰ ਗਾਉਣਾ ਨਹੀਂ ਬਲਕਿ 'ਹੇਅਰਾ ਲਾਉਣਾ' ਕਿਹਾ ਜਾਂਦਾ ਹੈ। ਅਜੋਕੇ ਸਮੇਂ ਹੇਅਰੇ ਲਾਉਣ ਦਾ ਰਿਵਾਜ ਖ਼ਤਮ ਹੁੰਦਾ ਜਾ ਰਿਹਾ ਹੈ ਪਰ ਪੂਰੀ ਤਰ੍ਹਾਂ ਰੱਦ ਨਹੀਂ ਹੋਇਆ। ਮੁੰਡੇ ਦੀ ਬਰਾਤ ਚੜ੍ਹਨ ਸਮੇਂ ਤੇ ਵਹੁਟੀ ਦੀ ਡੋਲ਼ੀ ਆਉਣ ਸਮੇਂ ਅਜੇ ਵੀ ਕਿਤੇ-ਕਿਤੇ ਹੇਅਰੇ ਲਾਏ ਜਾਂਦੇ ਹਨ। ਆਮ ਤੌਰ 'ਤੇ ਹੇਅਰੇ ਕੋਈ ਬਜ਼ੁਰਗ ਔਰਤ ਹੀ ਲਾਉਂਦੀ ਹੈ ਇਹ ਅਜੋਕੀ ਨਾਰੀ ਦੇ ਵਸ ਦਾ ਕੰਮ ਨਹੀਂ। ਕੋਈ ਵਿਰਲੀ ਟਾਵੀਂ ਸੁਆਣੀ ਹੀ ਹੇਅਰਾ ਲਾ ਸਕਦੀ ਹੈ। ਹੇਅਰਾ ਜ਼ਿਆਦਾਤਰ ਇਕੱਲੀ ਔਰਤ ਲਾਉਂਦੀ ਹੈ ਪਰ ਦੋ ਜਣੀਆਂ ਮਿਲ ਕੇ ਵੀ ਲਾ ਲੈਂਦੀਆਂ ਹਨ।

ਵਣਜਾਰਾ ਬੇਦੀ ਅਨੁਸਾਰ, 'ਜੇ ਹੇਅਰਾ ਸ਼ਬਦ 'ਹਯ-ਰਾ' ਦੇ ਸੰਯੋਗ ਤੋਂ ਬਣਿਆ ਮੰਨਿਆ ਜਾਵੇ ਤਾਂ ਇਹ ਗੀਤ ਘੋੜੀ ਚੜ੍ਹਨ ਸਮੇਂ ਦੇ ਬਣਦੇ ਹਨ ਪਰ ਜੇ ਸ਼ਬਦ 'ਹੇਰਾ' ਤੋਂ ਬਣਿਆ ਮੰਨ ਲਈਏ ਤਾਂ 'ਹੇਰ' ਸ਼ਬਦ ਦੇ ਅਰਥ 'ਕਾਮ ਵੇਗ' ਜਾਂ ਸੰਯੋਗ ਲਈ ਚੇਸ਼ਟਾ ਦੇ ਹੋਣ ਕਰਕੇ 'ਹੇਅਰਾ' ਉਹ ਗੀਤ ਬਣਦੇ ਹਨ ਜੋ ਕੋਈ ਮਰਦ ਕਿਸੇ ਇਸਤਰੀ ਨੂੰ ਸੰਬੋਧਨ ਕਰਕੇ ਉਲੇਲ ਵਿਚ ਗਾਏ ਜਾਂ ਜਿਨ੍ਹਾਂ ਵਿਚ ਸੰਬੋਧਨੀ ਪ੍ਰਤੀ ਚੇਸ਼ਟਤ ਜਾਂ ਕਾਮ ਵੇਗ ਸੰਕੇਤਕ ਜਾਂ ਪ੍ਰਗਟ ਰੂਪ ਵਿਚ ਹੋਣਾ।' ਡਾ. ਨਾਹਰ ਸਿੰਘ ਅਨੁਸਾਰ, 'ਹੇਅਰਾ ਵਿਆਹ ਸਮੇਂ ਨਿਸ਼ਚਿਤ ਉਚਾਰ ਸੰਦਰਭ ਵਿਚ ਗਾਇਆ ਜਾਣ ਵਾਲਾ ਰੂੜ੍ਹ-ਰਚਨਾ ਨੇਮ ਉੱਤੇ ਉਸਰਿਆ ਦੋ ਸਤਰਾਂ ਵਾਲਾ ਅਜਿਹਾ ਸੰਬੋਧਨੀ ਗੀਤ-ਰੂਪ ਹੈ ਜਿਸ ਵਿਚ ਹਰ ਠਹਿਰਾਓ ਨਾਲ ਸੰਬੋਧਨੀ ਹੇਕ ਆਉਂਦੀ ਹੈ ਪਰ ਸਭ ਤੋਂ ਵੱਧ ਲਮਕਵੀਂ ਹੇਕ ਛੇਕੜਲੇ ਸ਼ਬਦ ਤੋਂ ਪਹਿਲੇ ਸ਼ਬਦ ਦੇ ਅੰਤਲੇ ਵਰਨਣ ਉੱਤੇ ਆਉਂਦੀ ਹੈ। ਇਸ ਦੇ ਸੁਭਾਅ ਦੇ ਨੇੜਲੀ ਸਾਂਝ ਸਿੱਠਣੀ, ਲੰਮੇ ਗੀਤ ਅਤੇ ਨਿੱਕੀ ਬੋਲੀ ਨਾਲ ਹੈ। ਹੇਅਰਾ ਵਿਆਹ ਨਾਲ ਸਬੰਧਤ ਵੱਖੋ-ਵੱਖਰੇ ਮੌਕਿਆਂ ਉੱਤੇ ਸਵਾਣੀਆਂ ਵੱਲੋਂ ਉਚਾਰਿਆ ਜਾਂਦਾ ਹੈ।'

ਹੇਅਰੇ ਬਾਰੇ ਗੱਲ ਕਰਦਿਆਂ ਮੈਂ ਆਪਣੇ ਨਿੱਜੀ ਤਜਰਬੇ ਵਿੱਚੋਂ ਦੱਸਣਾ ਚਾਹੁੰਦੀ ਹਾਂ ਕਿ ਮੈਂ ਹੇਅਰੇ ਲਾਏ ਵੀ ਹਨ ਤੇ ਸੁਣੇ ਵੀ। ਹੇਅਰਾ ਦੋ ਸਤਰਾਂ ਦਾ ਹੀ ਹੁੰਦਾ ਹੈ ਤੇ ਇਸ ਵਿਚ ਸੰਬੋਧਨ ਲਾਜ਼ਮੀ ਹੁੰਦਾ ਹੈ। ਹੇਅਰੇ ਵਿਚ ਦੋ ਥਾਂ ਸੰਬੋਧਨ ਆਉਂਦਾ ਹੈ, ਇਕ ਪਹਿਲੀ ਸਤਰ ਵਿਚ ਜੋ ਰਿਸ਼ਤੇ ਦੇ ਨਾਂ ਨਾਲ ਸਬੰਧਤ ਹੁੰਦਾ ਹੈ।

ਜੋ ਬਹੁਤਾ ਕਰਕੇ ਵਿਸ਼ੇਸ਼ਣ ਯੁਕਤ ਹੁੰਦਾ ਹੈ ਜਾਂ ਉਸ ਵਿਚ ਰਿਸ਼ਤੇ ਦੇ ਨਾਂ ਦਾ ਦੁਹਰਾਓ ਹੁੰਦਾ ਹੈ। ਵਰਣਨ ਯੋਗ ਹੈ ਕਿ ਸਿੱਠਣੀਆਂ ਅਤੇ ਵੈਣਾਂ ਵਾਂਗੂ ਹੇਅਰੇ ਵਿਚ ਸੰਬੋਧਕ ਯਾਨੀ ਕਿ ਗਾਉਣ ਵਾਲਾ ਆਪ ਭਾਗ ਲੈਂਦਾ ਹੈ। ਇਹ ਇਸ ਵਿਧਾ ਦਾ ਜ਼ਰੂਰੀ ਹਿੱਸਾ ਹੈ। ਹੇਅਰੇ ਦੀ ਸੁਰ ਤਾਲ ਜਾਂ ਹੇਕ ਨੂੰ ਬਰਾਬਰ ਰੱਖਣ ਲਈ ਇਸ ਵਿਚ ਮੌਕੇ ਮੁਤਾਬਿਕ ਇਕ-ਦੋ ਸ਼ਬਦ ਜੋੜ ਲਏ ਜਾਂਦੇ ਹਨ ਜਿਵੇਂ,

'ਵੇ ਕੋਈ, ਕਿਆ ਵੇ, ਵੇ ਵੀਰਨ ਸਾਡਿਆ' ਆਦਿ। ਵਿਸ਼ੇਸ਼ਣ ਵੀ ਇਸ ਦੀ ਲੈਅ ਨੂੰ ਬਰਾਬਰ ਰੱਖਦੇ ਹਨ। ਹੇਅਰਾ ਦੋ ਤੁਕੀ ਜਾਂ ਨਿੱਕੀ ਬੋਲੀ ਵਰਗਾ ਹੀ ਹੁੰਦਾ ਹੈ ਪਰ ਇਸ ਨੂੰ ਲੰਮੀ ਅਤੇ ਅੰਤਲੇ ਸ਼ਬਦ 'ਤੇ ਇਕ ਦਮ ਟੁੱਟਵੀਂ ਹੇਕ ਅਤੇ ਸੰਬੋਧਨੀ ਵਿਧੀ, ਬੋਲੀ ਵਾਲੀ ਵਿਧੀ ਨਾਲੋਂ ਵਖਰਾਉਂਦੀ ਹੈ। ਹੇਅਰਾ ਸਿੱਠਣੀ ਰੂਪ ਵਿਚ ਵੀ ਵਰਤਿਆ ਜਾਂਦਾ ਹੈ ਉਸ ਵਿਚ ਵੀ ਸੰਬੋਧਨੀ ਵਿਧੀ ਵਰਤੀ ਜਾਂਦੀ ਹੈ। ਹੇਅਰੇ ਦੀ ਪਹਿਲੀ ਸਤਰ ਦੇ ਅੱਧ ਵਿਚਲੇ ਸ਼ਬਦ ਜਾਂ ਅੱਧ ਤੋਂ ਬਾਅਦ ਵਾਲੇ ਸ਼ਬਦ ਨੂੰ ਲਮਕਾਅ ਕੇ ਉਚਾਰਿਆ ਜਾਂਦਾ ਹੈ ਅਤੇ ਆਖ਼ਰੀ ਸ਼ਬਦ ਨੂੰ ਇਕ ਦਮ ਹੇਕ ਤੋੜ ਕੇ ਉਚਾਰਿਆ ਜਾਂਦਾ ਹੈ। ਦੂਜੀ ਸਤਰ ਦਾ ਵੀ ਇਹੋ ਵਿਧੀ-ਬੰਧਾਨ ਹੈ ਪਰ ਉਸ ਵਿਚ ਵਿਸ਼ੇਸ਼ਣ ਨੂੰ ਲੰਮੀ ਹੇਕ ਨਾਲ ਉਚਾਰ ਕੇ ਆਖ਼ਰੀ ਸ਼ਬਦ ਫਿਰ ਇਕ ਦਮ ਠਹਿਰਾਓ ਵਿਚ ਆਉਂਦਾ ਹੈ। ਮਿਸਾਲ ਲਈ ਮੁੰਡੇ ਦੀ ਬਰਾਤ ਚੜ੍ਹਨ ਸਮੇਂ ਦਾ ਹੇਅਰਾ :

ਸਿਖਰ ਦੁਪਹਿਰੇ ਵੀਰਾ ਜੰਞ ਚੜ੍ਹਿਆ,
ਕੋਈ ਧੁੱਪ ਲੱਗੇ ਕੁਮਲਾ
ਜੇ ਮੈਂ ਹੋਵਾਂ ਬੱਦਲੀ, ਸੂਰਜ ਲਵਾਂ ਵੇ
ਜੱਗੋਂ ਪਿਆਰਿਆ ਵੇ ਛੁਪਾ...

ਉਪਰੋਕਤ ਹੇਅਰੇ ਵਿਚ 'ਚੜ੍ਹਿਆ' ਸ਼ਬਦ ਬਹੁਤ ਲਮਕਾਅ ਕੇ ਉਚਾਰਿਆ ਜਾਂਦਾ ਹੈ ਤੇ 'ਕੁਮਲਾ' ਇਕਦਮ ਟੁੱਟਵੀਂ ਹੇਕ ਵਿਚ ਅਉਂਦਾ ਹੈ। ਇਸੇ ਤਰ੍ਹਾਂ ਦੂਜੀ ਸਤਰ ਵਿਚ 'ਬੱਦਲੀ' ਲੰਮੀ ਲੈਅ ਅਤੇ 'ਜੱਗੋਂ ਪਿਆਰਿਆ ਵੇ' ਲੰਮੀ ਹੇਕ 'ਚ ਆਉਂਦਾ ਹੈ ਪਰ 'ਛੁਪਾ' ਸ਼ਬਦ ਇਕਦਮ ਮੁਕਾਇਆ ਜਾਂਦਾ ਹੈ। ਹੇਅਰੇ ਗਾਉਣ

ਅਨੰਦਿਤ ਤੇ ਉਤਸ਼ਾਹਿਤ ਕਰਦੀ ਹੈ। ਜਿੱਥੇ ਕਿਤੇ ਲੈਅ ਵਿਚ ਕਮੀ-ਪੇਸ਼ੀ ਮਹਿਸੂਸ ਹੁੰਦੀ ਹੈ ਹੇਅਰਾ ਲਾਉਣ ਵਾਲੀ ਮਾਹਿਰ ਸੁਆਣੀ ਵੇ ਜਾਂ ਨੀ ਸ਼ਬਦ ਨਾਲ ਮੌਕਾ ਸਾਂਭ ਲੈਂਦੀ ਹੈ। ਇਸੇ ਮੌਕੇ ਦਾ ਹੇਅਰਾ :

ਹੱਥ ਤਾਂ ਬੰਨ੍ਹਿਆਂ ਵੀਰਾ ਕੰਗਣਾ ਕਿਆ ਵੇ
ਡੌਲ਼ੇ ਬੰਨ੍ਹੇ ਬਾਜੂਬੰਦ
ਵੀਰਾਂ ਵਿਚ ਵੀਰਾ ਇਓਂ ਸਜੇ
ਜਿਉਂ ਤਾਰਿਆ ਵਿਚ ਵੇ
ਵੀਰਨ ਸਾਡਿਆ ਵੇ ਚੰਦ...

ਦਿਓਰ ਦੇ ਸੁਰਮਾ ਪਾਉਣ ਲੱਗੀ ਭਰਜਾਈ ਸੰਬੋਧਕ ਬਣਦੀ ਹੋਈ ਹੇਅਰਾ ਲਾਉਂਦੀ ਹੈ :

ਪਹਿਲੀ ਸਲਾਈ ਵੇ ਦਿਓਰਾ ਰਸ ਭਰੀ
ਦੂਜੀ ਵੇ ਗੁਲਨਾਰ
ਤੀਜੀ ਸਲਾਈ ਤਾਂ ਪਾਵਾਂ
ਜੇ ਮੋਹਰਾਂ ਦੇਵੇਂ ਵੇ
ਦਿਓਰ ਜੋ ਸਾਡਿਆ ਵੇ ਚਾਰ...

ਹੇਅਰਿਆਂ ਵਿਚ ਇਕ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ, ਉਹ ਹੈ ਇਸ ਦੀ ਦੂਜੀ ਸਤਰ ਦੇ ਵਾਕ ਨੂੰ ਤੋੜ ਕੇ ਫਿਰ ਜੋੜਿਆ ਜਾਂਦਾ ਹੈ ਜਿਸ ਵਿੱਚ ਵਿਸ਼ੇਸ਼ਣ ਜਾਂ ਸੰਬੋਧਨੀ ਨਾਂ 'ਜੋੜਨੀ' ਦਾ ਕੰਮ ਕਰਦਾ ਹੈ ਜਿਵੇਂ, 'ਤੇਰੀ ਮਾਂ ਨਾ ਖੁਆਇਆ, ਵੇ ਜਗ ਜਿਊਣਿਆ ਵੇ ਘੀ।' ਇੱਥੇ 'ਵੇ ਜਗ ਜਿਊਣਿਆ' ਜੋੜਨੀ ਦਾ ਕੰਮ ਕਰਦਾ ਸਤਰ ਦਾ ਅਰਥ ਸਪੱਸ਼ਟ ਕਰਦਾ ਹੈ।

ਜਦੋਂ ਡੋਲੀ ਕੁੜੀ ਦੇ ਸਹੁਰੇ ਘਰ ਪੁੱਜਦੀ ਹੈ ਉਹ ਕੁੜੀ ਤੋਂ ਵਹੁਟੀ ਬਣ ਜਾਂਦੀ ਹੈ। ਮੁੰਡੇ ਦੀਆਂ ਭੈਣਾਂ ਇਸ ਮੌਕੇ ਹੇਅਰਾ ਲਾਉਂਦੀਆਂ ਹਨ :

-ਉਤਰ ਵਹੁਟੀਏ ਡੋਲੀਓਂ
ਦੇਖ ਸਹੁਰੇ ਦਾ ਨੀ ਦੁਆਰ
ਕੰਧਾਂ ਚਿੱਤਮ-ਚੀਤੀਆਂ,
ਕੋਈ ਕਲੀ ਚਮਕਦੇ
ਨੀ ਭਾਬੋ ਸਾਡੀਏ ਨੀ ਬਾਰ...
-ਇਸ ਸਮੇਂ ਭੈਣਾਂ ਆਪਣੇ ਵੀਰ ਨੂੰ ਵੀ
ਅੰਦਰ ਲਿਪਾਂ ਵੀਰਾ ਬਾਹਰ ਲਿਪਾਂ
ਵਿਹੜੇ ਕਰਾਂ ਛਿੜਕਾਅ
ਮੱਥਾ ਟੇਕਣਾ ਭੁੱਲ ਗਿਆ
ਤੈਨੂੰ ਨਵੀਂ ਬੰਨੋ ਦਾ ਵੇ
ਵੀਰਨ ਸਾਡਿਆ ਵੇ ਚਾਅ...

ਇਨ੍ਹਾਂ ਕੁਝ ਮੌਕਿਆਂ 'ਤੇ ਲਗਾਏ ਜਾਂਦੇ ਹੇਅਰੇ ਵਿਆਹ ਦੇ ਸਾਰੇ ਗੀਤਾਂ ਵਿੱਚੋਂ ਔਖੇ ਅਤੇ ਬੜੇ ਅਰਥ ਭਰਪੂਰ ਹੋ ਨਿਬੜਦੇ ਹਨ। ਹੇਅਰੇ ਲਾਉਣ ਵਾਲੀਆਂ ਚੰਗੇ ਗਾਇਕ ਵਾਂਗ ਮਾਣ ਮਹਿਸੂਸ ਕਰਦੀਆਂ ਮਾਹੌਲ ਨੂੰ ਹੋਰ ਵੀ ਖ਼ੁਸ਼ਗਵਾਰ ਬਣਾ ਦਿੰਦੀਆਂ ਹਨ। ਹੇਅਰੇ ਦੀ ਲੰਮੀ ਹੇਕ ਤੋਂ ਬਾਅਦ ਫੁਰਤੀ ਨਾਲ ਹੇਕ ਤੋੜਨੀ ਸਿਖਾਂਦਰੂ ਕੁੜੀਆਂ ਜਾਂ ਸੁਆਣੀਆਂ ਨਹੀਂ ਨਿਭਾਅ ਸਕਦੀਆਂ ਉਹ ਕਈ ਬਾਰ ਅੱਧ ਵਿਚਕਾਰ ਹੀ ਰੁਕ ਜਾਂਦੀਆਂ ਹਨ। ਹੇਅਰਾ ਪੰਜਾਬੀ ਲੋਕ-ਕਾਵਿ ਦੀ ਸਿਰਮੌਰ ਵਿਧਾ ਹੈ। ਅੰਤ ਵਿਚ ਇਕ ਹੇਅਰਾ ਪੇਸ਼ ਹੈ ਜੋ ਜੀਜੇ ਦੀਆਂ ਭੈਣਾਂ ਉਸ ਦੀ ਸਾਲੀ ਨੂੰ ਸੁਣਾਕੇ ਲਗਾਉਂਦੀਆਂ ਹਨ ਜੋ ਆਪਣੇ ਭਰਾ ਵੱਲੋਂ ਕਹਿੰਦੀਆਂ ਹਨ ਇਸ ਵਿਚ ਸੰਬੋਧਕ ਜੀਜਾ ਹੈ :

ਨੀਂ ਕੁੜੀਏ ਚੁਟਕੀ ਮਾਰਾਂ ਰਾਖ਼ ਦੀ
ਕਿਆ ਨੀ ਤੈਨੂੰ ਲਵਾਂ ਰੁਮਾਲ ਬਣਾ
ਅਤਰ ਫੁਲੇਲ ਲਗਾਇਕੇ
ਤੈਨੂੰ ਜੇਬ 'ਚ ਲਵਾਂ ਮੈਂ ਨੀ
ਅਤਿ ਪਿਆਰੀਏ ਨੀ ਪਾ। •

# ਭਵਿੱਖ ਦੇ ਵਾਰਿਸ ਬਣਾਉਂਦੀ ਹੈ ਕਬੀਲਦਾਰੀ



**ਸਮਾਜ ਵਿਚ ਵਿਚਰਦਿਆਂ ਕਬੀਲਦਾਰੀ ਦੇ ਨੁਕਤੇ ਆਪਣੇ ਆਪ ਸਮਝ ਆਉਣ ਲੱਗਦੇ ਹਨ। ਜਿਸ ਨੂੰ ਇਸ ਦੀ ਸਮਝ ਨਹੀਂ ਆਉਂਦੀ ਉਹ ਸਮਾਜ ਦੇ ਮਜ਼ਾਕ ਦਾ ਪਾਤਰ ਬਣਦਾ ਹੈ।**

ਸੱਭਿਅਤਾ ਦੇ ਪੱਖੋਂ ਕਬੀਲਦਾਰੀ ਨੂੰ ਸਮਾਜਿਕ ਮਾਨਤਾ ਮਿਲੀ ਹੋਈ ਹੈ। ਇਸ ਉੱਤੇ ਸੱਭਿਆਚਾਰ ਦਾ ਗ਼ਲਵਾ ਵੀ ਹੈ। ਬਾਲ ਬੱਚੇਦਾਰ ਪਰਿਵਾਰ ਵਾਲੇ ਨੂੰ ਕਬੀਲਦਾਰ ਕਹਿ ਦਿੱਤਾ ਜਾਂਦਾ ਹੈ। ਇਸ ਤੋਂ ਬਿਨ੍ਹਾਂ ਸਮਾਜ ਅਧੂਰਾ ਲੱਗਦਾ ਹੈ। ਕਬੀਲਦਾਰਾਂ ਦੇ ਸੱਭਿਅਤ ਸਮੂਹ ਨੂੰ ਕਬੀਲਾ ਵੀ ਕਿਹਾ ਜਾਂਦਾ ਹੈ। ਪਿੰਡਾਂ ਦੀ ਵਿਰਾਸਤ ਨੂੰ ਕਬੀਲਦਾਰੀ ਗੂੜ੍ਹਾ ਰੰਗ ਦਿੰਦੀ ਹੈ।

'ਓਏ ਸ਼ਰਮ ਕਰ ਤੂੰ ਕਬੀਲਦਾਰ ਹੈਂ' ਜਦੋਂ ਇਹ ਲਫ਼ਜ਼ ਕੰਨੀ ਪੈਂਦੇ ਹਨ ਤਾਂ ਇਸ ਵਿੱਚੋਂ ਸੱਭਿਅਤ ਅਤੇ ਨੈਤਿਕ ਜ਼ਿੰਮੇਵਾਰੀ ਦੀ ਮਹਿਕ ਆਉਂਦੀ ਹੈ। ਆਪਣੇ ਆਪ ਨੂੰ ਕਬੀਲਦਾਰੀ ਦੀ ਭਾਵਨਾ ਦਾ ਅਹਿਸਾਸ ਹੋ ਜਾਂਦਾ ਹੈ। ਸ਼ਰਮ ਨਾਲ ਰਹਿਣ ਦਾ ਰੁਝਾਨ ਬਣ ਜਾਂਦਾ ਹੈ। ਨਹੀਂ ਤਾਂ ਤੁਹਮਤਾਂ ਦੀ ਝੜੀ ਤਿਆਰ ਰਹਿੰਦੀ ਹੈ। ਕਨੂੰਨੀ ਅਤੇ ਸਮਾਜਿਕ ਦ੍ਰਿਸ਼ਟੀ ਕੋਣ ਤੋਂ 18 ਸਾਲ ਤੋਂ ਉੱਪਰ ਵਾਲਾ ਇਸ ਦਾਇਰੇ ਵਿਚ ਪੈਰ ਰੱਖ ਦਿੰਦਾ ਹੈ। ਕਬੀਲਦਾਰੀ ਨਾਲ ਜੁੜੀਆਂ ਕਹਾਵਤਾਂ ਦਾ ਭਾਵ ਅਰਥ ਤਾਂ ਡੂੰਘਾ ਹੁੰਦਾ ਹੈ ਪਰ ਕਈ ਵਾਰੀ ਆਪਣੀ ਆਪਣੀ ਬੁੱਧੀ ਅਨੁਸਾਰ ਅਰਥ ਕੱਢ ਲਏ ਜਾਂਦੇ ਹਨ। ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਭਾਈਚਾਰਕ ਏਕਤਾ ਦੀ ਮਿਸਾਲ ਕਬੀਲਦਾਰੀ ਵਿੱਚੋਂ ਟਹਿਕਦੀ ਹੋਈ ਮਿਲ ਜਾਂਦੀ ਹੈ।

ਸਮਾਜ ਵਿਚ ਵਿਚਰਦਿਆਂ ਕਬੀਲਦਾਰੀ ਦੇ ਨੁਕਤੇ ਆਪਣੇ ਆਪ ਸਮਝ ਆਉਣ ਲੱਗ ਪੈਂਦੇ ਹਨ। ਇਨ੍ਹਾਂ ਨੁਕਤਿਆਂ ਨੂੰ ਸੰਭਾਲ ਕੇ ਹੀ ਸਮਾਜ ਵਿਚ ਕਿਰਕਿਰੀ ਹੋਣ ਤੋਂ ਬੱਚਿਆ ਜਾ ਸਕਦਾ ਹੈ। ਹੋਸ਼ੋ-ਹਾਵਾਸ਼ ਕਾਇਮ ਰਹਿੰਦਾ ਹੈ। ਜਿਸ ਨੂੰ ਕਬੀਲਦਾਰੀ ਦੀ ਸਮਝ ਨਹੀਂ ਪੈਂਦੀ ਉਹ ਸਮਾਜਿਕ ਮਜ਼ਾਕ ਦਾ ਪਾਤਰ ਬਣਿਆ ਰਹਿੰਦਾ ਹੈ। ਪਰਿਵਾਰਾਂ ਵਿਚ ਰਹਿੰਦਿਆਂ ਕਬੀਲਦਾਰੀ ਵਿਚ ਚੁੱਪ ਰਹਿਣਾ, ਹੌਸਲਾ ਰੱਖਣਾ ਅਤੇ ਸਹਿਣ ਸ਼ਕਤੀ ਦਾ ਸਬਕ ਜ਼ਰੂਰ ਸਿੱਖਣਾ ਚਾਹੀਦਾ ਹੈ। ਕਬੀਲਦਾਰੀ ਦੇ ਧਨੰਤਰ ਘਰ ਦੇ ਬਜ਼ੁਰਗ ਹੁੰਦੇ ਹਨ। ਇਨ੍ਹਾਂ ਦੀ ਸਲਾਹ ਨਾਲ ਵੀ ਕੰਮ ਚੱਲ ਜਾਂਦਾ ਹੈ। ਕਬੀਲਦਾਰੀ ਦੀ ਸਮਝ ਸੱਭਿਅਤ ਅਤੇ ਅਸੱਭਿਅੱਤ ਦਾ ਨਬੇੜਾ ਵੀ ਕਰਦੀ ਹੈ।

ਕਈ ਵਾਰੀ ਆਰਥਕ ਮਜਬੂਰੀਆਂ ਕਬੀਲਦਾਰੀ ਦਾ ਛੱਜ ਚੁੱਕਣ ਵਾਲੇ ਨੂੰ ਘਸਮੰਡ ਕੇ ਰੱਖ ਦਿੰਦੀਆਂ ਹਨ। ਘਰ ਦੇ ਬਾਕੀ ਮੈਂਬਰ ਬੇਪਰਵਾਹ ਹੋ ਜਾਂਦੇ ਹਨ। ਕਬੀਲਦਾਰੀ ਦੇ ਵਿਸ਼ੇ ਬਹੁਪੱਖੀ ਹੁੰਦੇ ਹਨ ਪਰ ਟੀਚਾ ਨੈਤਿਕ ਜ਼ਿੰਮੇਵਾਰੀ ਰਾਹੀਂ ਘਰ ਦੀ ਬਹੁਪੱਖੀ ਖ਼ੁਸ਼ਹਾਲੀ ਹੁੰਦੀ ਹੈ। ਜਿਨ੍ਹਾਂ ਨੂੰ ਕਬੀਲਦਾਰੀ ਦੀ ਸਮਝ ਨਹੀਂ ਪੈਂਦੀ ਉਨ੍ਹਾਂ ਦੇ ਬਦਲ ਵਿਚ ਕਬੀਲਦਾਰੀ ਦੀ ਸਮਝ ਰੱਖਣ ਵਾਲੇ ਸਮਾਜਿਕ ਠਾਠ-ਬਾਠ ਬਣਾ ਦਿੰਦੇ ਹਨ। ਬੱਚਿਆਂ ਨੂੰ ਸਮਾਜੀ ਕਰਨ ਦੀ ਤਰਜੀਹ ਦਿੰਦੀ ਹੋਈ ਕਬੀਲਦਾਰੀ ਭਵਿੱਖ ਦੇ ਵਾਰਿਸ ਬਣਾਉਂਦੀ ਹੈ। ਕਬੀਲਦਾਰੀ ਕਈਆਂ ਨੂੰ ਨਸ਼ਾ ਅਤੇ ਕਈਆਂ ਤੇ ਬੋਝ ਹੁੰਦੀ ਹੈ। ਹਾਂ ਇਕ ਗੱਲ ਸਮਾਜਿਕ ਸੁਨੇਹਾ ਦਿੰਦੀ ਹੈ ਕਿ ਪਹਿਰੇਦਾਰੀ ਅਤੇ ਪਹਿਰਾਵੇ ਨੂੰ ਸਮਾਜ ਅਨੁਸਾਰ ਢਾਲਣ ਦੇ ਨਾਲ-ਨਾਲ ਨੈਤਿਕ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦੀ ਹੈ।

• ਸੁਖਪਾਲ ਸਿੰਘ ਗਿੱਲ
98781-11445

# ਮਨੁੱਖ 'ਤੇ ਭਾਰੂ ਹੋ ਰਹੀਆਂ ਵਿਗਿਆਨਕ ਕਾਢਾਂ

ਹਰਪ੍ਰੀਤ ਕੌਰ ਘੁੰਨਸ

ਇੱਕੀਵੀਂ ਸਦੀ ਦੇ ਦੌਰ ਵਿਚ ਮਨੁੱਖ ਤਕਨਾਲੋਜੀ ਦੇ ਖੇਤਰ ਵਿਚ ਇਸ ਕਦਰ ਬੁਲੰਦੀਆਂ ਨੂੰ ਛੋਹ ਰਿਹਾ ਹੈ ਕਿ ਕੋਈ ਵੀ ਚੀਜ਼ ਮਨੁੱਖ ਲਈ ਨਾ ਮੁਮਕਿਨ ਨਹੀਂ ਰਹੀ। ਕੋਈ ਸਮਾਂ ਸੀ ਜਦੋਂ ਇਹ ਜੰਗਲਾਂ 'ਚ ਰਹਿੰਦਾ ਸੀ ਅਤੇ ਕੁਦਰਤ ਤੋਂ ਡਰਦਾ ਪਰ ਜਿਵੇਂ ਸਿਆਣੇ ਕਹਿੰਦੇ ਨੇ ਕਿ ਲੋੜ ਕਾਢ ਦੀ ਮਾਂ ਹੈ। ਉਸ ਦੀ ਤਰ੍ਹਾਂ ਧਾਤ ਦੇ ਪਹੀਏ ਦੀ ਖੋਜ ਤੋਂ ਸ਼ੁਰੂ ਹੋਇਆ ਮਨੁੱਖ ਅਸਮਾਨ ਵਿਚ ਨਵੀਆਂ-ਨਵੀਆਂ ਖੋਜਾਂ ਵਿਚ ਜੁੱਟਿਆ ਹੋਇਆ ਹੈ।

ਭਾਵੇਂ ਵਿਗਿਆਨ ਦੀਆਂ ਕਾਢਾਂ ਜਿਵੇਂ ਮੋਬਾਈਲ, ਕੰਪਿਊਟਰ, ਫ਼ਰਿੱਜ, ਏਅਰ ਕੰਡੀਸ਼ਨਰ ਆਦਿ ਜਿਹੀਆਂ ਅਣਗਿਣਤ ਕਾਡਾਂ ਨੇ ਮਨੁੱਖੀ ਜੀਵਨ ਸੁਖਾਲਾ ਕਰ ਦਿੱਤਾ ਹੈ ਪਰ ਇਨ੍ਹਾਂ ਕਾਡਾਂ ਨੇ ਮਨੁੱਖ ਨੂੰ ਕੁਦਰਤ ਤੋਂ ਵੀ ਦੂਰ ਕੀਤਾ ਹੈ। ਅਜੋਕੇ ਸਮੇਂ ਵਿਚ ਮੋਬਾਈਲ ਫੋਨ ਸੰਚਾਰ ਦਾ ਸਭ ਤੋਂ ਵਧੀਆਂ ਸਾਧਨ ਬਣਕੇ ਉਭਰਿਆ ਹੈ। ਇਸ ਦੀਆਂ ਅਨੇਕਾਂ ਐਪਲੀਕੇਸ਼ਨਾਂ ਜਿੱਥੇ ਮਨੋਰੰਜਨ ਦਾ ਸਾਧਨ ਹਨ ਉੱਥੇ ਸਕਿੰਟਾਂ ਵਿਚ ਆਪਣਾ ਸੁਨੇਹਾ ਦੂਰ ਦੁਰਾਡੇ ਪਹੁੰਚਾ ਦਿੰਦੀਆਂ ਹਨ ਪਰ ਜੇ ਦੂਸਰੇ ਪੱਖ ਤੋਂ ਵੇਖੀਏ ਤਾਂ ਇਸ ਕਾਢ ਨੇ ਜੋੜਨ ਦੇ ਨਾਲ-ਨਾਲ ਤੋੜਨ ਦਾ ਵੀ ਕੰਮ ਕੀਤਾ ਹੈ। ਲੋਕ ਬੱਸਾਂ, ਗੱਡੀਆਂ ਜਾਂ ਘਰਾਂ ਵਿਚ ਆਪਸੀ ਗੱਲਬਾਤ ਕਰਨ ਦੀ ਬਜਾਏ ਮੋਬਾਈਲ 'ਤੇ ਚੈਟਿੰਗ ਕਰਦੇ ਨਜ਼ਰ ਆਉਂਦੇ ਹਨ। ਰਿਸ਼ਤੇਦਾਰੀ 'ਚ ਮਿਲਣ ਜਾਣ ਨਾਲੋਂ ਫੋਨ 'ਤੇ ਗੱਲ ਕਰਨ ਨੂੰ ਹੀ ਅਹਿਮੀਅਤ ਦਿੱਤੀ ਜਾਂਦੀ ਹੈ।

ਮੋਬਾਈਲ ਗੇਮਾਂ ਨੇ ਬਚਪਨ ਦੀਆਂ ਖੇਡਾਂ ਅਤੇ ਮੈਦਾਨੀ ਖੇਡਾਂ ਖ਼ਤਮ ਕਰ ਦਿੱਤੀਆਂ ਹਨ। ਮੋਬਾਈਲ 'ਤੇ ਇੰਟਰਨੈੱਟ ਦੁਬਾਰਾ ਕਈ ਗ਼ਲਤ ਚੀਜ਼ਾਂ ਅਤੇ ਝੂਠੀਆਂ ਅਫ਼ਵਾਹਾਂ ਵੀ ਪ੍ਰਚਾਰੀਆਂ ਜਾਂਦੀਆਂ ਹਨ ਜੋ ਮਨੁੱਖ ਨੂੰ ਕੁਰਾਹੇ ਪਾਉਂਦੀਆਂ ਹਨ। ਇਸ ਦੇ ਨਾਲ ਹੀ ਥਾਂ-ਥਾਂ ਲੱਗੇ ਟਾਵਰ ਪੰਛੀਆਂ ਦੇ ਦਿਨ-ਬ-ਦਿਨ ਲੋਪ ਹੋਣ ਲਈ ਜ਼ਿੰਮੇਵਾਰ ਹਨ। ਇਹ ਬਹੁਤ ਸਾਰੀਆਂ ਬਿਮਾਰੀਆਂ ਨੂੰ ਵੀ ਜਨਮ ਦਿੰਦੇ ਹਨ। ਇਸ ਤੋਂ ਬਾਅਦ ਏਅਰ ਕੰਡੀਸ਼ਨਰ ਦੀ ਗੱਲ ਕਰੀਏ ਤਾਂ ਪਿਛਲੇ ਕੁੱਝ ਸਮੇਂ ਤੋਂ ਧਰਤੀ 'ਤੇ ਵਧਦੇ ਤਾਪਮਾਨ ਨੂੰ ਦੇਖਦੇ ਹੋਏ ਗੱਡੀਆਂ ਬੱਸਾਂ ਅਤੇ ਘਰਾਂ ਵਿਚ ਏਅਰ ਕੰਡੀਸ਼ਨਰ ਦੀ ਸੁਵਿਧਾ ਨੂੰ ਤੀਬਰ ਗਤੀ ਨਾਲ ਉਪਯੋਗ ਵਿਚ ਲਿਆਂਦਾ ਜਾ ਰਿਹਾ ਹੈ।



ਮਨੁੱਖ ਦੁਬਾਰਾ ਜਿੰਨੇ ਰੁੱਖ ਕੱਟੇ ਜਾ ਰਹੇ ਹਨ, ਓਨੇ ਲਗਾਏ ਨਹੀਂ ਜਾ ਰਹੇ। ਹਰ ਪੱਖੋਂ ਹੋ ਰਹੇ ਪ੍ਰਦੂਸ਼ਣ ਨਾਲ ਵਾਤਾਵਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਜਿਸ ਨਾਲ ਤਾਪਮਾਨ ਵਧਦਾ ਹੀ ਜਾ ਰਿਹਾ ਹੈ। ਹਰ ਵਾਰ ਤਾਪਮਾਨ 'ਚ ਆਉਂਦੀ ਵੱਡੀ ਤਬਦੀਲੀ ਵੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਧਰਤੀ 'ਤੇ ਰੇਗਿਸਤਾਨ ਹੀ ਰੇਗਿਸਤਾਨ ਨਜ਼ਰ ਆਵੇਗਾ। ਏਅਰ ਕੰਡੀਸ਼ਨਰ ਨਾਲ ਭਾਵੇਂ ਗਰਮੀ ਤੋਂ ਰਾਹਤ ਮਿਲਦੀ ਹੈ ਪਰ ਇਸ ਕਾਰਨ ਮਨੁੱਖ ਬਹੁਤ ਸਾਰੀਆਂ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ। ਏਅਰ ਕੰਡੀਸ਼ਨਰ ਦੇ ਤਾਪਮਾਨ ਦੇ ਘੱਟ ਦਬਾਅ ਕਾਰਨ ਸਿਰ ਦਰਦ, ਘਬਰਾਹਟ, ਅੱਖਾਂ ਦੀ ਰੜਕ, ਬਲੱਡ ਪ੍ਰੈਸ਼ਰ ਦੀ ਸੱਮਸਿਆ ਅਤੇ ਸੁਭਾਅ 'ਚ ਚਿੜਚਿੜਾਪਨ ਆ ਜਾਂਦਾ ਹੈ। ਕੋਸ਼ਿਕਾਵਾਂ ਸੁੰਗੜ ਜਾਣ ਕਾਰਨ ਸਰੀਰ ਅੰਦਰ ਖ਼ੂਨ ਦਾ ਦਬਾਅ ਵੀ ਪ੍ਰਭਾਵਿਤ ਹੁੰਦਾ ਹੈ। ਇਸ ਤਰ੍ਹਾਂ ਸਿਰਫ਼ ਗਰਮੀ ਤੋਂ ਰਾਹਤ ਦੇਣ ਵਾਲਾ ਏਅਰ ਕੰਡੀਸ਼ਨਰ ਅਨੇਕਾਂ ਰੋਗਾਂ ਦਾ ਜਨਮਦਾਤਾ ਬਣ ਚੁੱਕਿਆ ਹੈ।

ਕੰਪਿਊਟਰ ਦੀ ਗੱਲ ਕਰੀਏ ਤਾਂ ਇਸ ਨੇ ਮਨੁੱਖੀ ਜੀਵਨ ਨੂੰ ਇੰਨਾ ਆਸਾਨ ਕਰ ਦਿੱਤਾ ਹੈ। ਸਕੂਲਾਂ, ਕਾਲਜਾਂ, ਬੈਂਕਾਂ, ਘਰਾਂ, ਤਹਿਸੀਲਾਂ, ਹਸਪਤਾਲਾਂ, ਕਚਹਿਰੀਆਂ ਆਦਿ ਗੱਲ ਕੀ ਇਹ ਹਰ ਖੇਤਰ ਵਿਚ ਮੋਹਰੀ ਬਣਿਆ ਹੋਇਆ ਹੈ। ਜਿੱਥੇ ਇਸ ਨੇ ਬਹੁਤ ਸਾਰੇ ਕੰਮਾਂ ਨੂੰ ਸਮੇਟ ਲਿਆ ਹੈ ਤੇ ਰੁਜ਼ਗਾਰ ਦਾ ਨਵਾਂ ਸਾਧਨ ਬਣਿਆ ਹੈ। ਉੱਥੇ ਇਸ ਨੇ ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਵੀ ਖੋਹ ਲਿਆ ਹੈ। ਘਰਾਂ ਵਿਚ ਬੱਚੇ ਕੰਪਿਊਟਰ ਨਾਲ ਚਿਪਕੇ ਨਜ਼ਰ ਆਉਂਦੇ ਹਨ। ਅੱਗੇ ਗੱਲ ਕਰੀਏ ਫ਼ਰਿੱਜ ਦੀ ਤਾਂ ਫ਼ਰਿੱਜ ਠੰਢਾ ਪਾਣੀ ਦੇਣ ਦੇ ਨਾਲ-ਨਾਲ ਜਿੱਥੇ ਦੁੱਧ, ਸਬਜ਼ੀ ਨੂੰ ਖ਼ਰਾਬ ਹੋਣ ਤੋਂ ਬਚਾਉਂਦਾ ਹੈ ਉੱਥੇ ਹੀ ਠੰਢਾ ਪਾਣੀ ਪੀਣ ਨਾਲ ਜ਼ੁਕਾਮ, ਗਲ਼ਾ ਖ਼ਰਾਬ, ਜਿਹੀਆਂ ਬਿਮਾਰੀਆਂ ਲੱਗਦੀਆਂ ਹਨ। ਜਦੋਂ ਅਸੀਂ ਠੰਡਾ ਪਾਣੀ ਪੀਂਦੇ ਹਾਂ ਤਾਂ ਸਰੀਰਕ ਊਰਜਾ ਉਸ ਪਾਣੀ ਦੇ ਤਾਪਮਾਨ ਨੂੰ ਕੰਟਰੋਲ ਕਰਨ ਵਿਚ ਲੱਗ ਜਾਂਦੀ ਹੈ ਜਿਸ ਨਾਲ ਪਾਚਨ ਕਿਰਿਆ ਪ੍ਰਭਾਵਿਤ ਹੁੰਦੀ ਹੈ। ਫ਼ਰਿੱਜ ਨੇ ਘੜੇ ਦੇ ਪਾਣੀ ਨੂੰ ਲਗਪਗ ਖ਼ਤਮ ਕਰ ਦਿੱਤਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਦੁਬਾਰਾ ਕੀਤੀਆਂ ਕਾਢਾਂ ਭਾਵੇਂ ਇਸ ਲਈ ਲਾਹੇਵੰਦ ਸਿੱਧ ਹੋਈਆਂ ਹਨ ਪਰ ਇਨ੍ਹਾਂ ਦੇ ਬੁਰੇ ਅਸਰਾਂ ਨੇ ਮਨੁੱਖ ਨੂੰ ਕੁਦਰਤ ਤੋਂ ਦੂਰ ਕਰਨ ਦਾ ਕੰਮ ਕੀਤਾ ਹੈ। ਜਿਸ ਨਾਲ ਮਨੁੱਖ ਦਾ ਨਾਤਾ ਪਰਿਵਾਰਾਂ, ਰਿਸ਼ਤੇਦਾਰਾਂ, ਵਾਤਾਵਰਨ ਰੁੱਖਾਂ ਆਦਿ ਨਾਲ ਪਹਿਲਾਂ ਵਰਗਾ ਨਹੀਂ ਰਿਹਾ। ਇਸ ਲਈ ਜ਼ਰੂਰੀ ਹੈ ਕਿ ਹਰ ਕਾਢ ਦੀ ਵਰਤੋਂ ਬੇਲੋੜੀ ਨਾ ਕਰ ਕੇ ਸੀਮਿਤ ਰੂਪ ਵਿਚ ਕੀਤੀ ਜਾਵੇ ਤਾਂ ਜੋ ਮਨੁੱਖ ਦੁਬਾਰਾ ਬਣਾਈ ਤਕਨਾਲੋਜੀ ਮਨੁੱਖ 'ਤੇ ਭਾਰੀ ਨਾ ਪਵੇ। •

97795-20195



# ਖ਼ੁਸ਼ੀਆਂ ਦਾ ਖ਼ਜ਼ਾਨਾ

ਪ੍ਰਿੰਸ ਅਰੋੜਾ



**ਬੱਚੇ ਕਿਸੇ ਵੀ ਪਰਿਵਾਰ ਲਈ ਖ਼ੁਸ਼ੀਆਂ ਦਾ ਖਜ਼ਾਨਾ ਹੁੰਦੇ ਹਨ। ਮਾਪੇ ਜਦ ਕੰਮ ਤੋਂ ਥੱਕ-ਟੁੱਟ ਕੇ ਘਰ ਆਉਂਦੇ ਹਨ ਤਾਂ ਬੱਚਿਆਂ ਦੇ ਹੱਸਦੇ ਚਿਹਰੇ ਦੇਖਕੇ ਉਨ੍ਹਾਂ ਦੀ ਥਕਾਵਟ ਲਹਿ ਜਾਂਦੀ ਹੈ।**

ਹਰ ਇਨਸਾਨ ਦੀ ਦਿਲੀ ਤਮੰਨਾ ਹੁੰਦੀ ਹੈ ਕਿ ਉਸ ਦੇ ਬੱਚੇ ਜ਼ਿੰਦਗੀ ਵਿਚ ਵਧੀਆ ਇਨਸਾਨ ਬਣਨ ਅਤੇ ਕਾਮਯਾਬੀ ਉਨ੍ਹਾਂ ਦੇ ਕਦਮ ਚੁੰਮੇ। ਬਹੁਤੇ ਮਾਪੇ ਬੱਚਿਆਂ ਤੋਂ ਉਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਦੀ ਆਸ ਰੱਖ ਲੈਂਦੇ ਹਨ ਜੋ ਉਨ੍ਹਾਂ ਨੇ ਖ਼ੁਦ ਲਈ ਦੇਖੇ ਸਨ ਪਰ ਕਿਸੇ ਨਾ ਕਿਸੇ ਕਾਰਨ ਉਹ ਪੂਰੇ ਨਹੀਂ ਹੋ ਸਕੇ। ਸਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਹਰ ਇਨਸਾਨ ਦਾ ਸੋਚਣ, ਸਮਝਣ ਅਤੇ ਜ਼ਿੰਦਗੀ ਜਿਊਣ ਦਾ ਨਜ਼ਰੀਆ ਵੱਖਰਾ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਜੋ ਮਾਪਿਆਂ ਨੂੰ ਪਸੰਦ ਹੋਵੇ ਉਹ ਹੀ ਬੱਚਿਆਂ ਨੂੰ ਵੀ ਪਸੰਦ ਆਵੇ। ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਆਪਣੀ ਮਰਜ਼ੀ ਦੇ ਵਿਸ਼ੇ ਪੜ੍ਹਨ, ਰੁਜ਼ਗਾਰ ਚੁਣਨ ਅਤੇ ਆਪਣੀ ਮਰਜ਼ੀ ਦੇ ਕੰਮ ਕਰਨ ਲਈ ਮਜਬੂਰ ਕਰਦੇ ਹਨ ਜਿਸ ਨੂੰ ਬੱਚੇ ਵਧੀਆ ਢੰਗ ਨਾਲ ਨਹੀਂ ਕਰ ਪਾਉਂਦੇ ਕਿਉਂਕਿ ਉਨ੍ਹਾਂ ਦੀ ਦਿਲਚਸਪੀ ਉਸ ਕੰਮ ਵਿਚ ਨਹੀਂ ਸੀ। ਕਈ ਵਾਰ ਮਾਪੇ ਦੂਜੇ ਬੱਚਿਆਂ ਦੀ ਤਰੱਕੀ ਨੂੰ ਦੇਖਕੇ ਆਪਣੇ ਬੱਚਿਆਂ ਨੂੰ ਬੁਰਾ ਭਲਾ ਕਹਿੰਦੇ ਹਨ ਜਿਸ ਦਾ ਉਨ੍ਹਾਂ ਦੇ ਕੋਮਲ ਮਨ ਉੱਤੇ ਬੁਰਾ ਅਸਰ ਪੈਂਦਾ ਹੈ। ਇਹ ਸੱਚਾਈ ਹੈ ਕਿ ਕੋਈ ਵੀ ਦੋ ਬੱਚੇ ਇੱਕੋ ਪ੍ਰਕਾਰ ਦੇ ਨਹੀਂ ਹੁੰਦੇ ਫਿਰ ਭਾਵੇਂ ਉਹ ਸਕੇ ਭੈਣ ਭਰਾ ਹੀ ਕਿਉਂ ਨਾ ਹੋਣ। ਹਰ ਇਕ ਦੀ ਕੰਮ ਕਰਨ ਦੀ ਆਪਣੀ ਤਾਕਤ ਹੁੰਦੀ ਹੈ। ਸਾਨੂੰ ਆਪਣੇ ਬੱਚਿਆਂ ਦੇ ਜਜ਼ਬਾਤਾਂ ਦੀ ਕਦਰ ਕਰਨੀ ਚਾਹੀਦੀ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਵਿਚ ਸਫ਼ਲਤਾ ਪ੍ਰਾਪਤ ਕਰ ਸਕਣ।

ਬੱਚੇ ਕਿਸੇ ਵੀ ਪਰਿਵਾਰ ਲਈ ਖ਼ੁਸ਼ੀਆਂ ਦਾ ਖਜ਼ਾਨਾ ਹੁੰਦੇ ਹਨ। ਮਾਪੇ ਜਦ ਕੰਮ ਤੋਂ ਥੱਕ ਟੁੱਟ ਕੇ ਘਰ ਆਉਂਦੇ ਹਨ ਤਾਂ ਬੱਚਿਆਂ ਦੇ ਹੱਸਦੇ ਚਿਹਰੇ ਦੇਖਕੇ ਉਨ੍ਹਾਂ ਦੀ ਥਕਾਵਟ ਲਹਿ ਜਾਂਦੀ ਹੈ। ਮਾਪਿਆਂ ਨੂੰ ਆਪਣੇ ਫ਼ੈਸਲੇ ਬੱਚਿਆਂ ਉੱਤੇ ਥੋਪਣੇ ਨਹੀਂ ਚਾਹੀਦੇ ਸਗੋਂ ਬੱਚਿਆਂ ਦੀ ਦਿਲਚਸਪੀ ਅਨੁਸਾਰ ਉਨ੍ਹਾਂ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ ਤਾਂ ਜੋ ਉਹ ਕੁੱਝ ਵਧੀਆ ਕਰ ਸਕਣ।

ਬੱਚੇ ਸ਼ਰਾਰਤਾਂ ਕਰਦੇ ਰਹਿੰਦੇ ਹਨ ਪਰ ਕਈ ਵਾਰ ਮਾਪੇ ਬੱਚਿਆਂ ਉੱਤੇ ਲੋੜ ਤੋਂ ਵੱਧ ਸਖਤੀ ਵਿਖਾਉਂਦੇ ਹਨ ਜਿਸ ਨਾਲ ਬੱਚਿਆਂ ਦਾ ਮਨ ਟੁੱਟ ਜਾਂਦਾ ਹੈ ਅਤੇ ਉਹ ਚਿੜਚਿੜੇ ਹੋ ਜਾਂਦੇ ਹਨ ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿਚ ਮਾਪਿਆਂ ਨੂੰ ਬੱਚਿਆਂ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ।

ਅੱਜ ਦੇ ਭੱਜ ਦੌੜ ਦੇ ਯੁੱਗ ਵਿਚ ਇਨਸਾਨ ਕੋਲ ਬੱਚਿਆਂ ਤਕ ਲਈ ਸਮਾਂ ਨਹੀਂ। ਕਈ ਵਾਰ ਮਾਪੇ ਇਹ ਸੋਚ ਲੈਂਦੇ ਹਨ ਕਿ ਪੈਸੇ ਨਾਲ ਖ਼ਰੀਦੀ ਜਾ ਸਕਣ ਵਾਲੀ ਹਰ ਸੁੱਖ-ਸਹੂਲਤ ਬੱਚਿਆਂ ਨੂੰ ਦੇ ਰੱਖੀ ਹੈ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਬੱਚਿਆਂ ਨੂੰ ਮਾਂ ਬਾਪ ਦੇ ਪਿਆਰ ਦੀ ਬਹੁਤ ਜ਼ਰੂਰਤ ਹੁੰਦੀ ਹੈ ਤੇ ਕੋਈ ਵੀ ਦੁਨਿਆਵੀ ਚੀਜ਼ ਉਸ ਦੀ ਭਰਪਾਈ ਨਹੀਂ ਕਰ ਸਕਦੀ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ।

ਬੱਚੇ ਜ਼ਿਆਦਾਤਰ ਆਪਣੇ ਮਾਪਿਆਂ ਅਤੇ ਪਰਿਵਾਰ ਦੇ ਮੈਂਬਰਾਂ ਦੀ ਨਕਲ ਕਰਦੇ ਹਨ ਇਸ ਲਈ ਮਾਪਿਆਂ ਨੂੰ ਘਰ ਦਾ ਮਾਹੌਲ ਖ਼ੁਸ਼ਨੁਮਾ ਬਣਾ ਕੇ ਰੱਖਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਸਕਰਾਤਮਿਕ ਰਹੇ।

ਅਕਸਰ ਮਾਤਾ-ਪਿਤਾ ਬੱਚਿਆਂ ਤੋਂ ਉਮਰ ਤੋਂ ਪਹਿਲਾਂ ਵੱਡੀਆਂ ਆਸਾਂ ਕਰਦੇ ਹਨ ਜਿਵੇਂ ਕਿ ਸਵੇਰੇ ਜਲਦੀ ਉੱਠਣਾ, ਝੂਠ ਨਾ ਬੋਲਣਾ, ਵੱਡੀਆਂ ਦਾ ਸਤਿਕਾਰ ਕਰਨਾ ਆਦਿ ਪਰ ਉਹ ਖ਼ੁਦ ਇਹ ਗੱਲਾਂ ਨਹੀਂ ਕਰਦੇ ਤਾਂ ਬੱਚੇ ਵੀ ਇਹ ਕੰਮ ਨਹੀਂ ਕਰਦੇ। ਮਾਪਿਆਂ ਨੂੰ ਬੱਚਿਆਂ ਸਾਹਮਣੇ ਮਿਸਾਲ ਬਣਨਾ ਚਾਹੀਦਾ ਹੈ।

ਬੱਚੇ ਆਪਣੇ ਦਿਲ ਦੀ ਗੱਲ ਮਾਪਿਆਂ ਨਾਲ ਕਰਦੇ ਹਨ ਪਰ ਬਹੁਤੀ ਵਾਰ ਮਾਪੇ ਉਨ੍ਹਾਂ ਦੀ ਗੱਲ ਵੱਲ ਧਿਆਨ ਨਹੀਂ ਦਿੰਦੇ ਜਿਸ ਨਾਲ ਬੱਚੇ ਦਾ ਮਨ ਟੁੱਟ ਜਾਂਦਾ ਹੈ। ਮਾਪਿਆਂ ਨੂੰ ਬੱਚੇ ਦੀ ਗੱਲ ਧਿਆਨ ਨਾਲ ਸੁਣਨੀ ਚਾਹੀਦੀ ਹੈ।

ਮਾਪਿਆਂ ਨੂੰ ਇਸ ਗੱਲ ਦੀ ਕਾਹਲੀ ਹੁੰਦੀ ਹੈ ਕਿ ਬੱਚੇ ਜਲਦੀ-ਜਲਦੀ ਸਾਰੀਆਂ ਜ਼ਿੰਮੇਵਾਰੀਆਂ ਸੰਭਾਲ ਲੈਣ ਅਤੇ ਉਹ ਕਈ ਵਾਰ ਉਨ੍ਹਾਂ ਦੀ ਉਮਰ ਤੋਂ ਵੱਡੀਆਂ ਜ਼ਿੰਮੇਵਾਰੀਆਂ ਥੋਪ ਦਿੰਦੇ ਹਨ ਜਿਸ ਨਾਲ ਬੱਚੇ ਪਰੇਸ਼ਾਨੀ ਦੇ ਆਲਮ ਵਿਚ ਆ ਜਾਂਦੇ ਹਨ। ਮਾਪਿਆਂ ਨੂੰ ਬੱਚਿਆਂ ਨੂੰ ਪਹਿਲਾਂ ਛੋਟੀਆਂ ਜ਼ਿੰਮੇਵਾਰੀਆਂ ਦੇਣੀਆਂ ਚਾਹੀਦੀਆਂ ਹਨ ਅਤੇ ਲੋੜ ਪੈਣ ਤੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ।

ਬੱਚੇ ਜ਼ਿਆਦਾਤਰ ਘੁੰਮਣ ਫਿਰਨ ਦੇ ਸ਼ੌਕੀਨ ਹੁੰਦੇ ਹਨ ਪਰ ਮਾਪਿਆਂ ਦੇ ਰੁਝੇਵਿਆਂ ਕਰਕੇ ਅਕਸਰ ਸਮਾਂ ਨਹੀਂ ਮਿਲਦਾ। ਮਾਪਿਆਂ ਨੂੰ ਆਪਣੇ ਰੁਝੇਵਿਆਂ ਵਿੱਚੋਂ ਕੁਝ ਸਮਾਂ ਕੱਢ ਕੇ ਪਰਿਵਾਰ ਨਾਲ ਘੁੰਮਣ ਜ਼ਰੂਰ ਜਾਣਾ ਚਾਹੀਦਾ ਹੈ ਤਾਂ ਜੋ ਬੱਚੇ ਆਪਣੇ ਮਾਪਿਆਂ ਨਾਲ ਕੁਦਰਤ ਦੇ ਨਜ਼ਾਰਿਆਂ ਦਾ ਅਨੰਦ ਮਾਣ ਸਕਣ।

ਇਨ੍ਹਾਂ ਗੱਲਾਂ ਦਾ ਧਿਆਨ ਰੱਖ ਕੇ ਅਸੀਂ ਬੱਚਿਆਂ ਦਾ ਚੰਗੀ ਤਰ੍ਹਾਂ ਪਾਲਣ ਪੋਸ਼ਣ ਕਰ ਸਕਦੇ ਹਾਂ ਅਤੇ ਮਾਪਿਆਂ ਵੱਲੋਂ ਮਿਲੇ ਸਹਿਯੋਗ ਦੇ ਸਦਕੇ ਇਹੀ ਬੱਚੇ ਜ਼ਿੰਦਗੀ ਵਿਚ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਲੈਂਦੇ ਹਨ। •

98554-83000



# ਨਗਰ ਨਿਗਮ ਦੀ ਲਾਪਰਵਾਹੀ ! ਸਕੂਟਰੀ ਸਮੇਤ 7 ਫੁੱਟ ਡੂੰਘੇ ਟੋਏ ਵਿਚ ਜਾ ਡਿੱਗਿਆ

**ਕੌਮੀ ਪਤ੍ਰਿਕਾ**

ਲੁਧਿਆਣਾ 13 ਮਾਰਚ। ਸ਼ਿਵਪੁਰੀ ਇਲਾਕੇ ਵਿਚ ਸਥਿਤ ਮਸ਼ਹੂਰ ਟੂਟੀ ਵਾਲੇ ਮੰਦਰ ਨੇੜੇ ਨਗਰ ਨਿਗਮ ਤੇ ਪ੍ਰਸ਼ਾਸਨ ਦੀ ਵੱਡੀ ਲਾਪਰਵਾਹੀ ਕਾਰਨ ਇਕ ਵੱਡਾ ਹਾਦਸਾ ਸਾਹਮਣੇ ਆਇਆ ਹੈ, ਜਿਸ ਵਿਚ ਇਕ 68 ਸਾਲਾ ਬਜ਼ੁਰਗ ਮੌਤ ਦੇ ਮੂੰਹ 'ਚੋਂ ਵਾਲ-ਵਾਲ ਬਚਿਆ। ਜਾਣਕਾਰੀ ਮੁਤਾਬਕ, ਇਲਾਕੇ ਦੀ ਖਸਤਾਹਾਲ ਸੜਕ ਪਿਛਲੇ ਲੰਮੇ ਸਮੇਂ ਤੋਂ ਬਦਹਾਲੀ ਦਾ ਸ਼ਿਕਾਰ ਹੈ ਤੇ ਉੱਥੇ ਬਣੇ ਇਕ 7 ਫੁੱਟ ਡੂੰਘੇ ਜਾਨਲੇਵਾ ਟੋਏ ਨੇ ਇਕ ਬਜ਼ੁਰਗ ਨੂੰ ਆਪਣੀ ਲਪੇਟ ਵਿਚ ਲੈ ਲਿਆ। ਪੀੜਤ ਬਜ਼ੁਰਗ ਆਪਣੀ ਈ-ਐਕਟਿਵਾ ਸਕੂਟਰੀ 'ਤੇ ਸਵਾਰ ਹੋ ਕੇ ਘਰ ਦਾ ਜ਼ਰੂਰੀ ਸਾਮਾਨ ਲੈਣ ਨਿਕਲੇ ਸੀ। ਮੰਦਰ ਨੇੜੇ ਸੜਕ ਦੀ ਹਾਲਤ ਇੰਨੀ ਬਦਤਰ ਸੀ ਕਿ ਸਕੂਟਰੀ ਅਚਾਨਕ ਬੇਕਾਬੂ ਹੋ ਗਈ ਤੇ ਬਜ਼ੁਰਗ ਸਕੂਟਰੀ ਸਮੇਤ ਡੂੰਘੇ ਟੋਏ ਵਿਚ ਜਾ ਡਿੱਗਿਆ। ਹਾਦਸਾ ਇੰਨਾ ਭਿਆਨਕ ਸੀ ਕਿ ਬਜ਼ੁਰਗ ਦੇ ਡਿਗਦਿਆਂ ਹੀ ਆਲੇ-ਦੁਆਲੇ ਦੇ ਲੋਕਾਂ ਦੀ ਰੂਹ ਕੰਬ ਗਈ ਤੇ ਰਾਹਗੀਰਾਂ ਨੇ ਤੁਰੰਤ ਹਿੰਮਤ ਦਿਖਾਉਂਦਿਆਂ ਭਾਰੀ ਮੁਸ਼ੱਕਤ ਮਗਰੋਂ ਉਨ੍ਹਾਂ ਨੂੰ ਡੂੰਘੇ ਟੋਏ 'ਚੋਂ ਬਾਹਰ ਕੱਢਿਆ। ਹਾਦਸੇ ਵਿਚ ਬਜ਼ੁਰਗ ਨੂੰ ਗੰਭੀਰ ਸੱਟਾਂ ਲੱਗੀਆਂ ਹਨ, ਜਿਨ੍ਹਾਂ ਨੂੰ ਮੌਕੇ 'ਤੇ ਮੌਜੂਦ ਲੋਕਾਂ ਨੇ ਹਫੜਾ-ਦਫੜੀ ਵਿਚ ਇਕ ਈ-ਰਿਕਸ਼ਾ ਜ਼ਰੀਏ ਨੇੜਲੇ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਸ ਘਟਨਾ ਮਗਰੋਂ ਮੁਹੱਲਾ ਵਾਸੀਆਂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ ਹੈ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ




ਇਹ ਸੜਕ ਪਿਛਲੇ ਕਈ ਮਹੀਨਿਆਂ ਤੋਂ ਖੂਨੀ ਖੇਡ ਖੇਡ ਰਹੀ ਹੈ ਤੇ ਇੱਥੇ ਆਏ ਦਿਨ ਦੁਪਹੀਆ ਵਾਹਨ ਚਾਲਕ ਡਿੱਗ ਕੇ ਜ਼ਖ਼ਮੀ ਹੋ ਰਹੇ ਹਨ, ਪਰ ਕੁੰਭਕਰਨੀ ਨੀਂਦੇ ਸੁੱਤੇ ਪ੍ਰਸ਼ਾਸਨ ਨੇ ਅੱਜ ਤਕ ਇਸ ਦੀ ਸਾਰ ਨਹੀਂ ਲਈ। ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਨਗਰ ਨਿਗਮ, ਸਥਾਨਕ ਕੌਂਸਲਰ ਤੇ ਵਿਧਾਇਕ ਦੇ ਖ਼?ਲਾਫ਼ ਰੱਜ ਕੇ ਭੜਾਸ ਕੱਢੀ। ਲੋਕਾਂ ਦਾ ਕਹਿਣਾ ਹੈ ਕਿ ਕੀ ਪ੍ਰਸ਼ਾਸਨ ਕਿਸੇ ਵੱਡੀ ਅਣਹੋਣੀ ਜਾਂ ਕਿਸੇ ਦੀ ਮੌਤ ਦਾ ਇੰਤਜ਼ਾਰ ਕਰ ਰਿਹਾ ਹੈ? ਅੱਜ ਤਾਂ ਇਕ ਬਜ਼ੁਰਗ ਦੀ ਜਾਨ ਜਾਂਦੇ-ਜਾਂਦੇ ਬਚੀ ਹੈ, ਪਰ ਜੇਕਰ ਛੇਤੀ ਹੀ ਇਨ੍ਹਾਂ ਜਾਨਲੇਵਾ ਟੋਇਆਂ ਨੂੰ ਭਰ ਕੇ ਸੜਕ ਨਾ ਬਣਾਈ ਗਈ ਤਾਂ ਇਲਾਕੇ ਦੇ ਲੋਕ ਸੜਕਾਂ 'ਤੇ ਉਤਰ ਕੇ ਵੱਡਾ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ। ਲੋਕਾਂ ਨੇ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਸੜਕ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ, ਤਾਂ ਜੋ ਰਾਹਗੀਰ ਚੈਨ ਦਾ ਸਾਹ ਲੈ ਸਕਣ ਤੇ ਸੁਰੱਖਿਅਤ ਆਪਣੇ ਘਰਾਂ ਨੂੰ ਪਹੁੰਚ ਸਕਣ।

### ਪਾਵਰਕਾਮ ਦਾ ਡਿਫ਼ਾਲਟਰ ਬਿਜਲੀ ਖ਼ਪਤਕਾਰਾਂ ਖ਼ਿਲਾਫ਼ ਵੱਡਾ ਐਕਸ਼ਨ

ਜਲਾਲਾਬਾਦ 13 ਮਾਰਚ। ਪੀ. ਐੱਸ. ਪੀ. ਐੱਲ. ਵਿਭਾਗ ਵੱਲੋਂ ਹਲਕੇ ਦੇ ਪਿੰਡਾਂ 'ਚ ਬਿੱਲ ਡਿਫ਼ਾਲਟਰ ਖ਼ਪਤਕਾਰਾਂ ਖ਼?ਲਾਫ਼ ਸ਼ੁਰੂ ਕੀਤੀ ਗਈ ਮੁਹਿੰਮ ਦੇ ਤਹਿਤ 18 ਕੁਨੈਕਸ਼ਨ ਕੱਟੇ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀ. ਐੱਸ. ਪੀ. ਐੱਲ. ਦਫ਼ਤਰ ਸਬ ਅਰਬਨ ਜਲਾਲਾਬਾਦ ਦੇ ਐੱਸ. ਡੀ. ਓ. ਨਵਜੋਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਬਿਜਲੀ ਦੇ ਪੈਂਡਿੰਗ ਬਿੱਲਾਂ ਦੀ ਉਗਰਾਹੀ ਦੇ ਲਈ ਪਿੰਡਾਂ 'ਚ ਚੈਕਿੰਗ ਮੁਹਿੰਮ ਚਲਾਈ ਗਈ ਹੈ ਅਤੇ ਕਰੀਬ 18 ਦੇ ਕਰੀਬ ਡਿਫਾਲਟਰ ਬਿਜਲੀ ਖ਼ਪਤਕਾਰਾਂ ਦੇ 14 ਲੱਖ ਰੁਪਏ ਦੀ ਰਾਸ਼ੀ ਦੇ ਕੁਨੈਕਸ਼ਨ ਕੱਟੇ ਗਏ। ਐੱਸ. ਡੀ. ਓ. ਨਵਜੋਤ ਸਿੰਘ ਦਫ਼ਤਰ ਸਬ ਅਰਬਨ ਜਲਾਲਾਬਾਦ ਪੀ. ਐੱਸ. ਪੀ. ਸੀ. ਐੱਲ. ਵੱਲੋਂ ਬਿਜਲੀ ਖ਼ਪਤਕਾਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਬਿਜਲੀ ਬਿੱਲਾਂ ਦੀ ਬਕਾਇਆ ਰਕਮ ਤੁਰੰਤ ਭਰੀ ਜਾਵੇ। ਉਨ੍ਹਾਂ ਆਖਿਆ ਕਿ ਬਿੱਲ ਨਾ ਭਰਨ ਦੀ ਸੂਰਤ 'ਚ ਕੁਨੈਕਸ਼ਨ ਕੱਟਿਆ ਜਾਵੇਗਾ ਅਤੇ ਦੁਬਾਰਾ ਜੋੜਨ ਦੀ ਪ੍ਰਕਿਰਿਆ 'ਚ ਦੇਰੀ 'ਚ ਕੁਨੈਕਸ਼ਨ ਜੁੜ ਸਕਦਾ ਹੈ। ਐੱਸ. ਡੀ. ਓ. ਨਵਜੋਤ ਸਿੰਘ ਨੇ ਬਿਜਲੀ ਖ਼ਪਤਕਾਰਾਂ ਨੂੰ ਕਿਹਾ ਕਿ ਬਿਜਲੀ ਦੇ ਪੈਂਡਿੰਗ ਪਏ ਬਿੱਲ 31 ਮਾਰਚ ਤੋਂ ਪਹਿਲਾਂ-ਪਹਿਲਾਂ ਭਰਨ ਨੂੰ ਪਹਿਲ ਕਦਮੀ ਕਰਨ ਤਾਂ ਕਿ ਉਨ੍ਹਾਂ ਨੂੰ ਬਾਅਦ 'ਚ ਪਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ।

## ਪੰਜਾਬ ਯੂਨੀ. 'ਚ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨ ਤੇ ਦਸਤਾਰਾਂ ਉਤਾਰਨ ਦੀ ਐਡਵੋਕੇਟ ਧਾਮੀ ਨੇ ਕੀਤੀ ਨਿਖੇਧੀ

ਅੰਮ੍ਰਿਤਸਰ 13 ਮਾਰਚ । ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੰਡੀਗੜ੍ਹ ਪੁਲਸ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨ ਅਤੇ ਦਸਤਾਰਾਂ ਉਤਾਰੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਦਸਤਾਰ ਸਿੱਖ ਦੇ ਜੀਵਨ ਦਾ ਅਹਿਮ ਅੰਗ ਹੈ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਜ਼ੋਰ ਦਾ ਪ੍ਰਯੋਗ ਕਰਦਿਆਂ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰੇ ਜਾਣਾ ਸਿੱਖ ਭਾਵਨਾਵਾਂ ਅਤੇ ਸਿੱਖੀ ਦੇ ਗੌਰਵ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਸ਼ਾਂਤਮਈ ਤਰੀਕੇ ਨਾਲ ਆਪਣੀ ਗੱਲ ਰੱਖਣਾ ਹੱਕ ਹੈ, ਜਿਸ 'ਤੇ ਕਿਸੇ ਤਰ੍ਹਾਂ ਦੀ ਰੋਕ ਲਗਾਉਣੀ ਪ੍ਰਸ਼ਾਸਨ ਦੀ ਧੱਕੇਸ਼ਾਹੀ ਹੈ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਯੂਨੀਵਰਸਿਟੀ ਦੇ ਵਿਦਿਆਰਥੀ ਸਿੱਖ ਭਾਵਨਾਵਾਂ ਨੂੰ ਲੈ ਕੇ ਲਗਾਤਾਰ ਮੰਗ ਕਰ ਰਹੇ ਸਨ, ਜਿਸ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਅਣਸੁਣਿਆ ਕੀਤਾ ਗਿਆ ਅਤੇ ਪੁਲਸ ਦੁਆਰਾ ਲਾਠੀਚਾਰਜ ਕਰਕੇ ਵਿਦਿਆਰਥੀਆਂ ਦੀ ਅਵਾਜ਼ ਨੂੰ ਦਬਾਉਣ ਦਾ ਯਤਨ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨਾਲ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਵੱਡੀ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਉਣ ਵਾਲੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨਾ ਪ੍ਰਸ਼ਾਸਨ ਦੀ ਵੀ ਜ਼ਿੰਮੇਵਾਰੀ ਹੈ। ਉਨ੍ਹਾਂ ਸਿੱਖ ਨੌਜਵਾਨਾਂ ਦੀਆਂ ਦਸਤਾਰਾਂ ਉਤਾਰਨ ਵਾਲੇ ਦੋਸ਼ੀ ਮੁਲਾਜ਼ਮਾਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਸਿੱਖ ਦੀ ਦਸਤਾਰ ਦਾ ਨਿਰਾਦਰ ਕਰਨ ਵਾਲੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ।

## ਜਲੰਧਰ ਵਿਖੇ ਗੋਦਾਮ ਨੇੜੇ ਝਾੜੀਆਂ ਵਿੱਚੋਂ ਨੌਜਵਾਨ ਦੀ ਲਾਸ਼ ਬਰਾਮਦ, ਇਲਾਕੇ 'ਚ ਫੈਲੀ ਸਨਸਨੀ

ਜਲੰਧਰ 13 ਮਾਰਚ। ਜਲੰਧਰ ਸ਼ਹਿਰ ਦੇ ਗਾਂਧੀ ਕੈਂਪ ਨੇੜੇ ਸਥਿਤ ਐੱਫ. ਸੀ. ਆਈ. ਗੋਦਾਮ ਦੇ ਪਿਛਲੇ ਹਿੱਸੇ ਵਿੱਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਲੋਕਾਂ ਨੇ ਝਾੜੀਆਂ 'ਚ ਇਕ ਨੌਜਵਾਨ ਦੀ ਲਾਸ਼ ਪਈ ਵੇਖੀ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ ਸ਼ਿਬੂ ਪੁੱਤਰ ਅਸ਼ੋਕ ਵਾਸੀ ਗੜ੍ਹਾ ਵਜੋਂ ਹੋਈ ਹੈ। ਸ਼ਿਬੂ ਸ਼ਹਿਰ ਦੇ ਸੰਵਿਧਾਨ ਚੌਕ ਨੇੜੇ ਇਕ ਦੁਕਾਨ 'ਤੇ ਸੀਟ ਕਵਰ ਬਣਾਉਣ ਦਾ ਕੰਮ ਕਰਦਾ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਸ਼ਿਬੂ ਦਾ ਕੁਝ ਸਮਾਂ ਪਹਿਲਾਂ ਆਪਣੇ ਪਰਿਵਾਰ ਨਾਲ ਝਗੜਾ ਹੋਇਆ ਸੀ, ਜਿਸ ਕਾਰਨ ਉਹ ਪਿਛਲੇ 7-8 ਮਹੀਨਿਆਂ ਤੋਂ ਆਪਣੀ ਭੂਆ ਦੀਪਾ ਦੇ ਘਰ ਰਹਿ ਰਿਹਾ ਸੀ। ਹਾਲਾਂਕਿ ਕੁਝ ਸਮਾਂ ਪਹਿਲਾਂ ਸਮਝੌਤਾ ਹੋਣ ਤੋਂ ਬਾਅਦ ਉਹ ਵਾਪਸ ਆਪਣੇ ਘਰ ਰਹਿਣ ਚਲਾ ਗਿਆ ਸੀ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਤ ਦੇ ਅਸਲ ਕਾਰਨਾਂ ਦਾ ਪਤਾ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਲੱਗੇਗਾ। ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਪੁਲਸ ਇਲਾਕੇ ਦੇ ਸੀ. ਸੀ. ਟੀ. ਵੀ. ਫੁਟੇਜ ਅਤੇ ਸ਼ਿਬੂ ਦੇ ਮੋਬਾਇਲ ਕਾਲ ਡਿਟੇਲਜ਼ ਨੂੰ ਵੀ ਖੰਗਾਲ ਰਹੀ ਹੈ। ਪੁਲਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਸ਼ਿਬੂ ਗੋਦਾਮ ਦੇ ਪਿੱਛੇ ਝਾੜੀਆਂ ਤੱਕ ਕਿਵੇਂ ਪਹੁੰਚਿਆ ਅਤੇ ਆਖਰੀ ਸਮੇਂ ਉਹ ਕਿਸ ਦੇ ਸੰਪਰਕ ਵਿੱਚ ਸੀ।

## ਜਲੰਧਰ ਦੇ ਦੋਆਬਾ ਚੌਕ 'ਚ ਲੁਟੇਰਿਆਂ ਨੇ ਬਜ਼ੁਰਗ ਨਾਲ ਕੀਤੀ ਲੁੱਟਖੋਹ

ਜਲੰਧਰ 13 ਮਾਰਚ। ਦੋਆਬਾ ਚੌਕ ਵਿਚ ਦੋ ਬਾਈਕ ਸਵਾਰ ਲੁਟੇਰਿਆਂ ਨੇ ਇਕ ਬਜ਼ੁਰਗ ਵਿਅਕਤੀ ਦਾ ਮੋਬਾਇਲ ਫੋਨ ਲੁੱਟ ਲਿਆ। ਘਟਨਾ ਦੌਰਾਨ ਪੀੜਤ ਨੇ ਰੌਲਾ ਪਾਇਆ ਪਰ ਮੋਟਰਸਾਈਕਲ ਦੀ ਤੇਜ਼ ਰਫ਼ਤਾਰ ਕਾਰਨ ਮੁਲਜ਼ਮ ਭੱਜਣ ਵਿੱਚ ਕਾਮਯਾਬ ਹੋ ਗਿਆ। ਘਟਨਾ ਤੋਂ ਬਾਅਦ ਭੱਜਦੇ ਮੁਲਜ਼ਮ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਏ ਹਨ ਅਤੇ ਬਜ਼ੁਰਗ ਵਿਅਕਤੀ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਭਗਤਪੁਰਾ ਦੇ ਰਹਿਣ ਵਾਲੇ ਮੁਖਤਿਆਰ ਚੰਦ ਨੇ ਪੁਲਸ ਥਾਣਾ ਨੰਬਰ 8 ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਉਹ ਦੋਆਬਾ ਚੌਕ ਨੇੜੇ ਇਕ ਕਿਤਾਬਾਂ ਦੀ ਦੁਕਾਨ ਦਾ ਮਾਲਕ ਹੈ। ਉਹ ਸਟੋਰ ਤੋਂ ਘਰ ਵਾਪਸ ਆ ਰਿਹਾ ਸੀ ਤਾਂ ਇਕ ਬਾਈਕ 'ਤੇ ਸਵਾਰ ਦੋ ਨੌਜਵਾਨ ਉਸ ਕੋਲੋਂ ਲੰਘੇ ਅਤੇ ਉਸ ਦੀ ਕਮੀਜ਼ ਦੀ ਉੱਪਰਲੀ ਜੇਬ ਵਿੱਚ ਉਸ ਦਾ ਮੋਬਾਇਲ ਫੋਨ ਵੇਖਿਆ। ਫਿਰ ਉਹ ਵਾਪਸ ਆਏ ਅਤੇ ਉਸ ਦੀ ਜੇਬ ਵਿੱਚੋਂ ਖੋਹ ਲਿਆ। ਮੁਖਤਿਆਰ ਚੰਦ ਨੇ ਕਿਹਾ ਕਿ ਉਸ ਨੇ ਰੌਲਾ ਪਾਇਆ ਪਰ ਲੁਟੇਰੇ ਤੇਜ਼ ਰਫ਼ਤਾਰ ਬਾਈਕ 'ਤੇ ਭੱਜਣ ਵਿੱਚ ਕਾਮਯਾਬ ਹੋ ਗਏ। ਸੂਚਨਾ ਮਿਲਣ 'ਤੇ ਥਾਣਾ ਨੰਬਰ 8 ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਨੇੜਲੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਦੀ ਸਮੀਖਿਆ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੋਸ਼ੀ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

### ਗਨ ਪੁਆਇੰਟ 'ਤੇ ਕੱਪੜਾ ਕਾਰੋਬਾਰੀ ਤੋਂ ਲੁੱਟ, ਮਿੰਨਤਾਂ ਕਰਨ ਦੇ ਬਾਵਜੂਦ ਲੁਟੇਰਿਆਂ ਨੇ ਦਾਤਰ ਨਾਲ ਕੀਤਾ ਵਾਰ

ਲੁਧਿਆਣਾ 13 ਮਾਰਚ। ਮਹਾਨਗਰ ਵਿਚ ਬੇਖੌਫ਼ ਲੁਟੇਰਿਆਂ ਨੇ ਇਕ ਵਾਰ ਫਿਰ ਪੁਲਸ ਸੁਰੱਖਿਆ ਦੇ ਦਾਅਵਿਆਂ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ। ਤਾਜ਼ਾ ਮਾਮਲਾ ਥਾਣਾ ਡਵੀਜ਼ਨ ਨੰਬਰ 3 ਦੇ ਅਧੀਨ ਆਉਂਦੀ ਚੌਕੀ ਸ਼ਿੰਗਾਰ ਸਿਨੇਮਾ ਦੇ ਨੇੜੇ ਦਾ ਹੈ, ਜਿੱਥੇ ਸੋਮਵਾਰ ਦੀ ਦੇਰ ਰਾਤ ਬਾਈਕ ਸਵਾਰ ਦੋ ਨਕਾਬਪੋਸ਼ ਲੁਟੇਰਿਆਂ ਨੇ ਇਕ ਕੱਪੜਾ ਕਾਰੋਬਾਰੀ ਰਿੰਕੂ ਮਲਹੋਤਰਾ ਨੂੰ ਆਪਣਾ ਨਿਸ਼ਾਨਾ ਬਣਾਇਆ। ਲੁਟੇਰਿਆਂ ਨੇ ਕਾਰੋਬਾਰੀ 'ਤੇ ਪਿਸਤੌਲ ਤਾਣ ਦਿੱਤੀ ਅਤੇ ਉਨ੍ਹਾਂ ਤੋਂ ਸੋਨੇ ਦੀ ਮੁੰਦਰੀ ਅਤੇ ਨਕਦੀ ਖੋਹ ਲਈ। ਲੁਟੇਰਿਆਂ ਨੇ ਭੱਜਣ ਤੋਂ ਪਹਿਲਾਂ ਉਨ੍ਹਾਂ ਦੇ ਮੋਢੇ 'ਤੇ ਤੇਜ਼ਧਾਰ ਹਥਿਆਰ (ਦਾਤਰ) ਨਾਲ ਵਾਰ ਕਰਕੇ ਉਨ੍ਹਾਂ ਨੂੰ ਲਹੂ-ਲੁਹਾਨ ਕਰ ਦਿੱਤਾ। ਇਸ ਵਾਰਦਾਤ ਤੋਂ ਬਾਅਦ ਜਦੋਂ ਪੀੜਤ ਅਤੇ ਇਲਾਕਾ ਨਿਵਾਸੀ ਸ਼ਿਕਾਇਤ ਦਰਜ ਕਰਵਾਉਣ ਲਈ ਚੌਕੀ ਸ਼ਿੰਗਾਰ ਸਿਨੇਮਾ ਪਹੁੰਚੇ, ਤਾਂ ਉੱਥੇ ਸਿਰਫ਼ ਇਕ ਹੀ ਪੁਲਸ ਮੁਲਾਜ਼ਮ ਮੌਜੂਦ ਸੀ।

## ਹਰਿਆਣਾ ਦੇ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਪੰਜਾਬ ਦੇ 4 ਹਸਪਤਾਲਾਂ 'ਚ ਹੋਵੇਗਾ 'ਕੈਸ਼ਲੇਸ' ਇਲਾਜ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 13 ਮਾਰਚ। ਹਰਿਆਣਾ ਸਰਕਾਰ ਨੇ ਰਾਜ ਦੇ ਲੱਖਾਂ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਸਿਹਤ ਸਹੂਲਤਾਂ ਦੇ ਖੇਤਰ ਵਿੱਚ ਇੱਕ ਇਤਿਹਾਸਕ ਤੋਹਫ਼ਾ ਦਿੱਤਾ ਹੈ। ਸੂਬੇ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਐਲਾਨ ਕੀਤਾ ਹੈ ਕਿ ਹੁਣ ਹਰਿਆਣਾ ਦੇ ਸਰਕਾਰੀ ਲਾਭਪਾਤਰੀ ਪੰਜਾਬ ਦੇ ਚਾਰ ਪ੍ਰਮੁੱਖ ਅਤੇ ਮਾਹਿਰ ਹਸਪਤਾਲਾਂ ਵਿੱਚ ਆਪਣੀਆਂ ਗੰਭੀਰ ਬਿਮਾਰੀਆਂ ਦਾ ਇਲਾਜ ਕਰਵਾ ਸਕਣਗੇ। ਸਰਕਾਰ ਦੇ ਇਸ ਕਦਮ ਨਾਲ ਮਰੀਜ਼ਾਂ ਨੂੰ ਨਾ ਸਿਰਫ਼ ਵਿਸ਼ਵ ਪੱਧਰੀ ਸਹੂਲਤਾਂ ਮਿਲਣਗੀਆਂ, ਸਗੋਂ ਉਨ੍ਹਾਂ ਨੂੰ ਦਿੱਲੀ ਜਾਂ ਮੁੰਬਈ ਵਰਗੇ ਦੂਰ-ਦੁਰਾਡੇ ਸ਼ਹਿਰਾਂ ਵਿੱਚ ਜਾਣ ਦੀ ਲੋੜ ਵੀ ਨਹੀਂ ਪਵੇਗੀ। ਸਿਹਤ ਵਿਭਾਗ ਵੱਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ, ਹੁਣ ਹੇਠ ਲਿਖੇ ਹਸਪਤਾਲ ਹਰਿਆਣਾ ਸਰਕਾਰ ਦੇ ਪੈਨਲ 'ਤੇ ਸ਼ਾਮਲ ਕੀਤੇ ਗਏ ਹਨ: ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ, ਮੁੱਲਾਂਪੁਰ (ਨਿਊ ਚੰਡੀਗੜ੍ਹ): ਇਹ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੀ ਹੀ ਇੱਕ ਆਧੁਨਿਕ ਇਕਾਈ ਹੈ। ਹੋਮੀ ਭਾਬਾ ਕੈਂਸਰ ਹਸਪਤਾਲ, ਸੰਗਰੂਰ: ਇਹ ਵੀ ਟਾਟਾ ਮੈਮੋਰੀਅਲ ਸੈਂਟਰ ਵੱਲੋਂ ਚਲਾਇਆ ਜਾ ਰਿਹਾ ਕੈਂਸਰ ਦੇ ਇਲਾਜ ਦਾ ਵੱਡਾ ਕੇਂਦਰ ਹੈ। ਰੀਜਨਲ ਸਪਾਈਨਲ ਇੰਜਰੀਜ਼ ਸੈਂਟਰ, ਸੈਕਟਰ 70, ਮੋਹਾਲੀ: ਇੱਥੇ ਰੀੜ੍ਹ ਦੀ ਹੱਡੀ




ਨਾਲ ਸਬੰਧਤ ਗੰਭੀਰ ਸੱਟਾਂ ਅਤੇ ਸਰਜਰੀ ਦਾ ਵਿਸ਼ੇਸ਼ ਪ੍ਰਬੰਧ ਹੈ। ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸ, ਮੋਹਾਲੀ: ਲਿਵਰ ਅਤੇ ਪਿੱਤੇ ਦੀਆਂ ਗੁੰਝਲਦਾਰ ਬਿਮਾਰੀਆਂ ਲਈ ਇਹ ਉੱਤਰੀ ਭਾਰਤ ਦਾ ਮੋਹਰੀ ਸੰਸਥਾਨ ਹੈ। ਸਿਹਤ ਮੰਤਰੀ ਆਰਤੀ ਸਿੰਘ ਰਾਓ ਅਨੁਸਾਰ ਇਨ੍ਹਾਂ ਹਸਪਤਾਲਾਂ ਦੀ ਚੋਣ ਉਨ੍ਹਾਂ ਦੀ ਵਿਸ਼ੇਸ਼ ਮੁਹਾਰਤ ਦੇ ਆਧਾਰ 'ਤੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੈਂਸਰ, ਰੀੜ੍ਹ ਦੀ ਹੱਡੀ ਅਤੇ ਲਿਵਰ ਵਰਗੀਆਂ ਬਿਮਾਰੀਆਂ ਦਾ ਇਲਾਜ ਬਹੁਤ ਮਹਿੰਗਾ ਹੁੰਦਾ ਹੈ। ਟਾਟਾ ਮੈਮੋਰੀਅਲ ਵਰਗੀਆਂ ਸੰਸਥਾਵਾਂ ਨਾਲ ਜੁੜਨ ਕਾਰਨ ਹੁਣ ਮੁਲਾਜ਼ਮਾਂ ਨੂੰ ਆਧੁਨਿਕ ਤਕਨੀਕ ਅਤੇ ਤਜਰਬੇਕਾਰ ਡਾਕਟਰਾਂ ਦੀ ਸਲਾਹ ਘਰ ਦੇ ਨੇੜੇ ਹੀ ਮਿਲ ਸਕੇਗੀ। ਇਸ ਫੈਸਲੇ ਦਾ ਸਭ ਤੋਂ ਵੱਡਾ ਫਾਇਦਾ ਬਜ਼ੁਰਗ ਪੈਨਸ਼ਨਰਾਂ ਨੂੰ ਹੋਵੇਗਾ, ਜਿਨ੍ਹਾਂ ਨੂੰ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਨਿੱਜੀ ਹਸਪਤਾਲਾਂ ਦੇ ਮਹਿੰਗੇ ਬਿੱਲ ਚੁਕਾਉਣੇ ਪੈਂਦੇ ਸਨ। ਹੁਣ ਪੈਨਲ ਦੇ ਵਿਸਥਾਰ ਅਤੇ ਕੈਸ਼ਲੇਸ ਸਹੂਲਤ ਨਾਲ ਉਨ੍ਹਾਂ 'ਤੇ ਆਰਥਿਕ ਬੋਝ ਘੱਟ ਜਾਵੇਗਾ।

## ਰੂਪਨਗਰ ਪੁਲਸ ਨੇ 385 ਕਿੱਲੋ ਚੂਰਾ ਪੋਸਤ ਸਮੇਤ 2 ਤਸਕਰ ਕੀਤੇ ਕਾਬੂ, ਅੰਨ੍ਹੇ ਕਤਲ ਦੀ ਗੁੱਥੀ ਵੀ ਸੁਲਝਾਈ

**ਕੌਮੀ ਪਤ੍ਰਿਕਾ**

ਰੋਪੜ, 13 ਮਾਰਚ। ਪੰਜਾਬ ਪੁਲਸ ਵੱਲੋਂ ਨਸ਼ਿਆਂ ਅਤੇ ਗੈਂਗਸਟਰਾਂ ਵਿਰੁੱਧ ਵਿੱਢੀ ਗਈ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਦੇ ਤਹਿਤ ਰੂਪਨਗਰ ਪੁਲਸ ਨੇ ਜਿੱਥੇ ਬਾਹਰੀ ਸੂਬਿਆਂ ਤੋਂ ਲਿਆਂਦੀ ਜਾ ਰਹੀ ਨਸ਼ੀਲੇ ਪਦਾਰਥਾਂ ਦੀ ਇੱਕ ਵੱਡੀ ਖੇਪ ਬਰਾਮਦ ਕੀਤੀ ਹੈ, ਉੱਥੇ ਹੀ ਪਿੰਡ ਪੁਰਖਾਲੀ ਨੇੜੇ ਹੋਏ ਇੱਕ ਅੰਨ੍ਹੇ ਕਤਲ ਦੇ ਮਾਮਲੇ ਨੂੰ ਸੁਲਝਾਉਂਦੇ ਹੋਏ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐਸ.ਐਸ.ਪੀ. ਮਨਿੰਦਰ ਸਿੰਘ ਨੇ ਦੱਸਿਆ ਕਿ ਡੀ.ਆਈ.ਜੀ. ਨਾਨਕ ਸਿੰਘ ਦੀ ਅਗਵਾਈ ਹੇਠ ਥਾਣਾ ਕੀਰਤਪੁਰ ਸਾਹਿਬ ਦੀ ਪੁਲਿਸ ਟੀਮ ਨੇ ਪਿੰਡ ਭਟੋਲੀ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਚੈਕਿੰਗ ਦੌਰਾਨ ਇੱਕ ਟਰੱਕ ਵਿੱਚੋਂ 3 ਕੁਇੰਟਲ 85 ਕਿੱਲੋ (385 ਕਿੱਲੋ) ਡੋਡੇ ਚੂਰਾ ਪੋਸਤ ਬਰਾਮਦ ਕੀਤਾ ਗਿਆ। ਪੁਲਸ ਨੇ ਮੌਕੇ 'ਤੇ ਟਰੱਕ ਚਾਲਕ ਵਿਕਰਮ ਸਿੰਘ ਉਰਫ਼ ਵਿੱਕੀ (30) ਅਤੇ ਕੰਡਕਟਰ ਅਰੁਣ ਕੁਮਾਰ (36), ਜੋ ਕਿ ਦੋਵੇਂ ਜ਼ਿਲ੍ਹਾ ਬਿਲਾਸਪੁਰ (ਹਿਮਾਚਲ ਪ੍ਰਦੇਸ਼) ਦੇ ਰਹਿਣ ਵਾਲੇ ਹਨ, ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਖਿਲਾਫ NDPS ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੂਜੇ ਮਾਮਲੇ ਵਿੱਚ ਰੂਪਨਗਰ ਪੁਲਸ ਨੇ ਅਲੀ ਮੁਹੰਮਦ ਉਰਫ਼ ਤੰਨੂ ਦੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾ ਲਿਆ ਹੈ, ਜਿਸ ਦੀ ਲਾਸ਼ 2 ਮਾਰਚ 2026 ਨੂੰ ਮਿਲੀ ਸੀ। ਸੀ.ਸੀ.ਟੀ.ਵੀ.



ਅਤੇ ਤਕਨੀਕੀ ਮਦਦ ਨਾਲ ਇਹ ਗੱਲ ਸਾਹਮਣੇ ਆਈ ਕਿ ਇਹ ਕਤਲ ਪੁਰਾਣੀ ਰੰਜਿਸ਼ ਕਾਰਨ ਅਗਵਾ ਕਰਕੇ ਕੀਤਾ ਗਿਆ ਸੀ। ਇਸ ਵਾਰਦਾਤ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਮਨਦੀਪ ਸਿੰਘ: ਵਾਸੀ ਨਵਾਂ ਸ਼ਹਿਰ (ਬਡਾਲਾ), ਜਿਸ 'ਤੇ ਪਹਿਲਾਂ ਵੀ 2 ਮਾਮਲੇ ਦਰਜ ਹਨ। ਰਿੱਕੀ: ਵਾਸੀ ਚੂਹੜ ਮਾਜਰਾ, ਜਿਸ 'ਤੇ ਲਗਭਗ 10 ਅਪਰਾਧਿਕ ਮਾਮਲੇ ਦਰਜ ਹਨ। ਸੁਖਵਿੰਦਰ ਕੌਰ (ਰਿੱਕੀ ਦੀ ਪਤਨੀ) ਅਤੇ ਗੁਰਜੀਤ ਸਿੰਘ। ਪੁਲਸ ਨੇ ਵਾਰਦਾਤ ਵਿੱਚ ਵਰਤੀ ਗਈ ਸਿਲਵਰ ਰੰਗ ਦੀ ਇਨੋਵਾ ਕਾਰ (ਨੰਬਰ 38-04-3-2618) ਵੀ ਬਰਾਮਦ ਕਰ ਲਈ ਹੈ। ਪੁਲਸ ਅਧਿਕਾਰੀਆਂ ਅਨੁਸਾਰ ਫਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਹੋਰ ਅਹਿਮ ਖੁਲਾਸੇ ਹੋ ਸਕਣ।

### ਨਵਾਂਸ਼ਹਿਰ ਵਿਖੇ ਜ਼ਿਲ੍ਹਾ ਮੈਜਿਸਟ?ਰੇਟ ਵੱਲੋਂ ਪਾਬੰਦੀਆਂ ਦੇ ਹੁਕਮ ਜਾਰੀ

ਨਵਾਂਸ਼ਹਿਰ 13 ਮਾਰਚ। ਜ਼ਿਲ੍ਹਾ ਮੈਜਿਸਟ?ਰੇਟ ਗੁਰਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹੱਦ ਅੰਦਰ ਪੈਂਦੇ ਦਰਿਆ ਸਤਲੁਜ ਅਤੇ ਬਿਸਤ ਦੁਆਬ ਨਹਿਰ 'ਚ ਕਿਸੇ ਵੀ ਵਿਅਕਤੀ ਦੇ ਨਹਾਉਣ 'ਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਅਨੁਸਾਰ ਜੇਕਰ ਕੋਈ ਵਿਅਕਤੀ ਇਨ੍ਹਾਂ ਥਾਵਾਂ 'ਤੇ ਨਹਾਉਂਦਾ ਪਾਇਆ ਜਾਂਦਾ ਹੈ ਤਾਂ ਉਸ ਖ਼?ਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟ?ਰੇਟ ਨੇ ਸਰਕਾਰੀ ਬਿਲਡਿੰਗਾਂ 'ਤੇ ਇਸ਼ਤਿਹਾਰ ਅਤੇ ਹੋਰਡਿੰਗ ਲਾਉਣ ਅਤੇ ਨਿੱਜੀ ਬਿਲਡਿੰਗਾਂ, ਨੈਸ਼ਨਲ ਹਾਈਵੇਅ , ਲਿੰਕ ਸੜਕਾਂ ਅਤੇ ਦਰਖੱਤਾਂ 'ਤੇ ਬਿਨਾਂ ਸਬੰਧਤ ਵਿਭਾਗਾਂ ਅਤੇ ਮਾਲਕਾਂ ਦੀ ਮਨਜ਼ੂਰੀ ਤੋਂ ਇਸ਼ਤਿਹਾਰ ਅਤੇ ਹੋਰਡਿੰਗ ਲਾਉਣ 'ਤੇ ਪਾਬੰਦੀ ਲਾਈ ਹੈ।

## ਅਦਾਲਤ ਦਾ ਸਖ਼ਤ ਫ਼ੈਸਲਾ, ਚਾਰ ਸਕੇ ਭਰਾਵਾਂ ਨੂੰ ਸੁਣਾ 'ਤੀ ਉਮਰ ਕੈਦ ਦੀ ਸਜ਼ਾ

ਫਾਜ਼ਿਲਕਾ 13 ਮਾਰਚ । ਫਾਜ਼ਿਲਕਾ ਦੀ ਇਕ ਅਦਾਲਤ ਨੇ ਸਾਲ 2017 ਦੇ ਸਨਸਨੀਖੇਜ਼ ਮੰਗੂ ਸਿੰਘ ਕਤਲ ਕੇਸ ਵਿਚ ਅਹਿਮ ਫੈਸਲਾ ਸੁਣਾਉਂਦਿਆਂ ਚਾਰ ਸਕੇ ਭਰਾਵਾਂ ਸਣੇ 11 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਵਧੀਕ ਸੈਸ਼ਨ ਜੱਜ ਅਜੀਤ ਪਾਲ ਸਿੰਘ ਦੀ ਅਦਾਲਤ ਨੇ ਦੋਸ਼ੀਆਂ ਨੂੰ ਸਜ਼ਾ ਦੇ ਨਾਲ-ਨਾਲ ਜੁਰਮਾਨਾ ਵੀ ਲਗਾਇਆ ਹੈ। ਜੇਕਰ ਦੋਸ਼ੀ ਜੁਰਮਾਨਾ ਅਦਾ ਨਹੀਂ ਕਰਦੇ, ਤਾਂ ਉਨ੍ਹਾਂ ਨੂੰ ਵਾਧੂ ਸਜ਼ਾ ਭੁਗਤਣੀ ਪਵੇਗੀ। ਇਹ ਮਾਮਲਾ 28 ਅਕਤੂਬਰ 2017 ਦਾ ਹੈ, ਜਦੋਂ ਅਬੋਹਰ ਦੇ ਨਗਰ ਥਾਣਾ-1 ਵਿਚ ਮੁਕੱਦਮਾ ਨੰਬਰ 190 ਦਰਜ ਕੀਤਾ ਗਿਆ ਸੀ। ਸੂਤਰਾਂ ਅਨੁਸਾਰ, ਮੰਗੂ ਸਿੰਘ ਅਤੇ ਸੁਰਜਨ ਸਿੰਘ ਗੁਆਂਢੀ ਸਨ ਅਤੇ ਦੋਵਾਂ ਪਰਿਵਾਰਾਂ ਵਿਚਕਾਰ ਕਿਸੇ ਝਗੜੇ ਕਾਰਨ ਰੰਜਿਸ਼ ਚੱਲ ਰਹੀ ਸੀ। ਇਸੇ ਰੰਜਿਸ਼ ਦੇ ਚੱਲਦਿਆਂ ਸੁਰਜਨ ਸਿੰਘ ਦੇ ਪੁੱਤਰਾਂ ਨੇ ਆਪਣੇ ਰਿਸ਼ਤੇਦਾਰਾਂ ਨਾਲ ਮਿਲ ਕੇ ਮੰਗੂ ਸਿੰਘ ਦੇ ਘਰ ਦੇ ਨੇੜੇ ਉਸ 'ਤੇ ਬੇਰਹਿਮੀ ਨਾਲ ਹਮਲਾ ਕਰ ਦਿੱਤਾ ਸੀ। ਦੋਸ਼ੀਆਂ ਨੇ ਮੰਗੂ ਸਿੰਘ ਦੇ ਸਰੀਰ ਅਤੇ ਖਾਸ ਕਰਕੇ ਸਿਰ 'ਤੇ ਕਈ ਗੰਭੀਰ ਸੱਟਾਂ ਮਾਰੀਆਂ ਸਨ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਖ਼ੂਨੀ ਸੰਘਰਸ਼ ਵਿਚ ਸਿਰਫ਼ ਮੰਗੂ ਸਿੰਘ ਹੀ ਨਹੀਂ, ਸਗੋਂ ਉਸ ਦਾ ਪੁੱਤਰ, ਇਕ ਰਿਸ਼ਤੇਦਾਰ ਅਤੇ ਇਕ ਗੁਆਂਢੀ ਵੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਸਨ। ਪੁਲਸ ਨੇ ਇਸ ਮਾਮਲੇ ਵਿਚ ਕਾਰਵਾਈ ਕਰਦਿਆਂ 11 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ




ਸੀ। ਸਜ਼ਾ ਪਾਉਣ ਵਾਲੇ ਦੋਸ਼ੀਆਂ ਵਿਚ ਚਾਰ ਸਕੇ ਭਰਾ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਮੁੱਖ ਹਮਲਾਵਰ ਮੰਨਿਆ ਗਿਆ ਹੈ। ਜ਼ਿਕਰਯੋਗ ਹੈ ਕਿ ਕੇਸ ਦੀ ਸੁਣਵਾਈ ਦੌਰਾਨ ਇਕ ਮੁਲਜ਼ਮ ਸੁਰਜਨ ਸਿੰਘ ਦੀ ਮੌਤ ਹੋ ਗਈ ਸੀ। ਅਦਾਲਤ ਨੇ ਸਾਰੇ ਤੱਥਾਂ ਅਤੇ ਗਵਾਹਾਂ ਨੂੰ ਵਿਚਾਰਨ ਤੋਂ ਬਾਅਦ ਮਨਜੀਤ ਸਿੰਘ ਅਤੇ ਹੋਰਨਾਂ ਨੂੰ ਮੰਗੂ ਸਿੰਘ ਦੇ ਕਤਲ ਦਾ ਦੋਸ਼ੀ ਪਾਇਆ ਅਤੇ ਉਮਰ ਕੈਦ ਦੀ ਸਜ਼ਾ ਦਾ ਐਲਾਨ ਕੀਤਾ।

## ਬੰਦੀ ਸਿੰਘਾਂ ਨਾਲ ਵਿਤਕਰਾ ਤੇ ਕਾਤਲ ਸਾਧ 'ਤੇ ਮਿਹਰਬਾਨੀ, ਦੇਸ਼ ਦੇ ਦੋਹਰੇ ਨਿਆਂ ਪ੍ਰਬੰਧ ਦਾ ਪ੍ਰਤੱਖ ਸਬੂਤ: ਸਾਬਕਾ ਜਥੇਦਾਰ

**ਏਜੰਸੀਆਂ**

ਅੰਮ੍ਰਿਤਸਰ 13 ਮਾਰਚ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੱਤਰਕਾਰ



ਰਾਮਚੰਦਰ ਛਤਰਪਤੀ ਕਤਲ ਕੇਸ ਵਿੱਚੋਂ ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਰੀ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਸਾਧ ਨੂੰ ਵਾਰ-ਵਾਰ ਪੈਰੋਲ ਮਿਲਣੀ ਸ਼ੁਰੂ ਹੋਈ ਸੀ, ਉਦੋਂ ਤੋਂ ਹੀ ਇਹ ਕਿਆਸਰਾਈਆਂ ਲੱਗ ਰਹੀਆਂ ਸਨ ਕਿ ਸਰਕਾਰਾਂ ਅਤੇ ਕਾਨੂੰਨ ਉਸ ਦੇ ਹੱਕ ਵਿੱਚ ਭੁਗਤ ਰਹੇ ਹਨ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇੱਕ ਪਾਸੇ ਬਲਾਤਕਾਰੀ ਅਤੇ ਕਾਤਲ ਸਾਧ ਹੈ ਜਿਸ ਨੂੰ ਕਾਨੂੰਨ ਨਾਲ ਖਿਲਵਾੜ ਕਰਦਿਆਂ ਰਾਹਤਾਂ ਦਿੱਤੀਆਂ ਜਾ ਰਹੀਆਂ ਹਨ, ਅਤੇ ਦੂਜੇ ਪਾਸੇ ਉਹ ਬੰਦੀ ਸਿੰਘ ਹਨ ਜੋ ਪਿਛਲੇ ਲਗਭਗ 32 ਸਾਲਾਂ ਤੋਂ ਧਰਮ ਦੀ ਖਾਤਰ ਜੇਲ੍ਹਾਂ ਵਿੱਚ ਬੰਦ ਹਨ। ਉਨ੍ਹਾਂ ਅਫਸੋਸ ਜਤਾਇਆ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਸਿੱਖ ਕੈਦੀਆਂ ਨੂੰ ਨਾ ਪੈਰੋਲ ਦਿੱਤੀ ਜਾ ਰਹੀ ਹੈ ਅਤੇ ਨਾ ਹੀ ਰਿਹਾਅ ਕੀਤਾ ਜਾ ਰਿਹਾ ਹੈ। ਉਨ੍ਹਾਂ ਭਾਰਤੀ ਲੋਕਤੰਤਰ ਵਿੱਚ ਨਿਆਂ ਦੇ ਦੋਹਰੇ ਮਾਪਦੰਡਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇੱਕ ਸੰਗੀਨ ਜ਼ੁਰਮਾਂ ਵਾਲੇ ਵਿਅਕਤੀ ਨੂੰ ਬਰੀ ਕਰਨਾ ਅਤੇ ਸਿੱਖਾਂ ਨਾਲ ਲਗਾਤਾਰ ਵਿਤਕਰਾ ਕਰਨਾ ਇਹ ਸਾਬਤ ਕਰਦਾ ਹੈ ਕਿ ਦੇਸ਼ ਵਿੱਚ ਕਾਨੂੰਨ ਸਭ ਲਈ ਬਰਾਬਰ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਹੈਰਾਨੀਜਨਕ ਹੈ ਅਤੇ ਸਿੱਖ ਕੌਮ ਦੇ ਮਨਾਂ ਵਿੱਚ ਬੇਗਾਨਗੀ ਦਾ ਅਹਿਸਾਸ ਹੋਰ ਗੂੜ੍ਹਾ ਕਰਦਾ ਹੈ।

## ਕੂੜਾ ਚੁੱਕਣ 'ਚ ਨਾਕਾਮ ਅਲਾਇੰਸ ਕੰਪਨੀ ਨੂੰ ਦੇ'ਤਾ ਗੋਹੇ ਦੀ ਲਿਫਟਿੰਗ ਦਾ ਠੇਕਾ, ਡੇਅਰੀ ਕੰਪਲੈਕਸ ਦੇ ਈ.ਟੀ.ਪੀ. ਪਲਾਂਟ ਫੇਲ੍ਹ

**ਕੌਮੀ ਪਤ੍ਰਿਕਾ**

ਲੁਧਿਆਣਾ 13 ਮਾਰਚ। ਨਗਰ ਨਿਗਮ ਵੱਲੋਂ ਬੁੱਢੇ ਨਾਲੇ ਦੇ ਪ੍ਰਦੂਸ਼ਣ ਦੀ ਸਮੱਸਿਆ ਦੇ ਹੱਲ ਲਈ ਜਿਸ ਕੰਪਨੀ ਨੂੰ ਗੋਹੇ ਦੀ ਲਿਫਟਿੰਗ ਦਾ ਠੇਕਾ ਦਿੱਤਾ ਗਿਆ ਹੈ, ਉਸ ਵੱਲੋਂ ਠੀਕ ਢੰਗ ਨਾਲ ਕੰਮ ਨਾ ਕਰਨ ਕਾਰਨ ਡੇਅਰੀ ਕੰਪਲੈਕਸ ਦੇ ਈ. ਟੀ. ਪੀ. ਪਲਾਂਟ ਫੇਲ ਹੋ ਗਏ ਹਨ। ਮਿਲੀ ਜਾਣਕਾਰੀ ਮੁਤਾਬਕ ਇਹ ਅਲਾਇੰਸ ਕੰਪਨੀ ਪਹਿਲਾਂ 'ਏ ਟੂ ਜ਼ੈੱਡ' ਦੇ ਨਾਂ 'ਤੇ ਕੂੜਾ ਚੁੱਕਣ ਦਾ ਕੰਮ ਕਰਦੀ ਸੀ, ਜਿਸ ਨੂੰ ਕਾਂਗਰਸ ਸਰਕਾਰ ਦੌਰਾਨ ਜਦੋਂ 'ਏ ਟੂ ਜ਼ੈੱਡ' ਕੰਮ ਵਿਚਾਲੇ ਛੱਡ ਕੇ ਭੱਜ ਗਈ ਸੀ, ਤਾਂ ਬਿਨਾਂ ਟੈਂਡਰ ਦੇ ਰੇਟ ਵਧਾ ਕੇ ਇਸ ਕੰਪਨੀ ਨੂੰ ਜ਼ਿੰਮੇਵਾਰੀ ਦਿੱਤੀ ਗਈ ਸੀ। ਇਸ ਦੌਰਾਨ ਅਲਾਇੰਸ ਕੰਪਨੀ ਨੇ ਹੈਲਥ ਬ੍ਰਾਂਚ ਦੇ ਹੇਠਲੇ ਪੱਧਰ ਤੋਂ ਲੈ ਕੇ ਉੱਚ ਅਧਿਕਾਰੀਆਂ ਨਾਲ ਮਿਲੀਭੁਗਤ ਕਰ ਕੇ, ਕੂੜਾ ਚੁੱਕੇ ਬਿਨਾਂ ਹੀ ਕਰੋੜਾਂ ਦੀ ਪੇਮੈਂਟ ਹਾਸਲ ਕਰ ਲਈ, ਜਿਸ ਦਾ ਸਬੂਤ ਅਲਾਇੰਸ ਕੰਪਨੀ ਦੇ ਕਾਰਜਕਾਲ ਦੌਰਾਨ ਸੜਕਾਂ ਕਿਨਾਰੇ ਲੱਗੇ ਕੂੜੇ ਦੇ ਢੇਰ ਲੱਗੇ ਰਹਿਣ ਕਾਰਨ ਸਵੱਛਤਾ ਸਰਵੇਖਣ 'ਚ ਹਰ ਵਾਰ ਰੈਂਕਿੰਗ ਹੇਠਾਂ ਡਿੱਗਣ ਦੇ ਰੂਪ 'ਚ ਸਭ ਦੇ ਸਾਹਮਣੇ ਹੈ। ਹਾਲਾਂਕਿ, ਕੰਪੈਕਟਰ ਲਾਉਣ ਵਾਲੀ ਕੰਪਨੀ ਨੂੰ ਹੀ ਕੂੜਾ ਚੁੱਕਣ ਦੀ ਜ਼ਿੰਮੇਵਾਰੀ ਦੇਣ ਦੀ ਵਜ?ਹਾ ਨਾਲ ਅਲਾਇੰਸ ਕੰਪਨੀ ਦੀ ਨਗਰ ਨਿਗਮ ਤੋਂ




ਛੁੱਟੀ ਹੋ ਗਈ ਸੀ ਪਰ ਹੁਣ ਓ. ਐਂਡ ਐੱਮ. ਸੈੱਲ ਦੇ ਅਫਸਰਾਂ ਨੇ 'ਮੋਟੀ ਸੈਟਿੰਗ' ਕਰ ਕੇ ਫਿਰ ਤੋਂ ਅਲਾਇੰਸ ਕੰਪਨੀ ਦੀ ਨਗਰ ਨਿਗਮ 'ਚ ਐਂਟਰੀ ਕਰਵਾ ਦਿੱਤੀ ਹੈ। ਇਸ ਤਹਿਤ ਕੰਪਨੀ ਨੂੰ ਕੂੜਾ ਚੁੱਕਣ ਦੇ ਤਜਰਬੇ ਦਾ ਹਵਾਲਾ ਦਿੰਦੇ ਹੋਏ, ਉਸ ਨੂੰ ਕਰੋੜਾਂ ਦੀ ਲਾਗਤ ਨਾਲ ਗੋਹਾ ਚੁੱਕਣ ਦਾ ਟੈਂਡਰ ਜਾਰੀ ਕਰ ਦਿੱਤਾ ਗਿਆ ਹੈ ਪਰ ਅਲਾਇੰਸ ਕੰਪਨੀ ਕੂੜੇ ਵਾਂਗ ਗੋਹੇ ਦੀ ਲਿਫਟਿੰਗ 'ਚ ਵੀ ਫੇਲ ਸਾਬਤ ਹੋਈ ਹੈ। ਇਸ ਦਾ ਖੁਲਾਸਾ ਸੰਤ ਸੀਚੇਵਾਲ ਵੱਲੋਂ ਤਾਜਪੁਰ ਰੋਡ ਤੋਂ ਬਾਅਦ ਹੈਬੋਵਾਲ ਡੇਅਰੀ ਕੰਪਲੈਕਸ 'ਚ ਕੀਤੀ ਚੈਕਿੰਗ ਦੌਰਾਨ ਹੋਇਆ ਹੈ, ਉੱਥੇ ਕੰਪਨੀ ਵੱਲੋਂ ਗੋਹਾ ਸਹੀ ਤਰੀਕੇ ਨਾਲ ਨਾ ਚੁੱਕਣ ਕਾਰਨ, ਵੱਡੀ ਮਾਤਰਾ 'ਚ ਗੋਹਾ ਪਲਾਂਟ ਤੱਕ ਪਹੁੰਚ ਗਿਆ, ਜਿਸ ਨਾਲ ਈ. ਟੀ. ਪੀ. ਪਲਾਂਟ ਫੇਲ ਹੋ ਗਿਆ ਹੈ ਅਤੇ ਗੋਬਰ ਸਿੱਧਾ ਬੁੱਢੇ ਨਾਲੇ 'ਚ ਡਿੱਗ ਰਿਹਾ ਹੈ। ਸੰਤ ਸੀਚੇਵਾਲ ਵੱਲੋਂ ਬਲੌਂਕੇ ਐੱਸ. ਟੀ. ਪੀ. ਨਜ਼ਦੀਕ ਉਸ ਪੁਆਇੰਟ ਦਾ ਵੀ ਦੌਰਾ ਕੀਤਾ ਗਿਆ, ਜਿੱਥੇ ਮੇਨ ਲਾਈਨ ਦੇ ਮੈਨਹੋਲ 'ਚ ਲੀਕੇਜ ਹੋਣ ਕਾਰਨ ਸੀਵਰੇਜ ਦਾ ਪਾਣੀ ਕਈ ਦਿਨਾਂ ਤੋਂ ਸਿੱਧਾ ਬੁੱਢੇ ਨਾਲੇ 'ਚ ਡਿੱਗ ਰਿਹਾ ਹੈ। ਇਸ ਸਮੱਸਿਆ ਦਾ ਹੱਲ ਨਾ ਕਰਨ ਅਤੇ ਤਸੱਲੀਬਖਸ਼ ਜਵਾਬ ਨਾ ਦੇਣ 'ਤੇ ਸੰਤ ਸੀਚੇਵਾਲ ਨੇ ਨਗਰ ਨਿਗਮ ਤੋਂ ਇਲਾਵਾ ਸੀਵਰੇਜ ਬੋਰਡ ਅਤੇ ਪੀ. ਪੀ. ਸੀ. ਬੀ. ਦੇ ਅਫਸਰਾਂ 'ਤੇ ਭੜਾਸ ਕੱਢੀ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗ ਇਕ-ਦੂਜੇ ਦੇ ਪਾਲੇ 'ਚ ਗੇਂਦ ਸੁੱਟ ਰਹੇ ਹਨ, ਜਦੋਂਕਿ ਬੁੱਢੇ ਨਾਲੇ ਦੇ ਪ੍ਰਦੂਸ਼ਣ ਦੇ ਮਾਮਲੇ 'ਚ ਉਨ੍ਹਾਂ ਦੀ ਜਵਾਬਦੇਹੀ ਤੈਅ ਕਰਨ ਲਈ ਸਰਕਾਰ ਨੂੰ ਸਿਫਾਰਿਸ਼ ਕੀਤੀ ਜਾਵੇਗੀ।